ਕੌਮਾਂਤਰੀ www.amritsartimes.com

# ਅੰਮ੍ਰਿਤਸਰ ਟਾਈਮਜ਼

QUOMANTRY AMRITSAR TIMES

West/East Coast Edition | Volume 24 | Issue 246| 23 to 29 Sept. 2026 | Ph.: (510) 240-5949 | Email: asrtimes@gmail.com





**ਅੰਮ੍ਰਿਤਸਰ ਟਾਈਮਜ਼ ਬਿਊਰੋ**

ਚੰਦਰਮਾ ਦੀ ਸੀਤਲ ਚਾਨਣੀ ਵੀ ਉਨ੍ਹਾਂ ਮਾਪਿਆਂ ਨੂੰ ਉਦੋਂ ਗਰਮ ਸੂਲਾਂ ਵਾਂਗ ਚੁਭਦੀ ਹੈ, ਜਦੋਂ ਵਿਹੜੇ ਵਿੱਚ ਨਸ਼ੇ ਦੀ ਓਵਰਡੋਜ਼ ਕਾਰਨ ਮਰੇ ਇਕਲੌਤੇ ਭਰ ਜਵਾਨ ਪੁੱਤਰ ਦੀ ਲਾਸ਼ ਪਈ ਹੋਵੇ। ਨਸ਼ੇ ਦੇ ਜ਼ਹਿਰੀਲੇ ਡੰਗ ਕਾਰਨ ਇੱਕ ਭੈਣ, ਧੀ ਤੇ ਇੱਕ ਮਾਂ ਦੇ ਰੂਪ ਵਿੱਚ ਔਰਤ ਸਭ ਤੋਂ ਵੱਧ ਪੀੜਤ ਹੈ। ਜਿਹੜੇ ਮਾਪਿਆਂ ਦਾ ਇਕਲੌਤਾ ਪੁੱਤ ਨਸ਼ਿਆਂ ਦੀ ਦਲਦਲ ਵਿੱਚ ਧਸ ਕੇ ਸਿਵਿਆਂ ਦੇ ਰਾਹ ਪਿਆ ਹੈ, ਉਨ੍ਹਾਂ ਦੀ ਮਾਨਸਿਕ, ਸਰੀਰਕ, ਆਰਥਿਕ ਅਤੇ ਪਰਿਵਾਰਕ ਹਾਲਤ ਕੱਖਾਂ ਤੋਂ ਹੌਲੀ ਅਤੇ ਪਾਣੀਓਂ ਪਤਲੀ ਹੁੰਦੀ ਹੈ। ਅਣ-ਵਿਆਹੇ ਨੌਜਵਾਨ ਦੀ ਲਾਸ਼ 'ਤੇ ਖ਼ੂਨ ਦੇ ਅੱਥਰੂ ਵਹਾਉਂਦਿਆਂ ਜਦੋਂ ਭੈਣ ਲਾਸ਼ ਬਣੇ ਵੀਰ ਦੇ ਚਿਹਰੇ 'ਤੇ ਸਿਹਰਾ ਬੰਨ੍ਹਦੀ ਹੈ, ਉਹ ਦਰਦਮਈ ਦ੍ਰਿਸ਼ ਪੱਥਰਾਂ ਨੂੰ ਵੀ ਰੁਆਉਣ ਵਾਲਾ ਹੁੰਦਾ ਹੈ। ਉਨ੍ਹਾਂ ਸੱਜ ਵਿਆਹੀਆਂ ਦੇ ਦੁੱਖਾਂ ਦੀ ਥਾਹ ਕੌਣ ਪਾਵੇਗਾ ? ਜਿਨ੍ਹਾਂ ਦੇ ਬਾਂਹੀਂ ਪਾਇਆ ਹੋਇਆ ਸ਼ਗਨਾਂ ਦਾ ਚੂੜਾ ਉਤਾਰਨ ਦੀ ਰਸਮ ਹੋਣ ਤੋਂ ਪਹਿਲਾਂ ਹੀ ਉਨ੍ਹਾਂ ਦੇ ਪਤੀ ਦੀ ਨਸ਼ੇ ਕਾਰਨ ਮੌਤ ਹੋ ਜਾਂਦੀ ਹੈ। ਭਰ ਜਵਾਨੀ ਵਿੱਚ ਵਿਧਵਾ ਹੋਈਆਂ ਇਹ ਮੁਟਿਆਰਾਂ ਡੌਰ ਭੌਰ ਹੋਈਆਂ ਗੁੰਮ ਸੁੰਮ ਹੋ ਜਾਂਦੀਆਂ ਹਨ। ਕਿਸੇ ਬਾਲ ਬੱਚੇਦਾਰ ਨੌਜਵਾਨ ਦੀ ਨਸ਼ੇ ਕਾਰਨ ਹੋਈ ਮੌਤ ਤੋਂ ਬਾਅਦ ਆਪਣੇ ਮੋਢਿਆਂ 'ਤੇ ਸਕੂਲੀ ਬੈਗ ਲਟਕਾਈ ਮਾਸੂਮ ਬੱਚਿਆਂ ਦਾ ਆਪਣੇ ਲਾਸ਼ ਬਣੇ ਪਿਤਾ ਨੂੰ ਹਲੂਣ ਕੇ ਕਹਿਣਾ, 'ਪਾਪਾ, ਮੈਨੂੰ ਸਕੂਲ ਛੱਡ ਆਉ!' ਅਜਿਹੇ ਦਿਲ ਕੰਬਾਊ ਦ੍ਰਿਸ਼ ਵੇਖ ਕੇ ਘਰ ਦੀਆਂ ਕੰਧਾਂ ਵੀ ਰੋਣ ਲੱਗਦੀਆਂ ਹਨ।

ਇਹ ਸੱਚਾਈ ਹੈ ਕਿ ਪੰਜਾਬ ਵਿੱਚ ਕੁਝ ਹੱਦ ਤੱਕ ਨਸ਼ਾ ਪ੍ਰਚਲਿਤ ਹੈ ਪਰ ਨਸ਼ੇ ਕਾਰਨ ਕੌਮੀ ਪੱਧਰ 'ਤੇ ਕੁਝ ਪੰਜਾਬ ਵਿਰੋਧੀ ਤਾਕਤਾਂ ਵੱਲੋਂ ਪੰਜਾਬ ਦੀ ਬਦਨਾਮੀ ਬਹੁਤ ਕੀਤੀ ਜਾਂਦੀ ਹੈ। ਪੰਜਾਬ ਦੇ ਅਨੇਕਾਂ ਆਗੂ ਇਹ ਕਹਿੰਦੇ ਹਨ ਕਿ ਗੁਜਰਾਤ ਦੀਆਂ ਬੰਦਰਗਾਹਾਂ 'ਤੇ ਹਰ ਦਿਨ ਨਸ਼ੇ ਦੀਆਂ ਖੇਪਾਂ ਉੱਤਰਦੀਆਂ ਹਨ ਪਰ ਉਨ੍ਹਾਂ ਦੀ ਖ਼ਬਰ ਮੀਡੀਆ ਵਿੱਚ ਨਹੀਂ ਆਉਂਦੀ, ਜਦੋਂ ਕਿ ਪੰਜਾਬ ਵਿੱਚ ਜੇ ਕੋਈ ਵਿਅਕਤੀ ਅਫ਼ੀਮ ਵਰਗਾ ਨਸ਼ਾ ਵੀ ਕਰਦਾ ਹੋਵੇ ਤਾਂ ਵੀ ਉਸ ਦੀ ਨਸ਼ਾ ਕਰਦੇ ਦੀ ਤਸਵੀਰ ਅਤੇ ਖ਼ਬਰ ਅਕਸਰ ਕੌਮੀ ਮੀਡੀਆ ਦੀ ਸੁਰਖ਼ੀ ਬਣ ਜਾਂਦੀ ਹੈ। ਪੰਜਾਬ ਵਿੱਚ ਅਜੇ ਵੀ ਵੱਡੀ ਗਿਣਤੀ ਲੋਕ ਅਜਿਹੇ ਹਨ, ਜੋ ਕਿ ਨਸ਼ੇ ਤੋਂ ਪੂਰੀ ਤਰ੍ਹਾਂ ਦੂਰ ਹਨ। ਪੰਜਾਬ ਵਿੱਚ ਅਜਿਹੇ ਵੀ ਲੋਕ ਹਨ ਜੋ ਕਿ ਚਿੱਟੇ ਨੂੰ ਤਾਂ ਨਸ਼ਾ ਮੰਨਦੇ ਹਨ ਪਰ ਉਹ ਸ਼ਰਾਬ, ਅਫ਼ੀਮ, ਤੰਬਾਕੂ, ਬੀੜੀ ਸਿਗਰਟ ਅਤੇ ਜ਼ਰਦੇ ਨੂੰ ਨਸ਼ਾ ਹੀ ਨਹੀਂ ਮੰਨਦੇ।

ਸਾਲ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਨੇੜੇ ਆਉਂਦਿਆਂ ਹੀ ਇੱਕ ਵਾਰ ਫਿਰ ਸੂਬੇ ਦੇ ਸਿਆਸੀ ਅਖਾੜੇ ਵਿੱਚ ਨਸ਼ੇ ਦਾ ਮੁੱਦਾ ਗਰਮਾਉਣ ਲੱਗ ਪਿਆ ਹੈ। ਸਾਰੀਆਂ ਸਿਆਸੀ ਧਿਰਾਂ ਆਪੋ-ਆਪਣੇ ਦਾਅ ਪੇਚ ਅਜ਼ਮਾ ਰਹੀਆਂ ਹਨ। ਭਾਰਤੀ ਜਨਤਾ ਪਾਰਟੀ ਨੇ ਸਾਰੀਆਂ 117 ਸੀਟਾਂ 'ਤੇ ਇਕੱਲਿਆਂ ਲੜਨ ਦਾ ਐਲਾਨ ਕਰਦਿਆਂ 'ਭਾਜਪਾ ਦਾ ਨਾਅਰਾ, ਨਸ਼ਾ ਮੁਕਾਉਣਾ ਸਾਰਾ' ਦੇ ਨਾਂਅ ਹੇਠ 'ਨਸ਼ਾ ਮੁਕਤ ਪੰਜਾਬ' ਯਾਤਰਾ ਛੋਹ ਲਈ ਹੈ। ਚਾਰ ਹਜ਼ਾਰ ਕਿਲੋਮੀਟਰ ਦਾ ਸਫ਼ਰ ਤੈਅ ਕਰਕੇ ਇਹ ਯਾਤਰਾ ਜਲੰਧਰ ਵਿਖੇ ਵੱਡੀ ਰੈਲੀ ਨਾਲ ਸਮਾਪਤ ਹੋਣੀ ਹੈ। ਦੂਜੇ ਪਾਸੇ ਕਾਂਗਰਸ ਪਾਰਟੀ ਵੀ ਪਿੱਛੇ ਨਹੀਂ ਹੈ। ਮਜ਼ਦੂਰ ਗੁਲਜ਼ਾਰ ਸਿੰਘ ਵੱਲੋਂ ਮੰਤਰੀ ਨੂੰ ਨਸ਼ਿਆਂ ਬਾਰੇ ਸਵਾਲ ਪੁੱਛਣ ਤੋਂ ਬਾਅਦ ਕੀਤੀ ਖ਼ੁਦਕੁਸ਼ੀ ਦੇ ਮਾਮਲੇ 'ਤੇ ਕਾਂਗਰਸ ਸੜਕਾਂ 'ਤੇ ਉੱਤਰ ਕੇ ਧਰਨੇ ਮਾਰ ਰਹੀ ਹੈ। ਉੱਧਰ ਅਕਾਲੀ ਦਲ (ਵਾਰਿਸ ਪੰਜਾਬ ਦੇ) ਦੇ ਆਗੂ ਰੱਖੜ ਪੁੰਨਿਆ ਦੀਆਂ ਸਟੇਜਾਂ ਤੋਂ ਇਸ ਕੋਹੜ ਵਿਰੁੱਧ 'ਵ੍ਹਾਈਟ ਪੇਪਰ' ਲਿਆਉਣ ਦੇ ਵਾਅਦੇ ਕਰ ਰਹੇ ਹਨ। ਸਵਾਲ ਇਹ ਹੈ ਕਿ ਕੀ ਇਹ ਸਭ ਸੱਚਮੁੱਚ ਪੰਜਾਬ ਦਾ ਦਰਦ ਹੈ ਜਾਂ ਸਿਰਫ਼ ਵੋਟਾਂ ਬਟੋਰਨ ਦੀ ਕਵਾਇਦ ? ਇਸ ਤਰ੍ਹਾਂ ਨਸ਼ੇ ਦਾ ਮਾਮਲਾ ਪੰਜਾਬ ਵਿੱਚ ਸਰਗਰਮ ਸਿਆਸੀ ਪਾਰਟੀਆਂ ਵੱਡਾ ਸਿਆਸੀ ਮੁੱਦਾ ਬਣ ਗਿਆ ਹੈ। ਸਿਆਸੀ ਆਗੂਆਂ ਵੱਲੋਂ ਨਸ਼ੇ ਕਾਰਨ ਮਰਦੇ ਨੌਜਵਾਨਾਂ ਦੇ ਘਰ ਜਾ ਕੇ ਦੁੱਖ ਪ੍ਰਗਟਾਇਆ ਜਾ ਰਿਹਾ ਹੈ ਅਤੇ ਆਪਣੀ ਹਮਦਰਦੀ ਦਿਖਾਉਣ ਦੇ ਬਹਾਨੇ ਵੋਟਾਂ ਪੱਕੀਆਂ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ।

ਪੰਜਾਬ ਵਿੱਚ ਇਸ ਸਮੇਂ ਨਸ਼ਾ ਵੱਡੀ ਸਮੱਸਿਆ ਬਣਿਆ ਹੋਇਆ ਹੈ। ਪੰਜਾਬ ਸਰਕਾਰ ਅਤੇ ਪੁਲਿਸ ਵੱਲੋਂ ਹਰ ਦਿਨ ਹੀ ਨਸ਼ਾ ਅਤੇ ਨਸ਼ੇ ਦੇ ਤਸਕਰਾਂ ਨੂੰ ਕਾਬੂ ਕਰਨ ਦਾ ਦਾਅਵਾ ਕੀਤਾ ਜਾਂਦਾ ਹੈ ਪਰ ਇਸ ਦੇ ਬਾਵਜੂਦ ਪੰਜਾਬ ਵਿਚੋਂ ਅਜੇ ਨਸ਼ਾ ਪੂਰੀ ਤਰ੍ਹਾਂ ਖਤਮ ਨਹੀਂ ਹੋਇਆ। ਆਮ ਆਦਮੀ ਪਾਰਟੀ ਦੇ ਆਗੂਆਂ ਨੇ ਸਾਲ 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਪੰਜਾਬੀਆਂ ਨਾਲ ਪੰਜਾਬ ਨੂੰ ਨਸ਼ਾ ਮੁਕਤ ਕਰਨ ਦਾ ਵਾਅਦਾ ਕੀਤਾ ਸੀ ਪਰ ਇਹ ਸਰਕਾਰ ਆਪਣੇ ਇਸ ਵਾਅਦੇ ਨੂੰ ਅਜੇ ਤੱਕ ਪੂਰਾ ਨਹੀਂ ਕਰ ਸਕੀ। ਨਸ਼ਾ ਤਸਕਰਾਂ, ਸਿਆਸੀ ਨੇਤਾਵਾਂ ਅਤੇ ਪੁਲਿਸ ਦੇ ਗੱਠਜੋੜ ਬਾਰੇ ਤਾਂ ਮਾਣਯੋਗ ਹਾਈਕੋਰਟ ਵੀ ਟਿੱਪਣੀ ਕਰ ਚੁੱਕੀ ਹੈ। ਅਨੇਕਾਂ ਸਿਆਸੀ ਆਗੂਆਂ 'ਤੇ ਨਸ਼ਾ ਸਮਗਲਰਾਂ ਨਾਲ ਸਾਂਝ ਦੇ ਦੋਸ਼ ਵੀ ਅਕਸਰ ਲੱਗਦੇ ਰਹਿੰਦੇ ਹਨ। ਕਈ ਸਾਲ ਪਹਿਲਾਂ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ, ਜੋ ਉਦੋਂ ਕਾਂਗਰਸ ਵਿੱਚ ਹੁੰਦੇ ਸਨ, ਨੇ ਇੱਕ ਰੈਲੀ ਵਿੱਚ 'ਪਵਿੱਤਰ ਗੁਟਕਾ ਸਾਹਿਬ' ਫ਼ੜ ਕੇ ਪੰਜਾਬੀਆਂ ਸਾਹਮਣੇ ਸਹੁੰ ਖਾਧੀ ਸੀ ਕਿ ਜੇ ਪੰਜਾਬ ਵਿੱਚ ਕਾਂਗਰਸ ਸਰਕਾਰ ਬਣ ਗਈ ਤਾਂ ਉਹ ਸਿਰਫ਼ ਚਾਰ ਹਫ਼ਤਿਆਂ ਵਿੱਚ ਪੰਜਾਬ ਵਿਚੋਂ ਨਸ਼ਾ ਖਤਮ ਕਰ ਦੇਣਗੇ। ਪੰਜਾਬੀਆਂ ਨੇ ਕੈਪਟਨ ਅਮਰਿੰਦਰ ਸਿੰਘ 'ਤੇ ਭਰੋਸਾ ਕਰਦਿਆਂ ਪੰਜਾਬ ਵਿੱਚ ਕਾਂਗਰਸ ਨੂੰ ਵੋਟਾਂ ਪਾ ਕੇ ਪੰਜਾਬ ਦੀ ਸੱਤਾ ਸੌਂਪ ਦਿੱਤੀ ਸੀ ਪਰ ਮੁੱਖ ਮੰਤਰੀ ਦੀ ਗੱਦੀ 'ਤੇ ਬੈਠਦਿਆਂ ਹੀ ਕੈਪਟਨ ਅਮਰਿੰਦਰ ਸਿੰਘ ਨੂੰ ਨਸ਼ੇ ਨੂੰ ਖਤਮ ਕਰਨ ਵਾਲਾ ਵਾਅਦਾ ਭੁੱਲ ਗਿਆ ਅਤੇ ਨਸ਼ਾ ਪਹਿਲਾਂ ਨਾਲੋਂ ਵੀ ਵਧੇਰੇ ਪ੍ਰਚਲਿਤ ਹੋ ਗਿਆ। ਇੱਕ ਸਰਵੇਖਣ ਵਿੱਚ ਇਹ ਗੱਲ ਸਾਹਮਣੇ ਆਈ ਹੈ ਕਿ ਸਾਡੇ ਹੱਡੀਆਂ ਦਾ ਮੁੱਠ ਬਣੇ ਗੱਭਰੂ ਸਾਢੇ ਤੇਰਾਂ ਕਰੋੜ ਦਾ ਚਿੱਟਾ ਹਰ ਰੋਜ਼ ਪੀ ਜਾਂਦੇ ਹਨ, ਤੇਰਾਂ ਕਰੋੜ ਦੀ ਸ਼ਰਾਬ ਪੀ ਕੇ ਪੰਜਾਬੀ ਹੱਥਲ਼ ਹੋ ਰਹੇ ਹਨ ਅਤੇ 50 ਕਰੋੜ ਰੋਜ਼ਾਨਾ ਪਰਵਾਸ ਦੇ ਲੇਖੇ ਲੱਗ ਰਿਹਾ ਹੈ। ਇਕਲੌਤੇ ਪੁੱਤ ਨੂੰ 15-20 ਲੱਖ ਦਾ ਜੁਗਾੜ ਫ਼ਿਟ ਕਰਕੇ ਵਿਦੇਸ਼ ਭੇਜਣ ਵਾਲੇ ਮਾਪੇ ਹੌਕਾ ਭਰ ਕੇ ਸੋਚਦੇ ਹਨ, 'ਅੱਖਾਂ ਤੋਂ ਦੂਰ ਸਹੀ, ਨਸ਼ਿਆਂ ਦੀ ਮਾਰ ਤੋਂ ਬਚਿਆ ਤਾਂ ਰਹੂ। ਇੱਧਰ ਰਿਹਾ ਤਾਂ ਹੋਰਾਂ ਮੁੰਡਿਆਂ ਵਾਂਗ ਸਿਵਿਆਂ ਦੇ ਰਾਹ ਨਾ ਪੈ ਜਾਵੇ।'

(ਬਾਕੀ ਸਫ਼ਾ 26 'ਤੇ)

## ਕਦੋਂ ਹੱਲ ਹੋਣਗੇ ਪੰਜਾਬ ਦੇ ਮੁੱਖ ਮਸਲੇ ?

ਪੰਜਾਬ ਵਿੱਚ ਇਸ ਸਮੇਂ ਨਸ਼ੇ ਦੀ ਮੁੱਖ ਸਮੱਸਿਆ ਤੋਂ ਇਲਾਵਾ ਦਰਿਆਈ ਪਾਣੀਆਂ ਦਾ ਮਸਲਾ, ਹਰ ਸਾਲ ਆਉਂਦੇ ਹੜ੍ਹ, ਪੀਣ ਵਾਲੇ ਪਾਣੀ ਦੀ ਘਾਟ, ਧਰਤੀ ਹੇਠਲੇ ਪਾਣੀ ਦਾ ਖਤਮ ਹੁੰਦੇ ਜਾਣਾ, ਦੂਜੇ ਦੇਸ਼ਾਂ ਨੂੰ ਹੁੰਦਾ ਪੰਜਾਬੀਆਂ ਦਾ ਪਰਵਾਸ, ਦੂਜੇ ਰਾਜਾਂ ਤੋਂ ਪੰਜਾਬ ਵਿੱਚ ਹੋ ਰਿਹਾ ਆਵਾਸ, ਮਹਿੰਗਾਈ, ਭ੍ਰਿਸ਼ਟਾਚਾਰ, ਬੇਰੁਜ਼ਗਾਰੀ, ਹਰ ਤਰ੍ਹਾਂ ਦਾ ਪ੍ਰਦੂਸ਼ਣ, ਖ਼ੂਨ ਪੀਣੀਆਂ ਸੜਕਾਂ, ਹਾਦਸਿਆਂ ਦਾ ਕਾਰਨ ਬਣਦੇ ਓਵਰਲੋਡ ਵਾਹਨ, ਦੂਜੇ ਰਾਜਾਂ ਅਤੇ ਵਿਦੇਸ਼ਾਂ ਵਿੱਚ ਪੰਜਾਬੀਆਂ ਉੱਪਰ ਹੋ ਰਹੇ ਹਮਲੇ, ਗੈਂਗਸਟਰਵਾਦ, ਅਮਨ ਕਾਨੂੰਨ ਦੀ ਗੰਭੀਰ ਹੁੰਦੀ ਸਥਿਤੀ, ਚੋਰੀ ਅਤੇ ਝਪਟਮਾਰੀ ਦੀਆਂ ਵੱਧ ਰਹੀਆਂ ਘਟਨਾਵਾਂ, ਮੰਡੀਆਂ ਵਿੱਚ ਕਿਸਾਨਾਂ ਦੀਆਂ ਰੁਲਦੀਆਂ ਫ਼ਸਲਾਂ, ਜ਼ਹਿਰੀਲੀ ਹੋ ਰਹੀ ਪੰਜਾਬ ਦੀ ਧਰਤੀ, ਫ਼ਲਾਂ ਅਤੇ ਸਬਜ਼ੀਆਂ ਨੂੰ ਜ਼ਹਿਰੀਲੇ ਕੈਮੀਕਲ ਨਾਲ ਪਕਾਉਣਾ, ਨਕਲੀ ਅਤੇ ਗ਼ੈਰ ਮਿਆਰੀ ਮਿਠਾਈਆਂ, ਨਕਲੀ ਦਵਾਈਆਂ ਅਤੇ ਹੋਰ ਬਹੁਤ ਸਾਰੇ ਮੁੱਖ ਮਸਲੇ ਹਨ, ਜਿਨ੍ਹਾਂ ਦੇ ਹੱਲ ਲਈ ਨਾ ਤਾਂ ਸਰਕਾਰ ਕੋਈ ਧਿਆਨ ਦੇ ਰਹੀ ਹੈ ਤੇ ਨਾ ਹੀ ਵਿਰੋਧੀ ਸਿਆਸੀ ਪਾਰਟੀਆਂ ਕੋਈ ਆਵਾਜ਼ ਉਠਾ ਰਹੀਆਂ ਹਨ।

ਸਿਆਸੀ ਪਾਰਟੀਆਂ ਵੱਲੋਂ ਸਿਰਫ਼ ਨਸ਼ੇ ਨੂੰ ਹੀ 'ਚੋਣ ਮੁੱਦਾ' ਬਣਾਇਆ ਜਾ ਰਿਹਾ ਹੈ, ਜਿਸ ਦਾ ਇੱਕੋ ਇੱਕ ਮਕਸਦ ਅਗਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਪੰਜਾਬੀਆਂ ਦੀਆਂ ਵੋਟਾਂ ਲੈ ਕੇ ਆਪਣੀ ਸਰਕਾਰ ਬਣਾਉਣਾ ਹੈ।

## ਢਾਈ ਦਹਾਕਿਆਂ ਦੌਰਾਨ ਨਸ਼ਾ ਤਸਕਰੀ ਦੇ ਕਰੀਬ 2.46 ਲੱਖ ਕੇਸ ਦਰਜ

ਪਿਛਲੇ ਕੁਝ ਵਰ੍ਹਿਆਂ 'ਚ ਪੰਜਾਬ ਐੱਨ ਡੀ ਪੀ ਐੱਸ ਕੇਸਾਂ ਦੇ ਮਾਮਲੇ 'ਚ ਸਮੁੱਚੇ ਦੇਸ਼ 'ਚੋਂ ਦੂਜੇ ਜਾਂ ਤੀਜੇ ਨੰਬਰ 'ਤੇ ਰਿਹਾ ਹੈ। ਪੰਜਾਬ 'ਚ ਐੱਨ ਡੀ ਪੀ ਐੱਸ ਦੇ ਕੇਸਾਂ ਦਾ ਅੰਕੜਾ ਵੀ ਸਿਖਰ ਛੋਹਦਾ ਰਿਹਾ ਹੈ ਪਰ ਓਵਰਡੋਜ਼ ਨਾਲ ਮੌਤਾਂ 'ਚ ਵੀ ਵੱਡੀ ਕਮੀ ਨਹੀਂ ਆਈ। ਪੰਜਾਬ 'ਚ ਬੀਤੇ ਢਾਈ ਦਹਾਕਿਆਂ ਦੌਰਾਨ ਨਸ਼ਾ ਤਸਕਰੀ ਦੇ ਕਰੀਬ 2.46 ਲੱਖ ਕੇਸ ਦਰਜ ਹੋਏ ਹਨ। ਹੁਣ ਜਦੋਂ ਪੰਜਾਬ 'ਚ ਚੋਣਾਂ ਬਰੂਹਾਂ 'ਤੇ ਹਨ ਤਾਂ ਹਰ ਸਿਆਸੀ ਧਿਰ ਨਸ਼ੇ ਦੇ ਮੁੱਦੇ ਨੂੰ ਉਛਾਲ ਰਹੀ ਹੈ। ਸੱਤਾਧਾਰੀ ਧਿਰ 'ਯੁੱਧ ਨਸ਼ਿਆਂ ਵਿਰੁੱਧ' ਦੀ ਪ੍ਰਾਪਤੀ ਦਾ ਗੁਣਗਾਨ ਕਰ ਰਹੀ ਹੈ ਜਦਕਿ ਵਿਰੋਧੀ ਧਿਰਾਂ ਨਸ਼ਿਆਂ ਨਾਲ ਹੋ ਰਹੀਆਂ ਮੌਤਾਂ ਦਾ ਅੰਕੜਾ ਦਿਖਾ ਕੇ ਘੇਰਾਬੰਦੀ ਕਰ ਰਹੀਆਂ ਹਨ।




ਅਜਿਹਾ ਚੌਥੀ ਵਾਰ ਹੋਵੇਗਾ ਜਦੋਂ ਵਿਧਾਨ ਸਭਾ ਚੋਣਾਂ 'ਚ ਨਸ਼ਿਆਂ ਦਾ ਮੁੱਦਾ ਭਾਰੂ ਰਹੇਗਾ। ਜਨਵਰੀ 2002 ਤੋਂ ਹੁਣ ਤੱਕ ਸੂਬੇ 'ਚ ਐੱਨ ਡੀ ਪੀ ਐੱਸ ਐਕਟ ਤਹਿਤ 2,45,995 ਕੇਸ ਦਰਜ ਹੋ ਚੁੱਕੇ ਹਨ। ਜਦੋਂ ਅਮਰਿੰਦਰ ਸਰਕਾਰ ਦੀ ਪਹਿਲੀ ਪਾਰੀ (2002-07) ਸੀ ਤਾਂ ਪੰਜ ਵਰ੍ਹਿਆਂ 'ਚ ਐੱਨ ਡੀ ਪੀ ਐੱਸ ਐਕਟ ਤਹਿਤ 15,990 ਕੇਸ ਦਰਜ ਹੋਏ ਸਨ ਜੋ ਪ੍ਰਤੀ ਦਿਨ ਔਸਤਨ 9 ਕੇਸ ਬਣਦੇ ਹਨ। ਉਸ ਮਗਰੋਂ ਅਕਾਲੀ-ਭਾਜਪਾ ਗੱਠਜੋੜ ਦੀ ਹਕੂਮਤ (2007-2012) ਦੌਰਾਨ ਕੇਸਾਂ ਦਾ ਅੰਕੜਾ ਇਕਦਮ ਵਧ ਕੇ 27,348 ਹੋ ਗਿਆ ਸੀ। ਇਸ ਸਮੇਂ ਦੌਰਾਨ ਪ੍ਰਤੀ ਦਿਨ ਔਸਤਨ 15 ਕੇਸ ਦਰਜ ਹੁੰਦੇ ਰਹੇ। ਗੱਠਜੋੜ ਦੀ ਅਗਲੀ ਪਾਰੀ (2012-2017) ਦੌਰਾਨ ਅੰਕੜਾ ਦੁੱਗਣਾ ਹੋ ਗਿਆ, ਭਾਵ ਇਨ੍ਹਾਂ ਪੰਜ ਸਾਲਾਂ 'ਚ 55,402 ਕੇਸ ਦਰਜ ਕੀਤੇ ਗਏ। ਕੈਪਟਨ ਅਮਰਿੰਦਰ ਸਿੰਘ ਦੀ ਦੂਜੀ ਪਾਰੀ (2017-22) ਦੌਰਾਨ 52,427 ਕੇਸ ਦਰਜ ਹੋਏ ਸਨ ਜੋ ਪ੍ਰਤੀ ਦਿਨ ਔਸਤਨ 29 ਕੇਸ ਬਣਦੇ ਸਨ। ਮੌਜੂਦਾ 'ਆਪ' ਸਰਕਾਰ ਨੇ ਹੁਣ ਤੱਕ 94,828 ਕੇਸ ਐੱਨ ਡੀ ਪੀ ਐੱਸ ਐਕਟ ਤਹਿਤ ਦਰਜ ਕੀਤੇ ਹਨ ਜੋ ਪ੍ਰਤੀ ਦਿਨ ਔਸਤਨ 58 ਕੇਸ ਬਣਦੇ ਹਨ।


WHOLE HOME SOLAR & BATTERY
STARTING AT $25,000
For a standard 5kW Solar & 14kWh Battery system
Roof or main panel upgrades not included
Clear & Up-Front Pricing
High-Efficiency Components
Permits and Utility Approvals Included
Protect Existing NEM 2.0
(Via Non-Export Configuration)
CALL HARRY FOR A QUOTE | (925) 537-2732
Harkaran Singh (HIS Registration #167489 SP) AUTHORIZED REPRESENTATIVE FOR TSP SOLAR SALES AND SERVICES (DBA TSP ROOFING AND SOLAR)
CSLB Contractor License #1096233 • C-10 Electrical, C-39 Roofing, B-General Building
Pricing & offer details vary by location & applicant.

### ਚਾਵਲਾ ’ਤੇ ਬਲਾਤਕਾਰ ਦੇ ਦੋਸ਼ ਦਾ ਮਾਮਲਾ

# ਜਥੇਦਾਰ ਗੜਗੱਜ ਦੇ ਫ਼ੈਸਲੇ ’ਤੇ ਗਰਮਾਈ ਸਿਆਸਤ

**ਕੀ ਦੋ ਆਗੂਆਂ ਨੂੰ ਬਾਹਰ ਕੱਢਣ ਨਾਲ ਦੂਰ ਹੋਵੇਗਾ ਪ੍ਰਬੰਧਕੀ ਨਿਘਾਰ ?**

**ਪੀੜਤ ਮਹਿਲਾ ਦੇ ਸੰਗੀਨ ਦੋਸ਼: ਫ਼ਰਵਰੀ ਤੋਂ ਅਗਸਤ ਤੱਕ ਸਰਾਂ ’ਚ ਬੰਧਕ ਬਣਾ ਕੇ ਕੀਤਾ ਗਿਆ ਬਲਾਤਕਾਰ**

**ਚਾਵਲਾ ਦਾ ਕੈਨੇਡਾ ਤੋਂ ਪੱਖ ਕਿ ਚੋਣਾਂ ਕਾਰਨ ਰਚੀ ਗਈ ਸਿਆਸੀ ਸਾਜਿਸ਼, ਬਿਨਾਂ ਪੱਖ ਸੁਣੇ ਸੁਣਾਇਆ ਗਿਆ ਫ਼ੈਸਲਾ**

**ਕੀ ਸਾਬਕਾ ਜਥੇਦਾਰ ਨੂੰ ਫਸਾਉਣ ਦੀ ਰਚੀ ਗਈ ਸੀ 25 ਲੱਖ ਦੀ ਸਾਜਿਸ਼ ?**

**ਐੱਫ.ਆਈ.ਆਰ. ਦੇ ਹਫ਼ਤਿਆਂ ਬਾਅਦ ਵੀ ਮੁੱਖ ਮੁਲਜ਼ਮ ਗ੍ਰਿਫ਼ਤ ਤੋਂ ਬਾਹਰ, ਸੰਗਤ ’ਚ ਭਾਰੀ ਰੋਸ**

ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੀਨੀਅਰ ਮੈਂਬਰ ਅਮਰਜੀਤ ਸਿੰਘ ਚਾਵਲਾ ਅਤੇ ਮੁੱਖ ਗ੍ਰੰਥੀ ਗਿਆਨੀ ਮਲਕੀਤ ਸਿੰਘ ਨੂੰ ਪੰਥ ਵਿੱਚੋਂ ਖ਼ਾਰਜ ਕਰਨ ਦਾ ਆਦੇਸ਼ ਅਤੇ ਸਿੱਖ ਸੰਸਥਾਵਾਂ ਵਿੱਚ ਕੰਮ ਕਰਨ ’ਤੇ ਉਮਰ ਭਰ ਦੀ ਪਾਬੰਦੀ ਲਗਾਉਣ ਦਾ ਇਤਿਹਾਸਕ ਫੈਸਲਾ ਸਿੱਖ ਜਗਤ ਦੀਆਂ ਸਿਰਮੌਰ ਸੰਸਥਾਵਾਂ ਅੰਦਰ ਪੈਰ ਪਸਾਰ ਚੁੱਕੇ ਡੂੰਘੇ ਨੈਤਿਕ ਅਤੇ ਪ੍ਰਬੰਧਕੀ ਸੰਕਟ ਦੀ ਗਵਾਹੀ ਭਰਦਾ ਹੈ। ਜਿਨ੍ਹਾਂ ਪਵਿੱਤਰ ਅਸਥਾਨਾਂ ਅਤੇ ਗੁਰਦੁਆਰਾ ਸਰਾਵਾਂ ਨਾਲ ਸੰਗਤ ਦੀ ਅਥਾਹ ਸ਼ਰਧਾ ਜੁੜੀ ਹੋਈ ਹੈ, ਉੱਥੇ ਜਬਰ-ਜ਼ਨਾਹ, ਕੁਰਹਿਤ ਅਤੇ ਅਨੈਤਿਕ ਗਤੀਵਿਧੀਆਂ ਦੇ ਇਲਜ਼ਾਮ ਲੱਗਣੇ ਬੇਹੱਦ ਸ਼ਰਮਨਾਕ ਹਨ। ਅਜਿਹੇ ਘਟਨਾਕ੍ਰਮ ਨੇ ਦੇਸ਼-ਵਿਦੇਸ਼ ਵਿੱਚ ਵਸਦੀ ਨਾਨਕ ਨਾਮ ਲੇਵਾ ਸੰਗਤ ਦੇ ਮਨਾਂ ਨੂੰ ਗੰਭੀਰ ਠੇਸ ਪਹੁੰਚਾਈ ਹੈ। ਕੁਝ ਹਦ ਤੱਕ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦੇ ਫੈਸਲੇ ਉਪਰ ਸੰਤੁਸ਼ਟੀ ਪ੍ਰਗਟਾਈ ਹੈ।

**ਸਰਾਵਾਂ ਦੀ ਦੁਰਵਰਤੋਂ ਅਤੇ ਪ੍ਰਬੰਧਕੀ ਨਿਘਾਰ ਕਿਉਂ ?**

ਇਸ ਪੂਰੇ ਮਾਮਲੇ ਵਿੱਚ ਸਭ ਤੋਂ ਵੱਡਾ ਅਤੇ ਤਲਖ਼ ਸਵਾਲ ਗੁਰਦੁਆਰਾ ਸਰਾਵਾਂ ਦੇ ਨਿਯਮਾਂ ਦੀ ਸ਼ਰੇਆਮ ਉਲੰਘਣਾ ਨਾਲ ਜੁੜਿਆ ਹੋਇਆ ਹੈ।

ਬਹਿਰੀਨ ਦੀ ਵਸਨੀਕ ਇਹ ਪੀੜਤ ਸਿੱਖ ਮਹਿਲਾ ਨਵੰਬਰ 2025 ਵਿੱਚ ਸ੍ਰੀ ਅਨੰਦਪੁਰ ਸਾਹਿਬ ਆਈ ਸੀ। ਸ਼੍ਰੋਮਣੀ ਕਮੇਟੀ ਪ੍ਰਬੰਧ ਅਧੀਨ ਉਸ ਨੂੰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੀ ਸਰਾਂ ਵਿੱਚ ਠਹਿਰਾਇਆ ਗਿਆ। ਉਹ ਫ਼ਰਵਰੀ 2026 ਤੋਂ ਅਗਸਤ 2026 ਤੱਕ ਲਗਾਤਾਰ ਉੱਥੇ ਰਹੀ, ਜੋ ਕਿ ਆਮ ਸ਼ਰਧਾਲੂਆਂ ਲਈ ਤੈਅ ਨਿਯਮਾਂ ਦੀ ਸਿੱਧੀ ਉਲੰਘਣਾ ਹੈ।

ਸ਼ਿਕਾਇਤਕਰਤਾ ਬਹਿਰੀਨ ਵਾਲੀ ਪੀੜਤ ਬੀਬੀ ਨੇ ਪੁਲਿਸ ਕੋਲ ਜਮ੍ਹਾਂ ਆਪਣੇ ਮੋਬਾਈਲ ਫੋਨਾਂ ਦੀ ਕਾਲ ਡਿਟੇਲ ਅਤੇ ਚੈਟ ਨੂੰ ਜਨਤਕ ਕਰਨ ਦੀ ਮੰਗ ਕੀਤੀ ਹੈ ਤਾਂ ਜੋ ਸੱਚ ਸੰਗਤ ਦੇ ਸਾਹਮਣੇ ਆ ਸਕੇ। ਇੱਕ ਵੀਡੀਓ ਵਿੱਚ ਉਕਤ ਔਰਤ ਨੇ ਸੰਗਤ ਨੂੰ ਸੰਬੋਧਿਤ ਕਰਦਿਆਂ ਦੱਸਿਆ ਕਿ ਉਹ 17 ਨਵੰਬਰ ਨੂੰ ਬਹਿਰੀਨ ਤੋਂ ਪੰਜਾਬ ਆਈ ਸੀ ਅਤੇ ਉਸ ਨੂੰ ਪੰਜਾਬ ਲਿਆਉਣ ਲਈ ਸਰਬਜੀਤ ਸਿੰਘ ਝਿੰਜਰ ਤੇ ਵਿਰਸਾ ਸਿੰਘ ਵਲਟੋਹਾ ਨੇ ਦੋ ਹਵਾਈ ਟਿਕਟਾਂ ਭੇਜੀਆਂ ਸਨ। ਉਸ ਅਨੁਸਾਰ ਪੰਜਾਬ ਪਹੁੰਚਣ ਉਪਰੰਤ ਇਹ ਦੋਵੇਂ ਆਗੂ ਉਸ ਦੇ ਲਗਾਤਾਰ ਸੰਪਰਕ ਵਿੱਚ ਰਹੇ ਅਤੇ ਉਸ ’ਤੇ ਸਿਆਸੀ ਆਗੂਆਂ ਦੇ ਖ਼ਿਲਾਫ਼ ਬਿਆਨਬਾਜ਼ੀ ਕਰਨ ਲਈ ਦਬਾਅ ਪਾਉਂਦੇ ਰਹੇ। ਜਦੋਂ ਉਸ ਨੇ ਅਜਿਹਾ ਕਰਨ ਤੋਂ ਇਨਕਾਰ ਕਰ ਦਿੱਤਾ ਤਾਂ ਉਸ ਨੂੰ ਸ੍ਰੀ ਆਨੰਦਪੁਰ ਸਾਹਿਬ ਵਿਖੇ ਰਹਿਣ ਲਈ ਕਿਹਾ ਗਿਆ ਅਤੇ ਗੱਲਬਾਤ ਲਈ ਅਮਰਜੀਤ ਸਿੰਘ ਚਾਵਲਾ ਦੀ ਡਿਊਟੀ ਲਗਾਈ ਗਈ। ਔਰਤ ਨੇ ਦੱਸਿਆ ਕਿ ਉਹ ਭਾਈ ਬਚਿੱਤਰ ਸਿੰਘ ਸਰਾਂ ਵਿੱਚ ਠਹਿਰੀ ਹੋਈ ਸੀ, ਜਿੱਥੇ ਉਸ ਨਾਲ ਇਹ ਘਟਨਾ ਵਾਪਰੀ।

ਔਰਤ ਦਾ ਦੋਸ਼ ਹੈ ਕਿ 27 ਫ਼ਰਵਰੀ 2026 ਤੋਂ 19 ਅਗਸਤ 2026 ਦਰਮਿਆਨ ਚਾਵਲਾ ਨੇ ਸਰਾਂ ਦੇ ਵੱਖ-ਵੱਖ ਕਮਰਿਆਂ ਵਿੱਚ ਉਸ ਨਾਲ ਕਈ ਵਾਰ ਜਬਰ-ਜ਼ਨਾਹ ਕੀਤਾ। ਵਿਰੋਧ ਕਰਨ ’ਤੇ ਉਸ ਨੂੰ ਗੰਭੀਰ ਨਤੀਜੇ ਭੁਗਤਣ ਦੀਆਂ ਧਮਕੀਆਂ ਦਿੱਤੀਆਂ ਗਈਆਂ ਅਤੇ ਕਮਰੇ ਵਿੱਚ ਬੰਧਕ ਬਣਾ ਕੇ ਰੱਖਿਆ ਗਿਆ।

ਤਸ਼ੱਦਦ ਤੋਂ ਤੰਗ ਆ ਕੇ ਪੀੜਤਾ ਨੇ ਸਰਾਂ ਦੇ ਕਮਰੇ ਅੰਦਰ ਖ਼ੁਦਕੁਸ਼ੀ ਕਰਨ ਦੀ ਕੋਸ਼ਿਸ਼ ਕੀਤੀ, ਪਰ ਮੌਕੇ ’ਤੇ ਮੌਜੂਦ ਸੇਵਾਦਾਰਾਂ ਨੇ ਉਸ ਨੂੰ ਹਸਪਤਾਲ ਪਹੁੰਚਾ ਕੇ ਬਚਾਇਆ।



ਬਹਿਰੀਨ ਵਾਲੀ ਬੀਬੀ ਦੀ ਵੀਡੀਓ ’ਚ ਲਈ ਗਈ ਤਸਵੀਰ।

ਪੀੜਤਾ ਅਨੁਸਾਰ ਉਸ ਨੇ ਆਪਣੀ ਦਰਦ-ਕਹਾਣੀ ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ, ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਅਤੇ ਅਕਾਲੀ ਦਲ ਦੇ ਉੱਚ ਆਗੂਆਂ ਦੇ ਨਿੱਜੀ ਸਟਾਫ਼ ਤੱਕ ਪਹੁੰਚਾਈ ਸੀ, ਪਰ ਮਹੀਨਿਆਂ ਬੱਧੀ ਕੋਈ ਕਾਰਵਾਈ ਨਹੀਂ ਹੋਈ। ਅਖ਼ੀਰ 21 ਅਗਸਤ 2026 ਨੂੰ ਆਨੰਦਪੁਰ ਸਾਹਿਬ ਥਾਣੇ ਵਿਖੇ ਮਾਮਲਾ ਦਰਜ ਹੋਇਆ।

ਇਸ ਸਮੁੱਚੇ ਸਕੈਂਡਲ ਦਾ ਸਭ ਤੋਂ ਵੱਡਾ ਪ੍ਰਬੰਧਕੀ ਸਵਾਲ ਇਹ ਹੈ ਕਿ ਇੱਕ ਔਰਤ ਨੂੰ ਪਵਿੱਤਰ ਅਸਥਾਨ ’ਤੇ ਮਹੀਨਿਆਂ ਤੱਕ ਵੀ.ਆਈ.ਪੀ. ਰੁਤਬਾ ਕਿਸ ਦੀ ਸ਼ਹਿ ’ਤੇ ਮਿਲਿਆ ?

ਗੁਰਦੁਆਰਾ ਸਰਾਵਾਂ ਅੰਦਰ ਆਮ ਸੰਗਤ ਨੂੰ ਤਿੰਨ ਦਿਨਾਂ ਤੋਂ ਵੱਧ ਕਮਰਾ ਨਹੀਂ ਦਿੱਤਾ ਜਾਂਦਾ। ਇਸ ਔਰਤ ਨੂੰ ਛੇ-ਸੱਤ ਮਹੀਨੇ ਕਮਰਾ ਕਿਸ ਦੇ ਹੁਕਮਾਂ ’ਤੇ ਅਲਾਟ ਰਿਹਾ ? ਰਜਿਸਟਰਾਂ ਵਿੱਚ ਕਿਸ ਦਾ ਰੈਫ਼ਰੈਂਸ ਦਰਜ ਸੀ ?

ਪੀੜਤਾ ਨੂੰ ਸ਼੍ਰੋਮਣੀ ਕਮੇਟੀ ਦੀਆਂ ਗੱਡੀਆਂ, ਡਰਾਈਵਰ ਅਤੇ ਨਿੱਜੀ ਸੇਵਾਦਾਰ ਮੁਹੱਈਆ ਕਰਵਾਏ ਗਏ ਸਨ। ਇਹ ਸੁਵਿਧਾਵਾਂ ਕਿਸ ਅਧਿਕਾਰੀ ਦੇ ਦਸਤਖ਼ਤਾਂ ਹੇਠ ਜਾਰੀ ਹੋਈਆਂ ?

**ਧਰਮ ਪ੍ਰਚਾਰ ਫੰਡਾਂ ’ਤੇ ਸਵਾਲ:** ਦੋਸ਼ ਲੱਗ ਰਹੇ ਹਨ ਕਿ ਔਰਤ ਨੂੰ ਵਿਦੇਸ਼ ਤੋਂ ਲਿਆਉਣ ਲਈ ਹਵਾਈ ਜਹਾਜ਼ ਦੀ ਟਿਕਟ ਅਤੇ ਧਰਮ ਪ੍ਰਚਾਰ ਕਮੇਟੀ ਦੇ ਫੰਡ ਵਿੱਚੋਂ 1 ਲੱਖ ਰੁਪਏ ਨਕਦ ਦਿੱਤੇ ਗਏ। ਗੁਰੂ ਘਰ ਦੀ ਗੋਲਕ ਦੇ ਪੈਸੇ ਦੀ ਅਜਿਹੀ ਦੁਰਵਰਤੋਂ ਬਾਰੇ ਲੀਡਰਸ਼ਿਪ ਪੂਰੀ ਤਰ੍ਹਾਂ ਚੁੱਪ ਕਿਉਂ ਹੈ ?

**ਕਥਿਤ ਦੋਸ਼ੀ ਚਾਵਲਾ ਦਾ ਜਵਾਬਦੇਹੀ ਤੋਂ ਭੱਜਣ ਦਾ ਰੁਝਾਨ**

ਮੁਲਜ਼ਮ ਧਿਰ ਅਮਰਜੀਤ ਸਿੰਘ ਚਾਵਲਾ ਵੱਲੋਂ ਸੋਸ਼ਲ ਮੀਡੀਆ ਰਾਹੀਂ ਸਿਆਸੀ ਸਾਜਿਸ਼ ਅਤੇ ਚੋਣਾਂ ਕਾਰਨ ਕਿਰਦਾਰਕੁਸ਼ੀ ਹੋਣ ਦੇ ਦਾਅਵੇ ਕੀਤੇ ਜਾ ਰਹੇ ਹਨ। ਪਰ ਜੇਕਰ ਉਹ ਬੇਕਸੂਰ ਹੈ, ਤਾਂ ਕਾਨੂੰਨੀ ਜਾਂਚ ਅਤੇ ਤਖ਼ਤ ਸਾਹਿਬ ਦੀ ਕਚਹਿਰੀ ਦਾ ਸਾਹਮਣਾ ਕਰਨ ਦੀ ਬਜਾਏ ਰੂਪੋਸ਼ ਹੋਣਾ ਜਾਂ ਵਿਦੇਸ਼ ਚਲੇ ਜਾਣਾ ਉਸ ਦੇ ਦਾਅਵਿਆਂ ਨੂੰ ਖ਼ੁਦ ਹੀ ਕਮਜ਼ੋਰ ਕਰ ਦਿੰਦਾ ਹੈ।

**ਸਿਆਸੀ ਗ਼ਲਬਾ ਅਤੇ ਹਨੀ-ਟ੍ਰੈਪ ਦੇ ਇਲਜ਼ਾਮ**

ਸਾਬਕਾ ਜਥੇਦਾਰਾਂ ਨੂੰ ਬਲੈਕਮੇਲ ਕਰਨ ਲਈ ਰਚੀਆਂ ਗਈਆਂ ਕਥਿਤ ਹਨੀ-ਟ੍ਰੈਪ ਦੀਆਂ ਸਾਜਿਸ਼ਾਂ ਅਤੇ ਪੈਸਿਆਂ ਦੇ ਲੈਣ-ਦੇਣ ਦੇ ਖ਼ੁਲਾਸੇ ਦਰਸਾਉਂਦੇ ਹਨ ਕਿ ਸਿਆਸੀ ਲਾਲਸਾ ਨੇ ਧਾਰਮਿਕ ਮਰਿਆਦਾ ਨੂੰ ਕਿੰਨਾ ਨੁਕਸਾਨ ਪਹੁੰਚਾਇਆ ਹੈ। ਮਨੁੱਖੀ ਅਧਿਕਾਰ ਕਾਰਕੁਨ ਅਮਰੀਕ ਸਿੰਘ ਮੁਕਤਸਰ ਅਤੇ ਕਈ ਪੰਥਕ ਆਗੂਆਂ ਨੇ ਇਸ ਮਾਮਲੇ ਪਿੱਛੇ ਇੱਕ ਹੋਰ ਖ਼ਤਰਨਾਕ ਸਾਜ਼ਿਸ਼ ਦਾ ਖ਼ੁਲਾਸਾ ਕੀਤਾ ਹੈ ਕਿ ਬਾਦਲ ਅਕਾਲੀ ਦਲ ਦੇ ਕੁਝ ਨੌਜਵਾਨ ਆਗੂਆਂ ਨੇ ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਬਲੈਕਮੇਲ ਕਰਨ ਲਈ ਇਸ ਔਰਤ ਰਾਹੀਂ ਹਨੀ-ਟ੍ਰੈਪ (ਜਾਲ) ਵਿਛਾਉਣ ਦੀ ਯੋਜਨਾ ਬਣਾਈ ਸੀ। ਇਹ ਦੋਸ਼ ਪੀੜਤ ਔਰਤ ਨੇ ਵੀ ਲਗਾਏ ਹਨ।

ਅਮਰੀਕ ਸਿੰਘ ਮੁਕਤਸਰ ਨੇ ਦੋਸ਼ ਲਗਾਇਆ ਕਿ ਇਸ ਕੰਮ ਲਈ ਔਰਤ ਨਾਲ 25 ਲੱਖ ਰੁਪਏ ਦੀ ਡੀਲ ਤੈਅ ਹੋਈ ਸੀ। ਔਰਤ ਨੇ ਭਰੋਸਾ ਦਿੱਤਾ ਸੀ ਕਿ ਉਸ ਦੇ ਗਿਆਨੀ ਜੀ ਨਾਲ ਨਜ਼ਦੀਕੀ ਸਬੰਧ ਹਨ। ਗਿਆਨੀ ਹਰਪ੍ਰੀਤ ਸਿੰਘ ਨੇ ਰੁਝੇਵਿਆਂ ਦਾ ਹਵਾਲਾ ਦੇ ਕੇ ਮਿਲਣ ਤੋਂ ਇਨਕਾਰ ਕਰ ਦਿੱਤਾ, ਜਿਸ ਕਾਰਨ ਇਹ ਸਾਜਿਸ਼ ਫੇਲ੍ਹ ਹੋ ਗਈ। ਮੁਕਤਸਰ ਦਾ ਕਹਿਣਾ ਹੈ ਕਿ ਜਦੋਂ ਪਲਾਨ ਫੇਲ੍ਹ ਹੋਇਆ ਤਾਂ ਇਨ੍ਹਾਂ ਆਗੂਆਂ ਦੇ ਆਪਸੀ ਝਗੜੇ ਵਿੱਚ ਇਹ ਪੂਰਾ ਮਾਮਲਾ ਬਲਾਤਕਾਰ ਦੇ ਦੋਸ਼ਾਂ ਦੇ ਰੂਪ ਵਿੱਚ ਬਾਹਰ ਆ ਗਿਆ। ਦਾਖਾ ਤੋਂ ਬਾਗ਼ੀ ਵਿਧਾਇਕ ਮਨਪ੍ਰੀਤ ਸਿੰਘ ਇਯਾਲੀ ਨੇ ਵੀ ਇਸੇ ਤਰ੍ਹਾਂ ਦੇ ਅੰਦਰੂਨੀ ਸਾਜਿਸ਼ੀ ਪਹਿਲੂਆਂ ਵੱਲ ਇਸ਼ਾਰਾ ਕੀਤਾ ਹੈ।

ਸੁਖਦੇਵ ਸਿੰਘ ਚੰਡੀਗੜ੍ਹ (ਸੀਨੀਅਰ ਪੱਤਰਕਾਰ) ਦਾ ਕਹਿਣਾ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਰਿਟਾਇਰਡ ਜੱਜਾਂ, ਨਿਰਪੱਖ ਕਾਨੂੰਨੀ ਮਾਹਿਰਾਂ ਅਤੇ ਬੇਦਾਗ਼ ਸਿੱਖ ਚਿੰਤਕਾਂ ਦੀ ਇੱਕ ਉੱਚ-ਪੱਧਰੀ ਕਮੇਟੀ ਬਣਾਉਣੀ ਚਾਹੀਦੀ ਹੈ।

ਬੀਬੀ ਕਿਰਨਜੋਤ ਕੌਰ (ਸ਼੍ਰੋਮਣੀ ਕਮੇਟੀ ਮੈਂਬਰ) ਦਾ ਕਹਿਣਾ ਹੈ ਕਿ ਗੁਰਦੁਆਰਾ ਸਰਾਵਾਂ ਦੇ ਨਿਯਮ ਸਖ਼ਤੀ ਨਾਲ ਲਾਗੂ ਹੋਣੇ ਚਾਹੀਦੇ ਹਨ ਅਤੇ ਪ੍ਰਬੰਧ ਵਿੱਚ ਪੂਰੀ ਪਾਰਦਰਸ਼ਤਾ ਲਿਆਉਣੀ ਪਵੇਗੀ।

ਅਕਾਲੀ ਦਲ ਪੁਨਰ-ਸੁਰਜੀਤ ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਧਰਮ ਪ੍ਰਚਾਰ ਫੰਡ ਵਿੱਚੋਂ 1 ਲੱਖ ਰੁਪਏ ਦੇਣ ਅਤੇ ਵੀ.ਆਈ.ਪੀ. ਰਿਹਾਇਸ਼ ਦਿਵਾਉਣ ਦੀ ਨੈਤਿਕ ਜ਼ਿੰਮੇਵਾਰੀ ਲੈਂਦਿਆਂ ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਤੁਰੰਤ ਅਸਤੀਫ਼ਾ ਦੇਣ।





ਦੂਜੇ ਪਾਸੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਮਾਮਲਾ ਸਾਹਮਣੇ ਆਉਣ ਅਤੇ ਵਿਵਾਦ ਵਧਣ ਮਗਰੋਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਵਧੀਕ ਮੁੱਖ ਗ੍ਰੰਥੀ ਗਿਆਨੀ ਮਲਕੀਤ ਸਿੰਘ ਨੂੰ ਤੁਰੰਤ ਪ੍ਰਭਾਵ ਨਾਲ ਸੇਵਾ ਤੋਂ ਮੁਅੱਤਲ (ਸਸਪੈਂਡ) ਕਰ ਦਿੱਤਾ ਸੀ। ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਅਮਰਜੀਤ ਸਿੰਘ ਚਾਵਲਾ ਅਤੇ ਮਲਕੀਤ ਸਿੰਘ ਨੂੰ ਪੰਥ ਵਿੱਚੋਂ ਖ਼ਾਰਜ ਕਰਨ ਅਤੇ ਸਿੱਖ ਸੰਸਥਾਵਾਂ ਵਿੱਚ ਕੰਮ ਕਰਨ ’ਤੇ ਉਮਰ ਭਰ ਦੀ ਪਾਬੰਦੀ ਲਗਾਉਣ ਦੇ ਆਦੇਸ਼ ਨੂੰ ਸ਼੍ਰੋਮਣੀ ਕਮੇਟੀ ਨੇ ਪ੍ਰਬੰਧਕੀ ਤੌਰ ’ਤੇ ਪ੍ਰਵਾਨ ਕਰਕੇ ਲਾਗੂ ਕਰ ਦਿਤਾ ਹੈ। ਸ਼੍ਰੋਮਣੀ ਕਮੇਟੀ ਲੀਡਰਸ਼ਿਪ ਨੇ ਦਾਅਵਾ ਕੀਤਾ ਕਿ ਗੁਰਦੁਆਰਾ ਸਰਾਵਾਂ ਦੇ ਨਿਯਮਾਂ ਦੀ ਉਲੰਘਣਾ ਅਤੇ ਵੀ.ਆਈ.ਪੀ. ਸਹੂਲਤਾਂ ਦੇਣ ਦੇ ਮਾਮਲੇ ਦੀ ਅੰਦਰੂਨੀ ਜਾਂਚ ਕਰਵਾਈ ਜਾ ਰਹੀ ਹੈ ਤਾਂ ਜੋ ਇਹ ਪਤਾ ਲੱਗ ਸਕੇ ਕਿ ਸਰਾਵਾਂ ਦੇ ਕਮਰੇ ਕਿਸ ਦੇ ਕਹਿਣ ’ਤੇ ਅਲਾਟ ਹੋਏ ਸਨ।

ਪੰਥਕ ਹਲਕਿਆਂ ਵਿੱਚ ਇਹ ਚਰਚਾ ਵੀ ਜ਼ੋਰਾਂ ’ਤੇ ਹੈ ਕਿ ਜਦੋਂ ਇਹ ਮਾਮਲਾ ਕਈ ਮਹੀਨੇ ਪਹਿਲਾਂ ਤਖ਼ਤ ਸਾਹਿਬ ਦੇ ਧਿਆਨ ਵਿੱਚ ਆ ਚੁੱਕਾ ਸੀ, ਤਾਂ ਉਸ ਵੇਲੇ ਕਾਰਵਾਈ ਕਰਨ ਦੀ ਬਜਾਏ ਐੱਫ.ਆਈ.ਆਰ. ਦਰਜ ਹੋਣ ਅਤੇ ਮੀਡੀਆ ਵਿੱਚ ਰੌਲਾ ਪੈਣ ਦੀ ਉਡੀਕ ਕਿਉਂ ਕੀਤੀ ਗਈ ?

## ਚਾਵਲਾ ਮਾਮਲੇ ਦੀ ਜਾਂਚ ਸੇਵਾਮੁਕਤ ਜੱਜ ਦੀ ਨਿਗਰਾਨੀ ਹੇਠ ਕਰਵਾਈ ਜਾਵੇ: ਗਿ. ਹਰਪ੍ਰੀਤ ਸਿੰਘ

ਚੰਡੀਗੜ੍ਹ/ਏ.ਟੀ.ਨਿਊਜ਼ : ਅਕਾਲੀ ਦਲ (ਪੁਨਰ ਸੁਰਜੀਤ) ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਨੇ ਦੋਸ਼ ਲਗਾਇਆ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਆਗੂ ਅਮਰਜੀਤ ਸਿੰਘ ਚਾਵਲਾ ਵਿਰੁੱਧ ਜਬਰ ਜਨਾਹ ਦਾ ਕੇਸ ਦਰਜ ਕਰਾਉਣ ਵਾਲੀ ਔਰਤ ਨੂੰ ਉਨ੍ਹਾਂ ਦੀ ਕਿਰਦਾਰਕੁਸ਼ੀ ਲਈ ਬਹਿਰੀਨ ਤੋਂ ਲਿਆਂਦਾ ਗਿਆ ਸੀ। ਇਸ ਗੱਲ ਦਾ ਪ੍ਰਗਟਾਵਾ ਗਿਆਨੀ ਹਰਪ੍ਰੀਤ ਸਿੰਘ ਨੇ ਚੰਡੀਗੜ੍ਹ ਵਿਖੇ ਪਾਰਟੀ ਦੀ ਕੋਰ ਕਮੇਟੀ ਦੀ ਮੀਟਿੰਗ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਦੋਸ਼ ਲਾਇਆ ਕਿ ਕੁਝ ਲੋਕ ਦੋ ਦਸੰਬਰ ਦੇ ਹੁਕਮਨਾਮਿਆਂ ਦਾ ਬਦਲਾ ਲੈਣ ਲਈ ਇਸ ਹੱਦ ਤੱਕ ਡਿੱਗ ਚੁੱਕੇ ਹਨ ਕਿ ਵਿਦੇਸ਼ ਤੋਂ ਬੀਬੀ ਨੂੰ ਲਿਆ ਕੇ ਉਨ੍ਹਾਂ ਖਿਲਾਫ਼ ਵਰਤਣ ਲਈ ਸ਼੍ਰੋਮਣੀ ਕਮੇਟੀ ਵਿੱਚ ਸਹੂਲਤਾਂ ਅਤੇ ਰਿਹਾਇਸ਼ ਦਿੱਤੀ ਗਈ ਪਰ ਹੁਣ ਇਕ ਬੰਦੇ ’ਤੇ ਸਾਰਾ ਇਲਜ਼ਾਮ ਲਗਾ ਕੇ ਪੂਰੀ ਸਾਜ਼ਿਸ਼ ਨੂੰ ਛੁਪਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਮੰਗ ਕੀਤੀ ਕਿ ਸੇਵਾਮੁਕਤ ਜੱਜ ਦੀ ਨਿਗਰਾਨੀ ਹੇਠ ਵਿਸ਼ੇਸ਼ ਜਾਂਚ ਟੀਮ ਗਠਿਤ ਕਰਕੇ ਪੂਰੇ ਮਾਮਲੇ ਦੀ ਜਾਂਚ ਕਰਵਾਈ ਜਾਵੇ ਅਤੇ ਬਹਿਰੀਨ ਤੋਂ ਔਰਤ ਨੂੰ ਭਾਰਤ ਲਿਆਉਣ ਪਿੱਛੇ ਮਨਸ਼ਿਆਂ ਦੀ ਵੀ ਜਾਂਚ ਕੀਤੀ ਜਾਵੇ। ਗਿਆਨੀ ਹਰਪ੍ਰੀਤ ਸਿੰਘ ਨੇ ਪੁਲੀਸ ਦੀ ਕਾਰਵਾਈ ’ਤੇ ਸਵਾਲ ਚੁੱਕਦਿਆਂ ਕਿਹਾ ਕਿ ਜਦੋਂ ਅਮਰਜੀਤ ਸਿੰਘ ਚਾਵਲਾ ਵਿਰੁੱਧ 21 ਅਗਸਤ ਨੂੰ ਸ੍ਰੀ ਆਨੰਦਪੁਰ ਸਾਹਿਬ ਵਿਖੇ ਜਬਰ ਜਨਾਹ ਦਾ ਕੇਸ ਦਰਜ ਕੀਤਾ ਗਿਆ ਸੀ ਤਾਂ ਉਸ ਵਿਰੁੱਧ ਕਾਰਵਾਈ ਵਿੱਚ ਢਿੱਲ ਕਿਉਂ ਵਰਤੀ ਗਈ ਹੈ। ਇਸ ਕਾਰਨ ਉਹ ਵਿਦੇਸ਼ ਭੱਜਣ ਵਿੱਚ ਕਾਮਯਾਬ ਹੋ ਗਿਆ।



### ਤਾਜ਼ਾ ਸਰਵੇਖਣ ’ਚ ਹੋਇਆ ਖ਼ੁਲਾਸਾ

# ਟਰੰਪ ਦੀ ਲੋਕਪ੍ਰੀਯਤਾ ਹੁਣ ਤੱਕ ਦੇ ਸਭ ਤੋਂ ਹੇਠਲੇ ਪੱਧਰ ’ਤੇ, ਡੈਮੋਕਰੇਟਸ ਬਹੁਤ ਅੱਗੇ

ਸੈਕਰਾਮੈਂਟੋ, ਕੈਲੀਫ਼ੋਰਨੀਆ/ਹੁਸਨ ਲੜੋਆ ਬੰਗਾ: ਮਾਰਕਵੇਟ ਯੂਨੀਵਰਸਿਟੀ ਲਾਅ ਸਕੂਲ ਦੇ ਤਾਜ਼ਾ ਸਰਵੇਖਣ ਵਿੱਚ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਲੋਕਪ੍ਰੀਯਤਾ ਦਰ ਡਿੱਗ ਕੇ 37% ਦੇ ਨਵੇਂ ਹੇਠਲੇ ਪੱਧਰ (ਦੂਜੇ ਕਾਰਜਕਾਲ ਦੌਰਾਨ) ’ਤੇ ਆ ਗਈ ਹੈ, ਜਦੋਂ ਕਿ ਮੱਧਕਾਲੀ ਚੋਣਾਂ ਤੋਂ ਪਹਿਲਾਂ ਆਮ ਕਾਂਗਰਸੀ ਵੋਟਰਾਂ ਵਿੱਚ ਡੈਮੋਕਰੇਟਸ ਨੇ ਰਿਪਬਲਿਕਨਾਂ ’ਤੇ ਵੱਡੀ ਬੜਤ ਹਾਸਲ ਕੀਤੀ ਹੈ। ਹ਼ਫ਼ਤੇ ਦੇ ਸ਼ੁਰੂ ਵਿੱਚ ਕੁਝ ਸਮੇਂ ਲਈ ਰਾਹਤ ਮਿਲਣ ਤੋਂ ਬਾਅਦ, ਰਾਸ਼ਟਰਪਤੀ ਡੋਨਾਲਡ ਟਰੰਪ ਦੀ ਪ੍ਰਵਾਨਗੀ ਦਰ ਵਿੱਚ ਗਿਰਾਵਟ ਦਾ ਸਿਲਸਿਲਾ ਫ਼ਿਰ ਸ਼ੁਰੂ ਹੋ ਗਿਆ ਹੈ। 15 ਸਤੰਬਰ ਨੂੰ ਜਾਰੀ ਕੀਤੇ ਗਏ ਇਸ ਸਰਵੇਖਣ ਵਿੱਚ ਪਾਇਆ ਗਿਆ ਕਿ 37% ਅਮਰੀਕੀ ਟਰੰਪ ਦੇ ਕੰਮਕਾਜ ਤੋਂ ਸੰਤੁਸ਼ਟ ਹਨ,ਜੋ ਕਿ ਮਾਰਕਵੇਟ ਦੇ ਜੁਲਾਈ ਦੇ ਸਰਵੇਖਣ ਦੇ ਮੁਕਾਬਲੇ ਤਿੰਨ ਪ੍ਰਤੀਸ਼ਤ ਅੰਕ ਘੱਟ ਹੈ। ਇਸ ਸਰਵੇਖਣ ਵਿੱਚ ਰਾਸ਼ਟਰਪਤੀ ਦੀ ਲੋਕਪ੍ਰੀਯਤਾ ਦਰ, 2025 ਦੇ ਸ਼ੁਰੂ ਵਿੱਚ ਵਾਈਟ ਹਾਊਸ ਵਿੱਚ ਵਾਪਸੀ ਤੋਂ ਬਾਅਦ ਸਭ ਤੋਂ ਹੇਠਲੇ ਪੱਧਰ ’ਤੇ ਦਰਜ ਕੀਤੀ ਗਈ ਹੈ। 15 ਸਤੰਬਰ ਤੋਂ ਪਹਿਲਾਂ, ਟਰੰਪ ਦਾ ਪਿਛਲਾ ਹੇਠਲਾ ਪੱਧਰ ਜੂਨ ਵਿੱਚ ਸੀ, ਜਦੋਂ ਸਰਵੇਖਣ ਵਿੱਚ 38% ਲੋਕਪ੍ਰੀਯਤਾ ਦਰ ਦਰਜ ਕੀਤੀ ਗਈ ਸੀ। ਟਰੰਪ ਦੀ ਘੱਟ ਪ੍ਰਵਾਨਗੀ ਦਰ ਤੋਂ ਇਲਾਵਾ, ਇਸ ਸਰਵੇਖਣ ਨੇ ਉਨ੍ਹਾਂ ਅਮਰੀਕੀਆਂ ਦੀ ਗਿਣਤੀ ਵਿੱਚ ਲਗਾਤਾਰ ਗਿਰਾਵਟ ਵੀ ਦਿਖਾਈ ਹੈ ਜੋ ਰਾਸ਼ਟਰਪਤੀ ਦੇ ਕੰਮਕਾਜ ਨੂੰ ਪੂਰੀ ਤਰ੍ਹਾਂ ਪਸੰਦ ਕਰਦੇ ਹਨ ਜਾਂ ਮਜ਼ਬੂਤੀ ਨਾਲ ਪ੍ਰਵਾਨਗੀ ਦਿੰਦੇ ਹਨ। ਮਾਰਕਵੇਟ ਯੂਨੀਵਰਸਿਟੀ ਦੇ ਸਰਵੇਖਣ ਅਨੁਸਾਰ, ਟਰੰਪ ਦੇ ਦੂਜੇ ਕਾਰਜਕਾਲ ਦੀ ਸ਼ੁਰੂਆਤ ਵਿੱਚ 29% ਅਮਰੀਕੀਆਂ ਨੇ ਕਿਹਾ ਸੀ ਕਿ ਉਹ ਰਾਸ਼ਟਰਪਤੀ ਦੇ ਕੰਮਕਾਜ ਤੋਂ ਪੂਰੀ ਤਰ੍ਹਾਂ ਸੰਤੁਸ਼ਟ ਹਨ; ਅੱਜ ਇਹ ਅੰਕੜਾ 15% ’ਤੇ ਹੈ। ਸਰਵੇਖਣ ਅਨੁਸਾਰ ਕਾਂਗਰਸ ਲਈ ਆਮ ਵੋਟਿੰਗ ਵਿੱਚ ਸੰਭਾਵੀ ਵੋਟਰਾਂ ਦਰਮਿਆਨ ਡੈਮੋਕਰੇਟਸ, ਰਿਪਬਲਿਕਨਾਂ ਨਾਲੋਂ 13 ਪ੍ਰਤੀਸ਼ਤ ਅੰਕਾਂ ਨਾਲ ਅੱਗੇ ਹਨ। ਇਸ ਸਰਵੇਖਣ ਵਿੱਚ ਡੈਮੋਕਰੇਟਸ ਦਾ ਪ੍ਰਦਰਸ਼ਨ ਜੁਲਾਈ ਦੇ ਮੁਕਾਬਲੇ ਸੱਤ ਪ੍ਰਤੀਸ਼ਤ ਅੰਕਾਂ ਦਾ ਸੁਧਾਰ ਦਰਸਾਉਂਦਾ ਹੈ, ਜਦੋਂ ਉਨ੍ਹਾਂ ਦੀ ਬੜਤ ਛੇ ਪ੍ਰਤੀਸ਼ਤ ਅੰਕ ਸੀ।



# ਅਮਰੀਕਾ ਅਤੇ ਕੈਨੇਡਾ ਦੀ ਵਪਾਰਕ ਖਿੱਚੋਤਾਨ ’ਚ ਫਸੇ ਛੋਟੇ ਕਾਰੋਬਾਰੀ



ਨਿਊ ਯਾਰਕ/ਏ.ਟੀ.ਨਿਊਜ਼ : ਅਮਰੀਕਾ ਅਤੇ ਕੈਨੇਡਾ ਵਿਚਾਲੇ ਵਪਾਰ ਜੰਗ ਨੇ ਛੋਟੇ ਕਾਰੋਬਾਰੀਆਂ ਲਈ ਵਧੇਰੇ ਮੁਸ਼ਕਿਲਾਂ ਖੜ੍ਹੀਆਂ ਕਰ ਦਿੱਤੀ ਹਨ। ਛੋਟੇ ਕਾਰੋਬਾਰੀ ਦੋਵੇਂ ਮੁਲਕਾਂ ਦੀ ਖਿੱਚੋਤਾਣ ਵਿਚਾਲੇ ਫਸ ਗਏ ਹਨ।

ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਕੈਨੇਡੀਅਨ ਵਸਤਾਂ ’ਤੇ 20 ਅਰਬ ਡਾਲਰ ਦੇ ਕਰੀਬ ਟੈਰਿਫ ਲਾਏ ਜਾਣ ਮਗਰੋਂ ਕੈਨੇਡਾ ਨੇ ਵੀ ਜਵਾਬੀ ਟੈਰਿਫ ਲਾ ਦਿੱਤੇ ਹਨ। ਕੈਨੇਡਾ ਦੀ ਕਾਰਵਾਈ ਦੇ ਜਵਾਬ ’ਚ ਹੁਣ ਟਰੰਪ ਨੇ ਕਿਹਾ ਹੈ ਕਿ ਉਹ ਸ਼ਰਾਬ, ਚੋਣਵੇਂ ਮੋਟਰਸਾਈਕਲਾਂ ਅਤੇ ਡੇਅਰੀ ਉਤਪਾਦਾਂ ’ਤੇ ਪਾਬੰਦੀ ਲਾਏਗਾ। ਇਸ ਰੋਕ ਕਾਰਨ ਛੋਟੇ ਕਾਰੋਬਾਰੀਆਂ, ਜੋ ਸਰਹੱਦ ਪਾਰ ਵਿਕਣ ਵਾਲੇ ਸਾਮਾਨ ’ਤੇ ਨਿਰਭਰ ਹਨ, ਦਾ ਕਹਿਣਾ ਹੈ ਕਿ ਉਨ੍ਹਾਂ ਦੀਆਂ ਵਸਤਾਂ ’ਤੇ 50 ਫ਼ੀਸਦੀ ਤੱਕ ਟੈਕਸ ਅਤੇ ਇਰਾਨ ਜੰਗ ਕਾਰਨ ਤੇਲ ਕੀਮਤਾਂ ਦੇ ਵਧ ਰਹੇ ਅਸਰ ਕਾਰਨ ਵੱਡਾ ਪ੍ਰਭਾਵ ਪਵੇਗਾ। ਵਰਮੌਂਟ ’ਚ ਜੈਸਪਰ ਹਿੱਲ ਫਾਰਮ ਦੇ ਸਹਿ-ਬਾਨੀ ਮਤੇਇਓ ਕਹਿਲਰ ਨੇ ਕਿਹਾ ਕਿ ਪਨੀਰ ਨੂੰ ਭਾਵੇਂ ਅਮਰੀਕਾ ਦੇ ਨਵੇਂ ਟੈਰਿਫਾਂ ’ਚ ਸ਼ਾਮਲ ਨਹੀਂ ਕੀਤਾ ਗਿਆ ਪਰ ਉਸ ਦੀਆਂ ਕੈਨੇਡਾ ’ਚ ਕਾਰੋਬਾਰ ਫੈਲਾਉਣ ਦੀਆਂ ਆਸਾਂ ’ਤੇ ਪਾਣੀ ਫਿਰ ਗਿਆ ਹੈ। ਉਸ ਮੁਤਾਬਕ ਲੋਕਾਂ ਨੇ ਅਮਰੀਕੀ ਵਸਤਾਂ ਦਾ ਬਾਈਕਾਟ ਕਰ ਦਿੱਤਾ ਹੈ ਜਿਸ ਕਾਰਨ ਭਾਰੀ ਨੁਕਸਾਨ ਹੋਣ ਦਾ ਖ਼ਦਸ਼ਾ ਹੈ। ਵੈਨਕੂਵਰ ਆਧਾਰਿਤ ਰੀਵਾਈਵਲ ਸਟਿਲਵਰਕਸ ਵੱਲੋਂ ਵੋਦਕਾ, ਵ੍ਹਿਸਕੀ ਅਤੇ ਹੋਰ ਸ਼ਰਾਬ ਤਿਆਰ ਕਰਨ ਵਾਲੇ ਸਾਜ਼ੋ-ਸਾਮਾਨ ਦਾ ਨਿਰਮਾਣ ਕੀਤਾ ਜਾਂਦਾ ਹੈ। ਕੰਪਨੀ ਦੇ ਸਹਿ-ਬਾਨੀ ਡਾਰਸੀ ਲੇਨ ਨੇ ਕਿਹਾ ਕਿ ਪਿਛਲੇ ਮਹੀਨੇ ਤੱਕ ਉਸ ਦੇ ਸਾਜ਼ੋ-ਸਾਮਾਨ ਬਿਨਾਂ ਟੈਰਿਫ ਤੋਂ ਅਮਰੀਕਾ ਦਾਖ਼ਲ ਹੁੰਦੇ ਸਨ ਪਰ ਹੁਣ 50 ਫ਼ੀਸਦੀ ਟੈਕਸ ਲੱਗੇਗਾ। ਲੇਨ ਨੇ ਕਿਹਾ ਕਿ ਉਹ ਹੁਣ ਦੂਜਾ ਕੰਮ ਦੇਖ ਰਹੇ ਹਨ।

# ਗ਼ੈਰ ਕਾਨੂੰਨੀ ਪਰਵਾਸੀਆਂ ਨੂੰ ਰੋਕਣ ਲਈ ਅਮਰੀਕਾ-ਮੈਕਸਿਕੋ ਸਰਹੱਦੀ ਕੰਧ ਦੀ ਉਸਾਰੀ ਸ਼ੁਰੂ



ਕੋਮਸਟਾਕ/ਏ.ਟੀ.ਨਿਊਜ਼: ਟਰੰਪ ਪ੍ਰਸ਼ਾਸਨ ਨੇ ਪੱਛਮੀ ਟੈਕਸਾਸ ਦੇ ਬਿਗ ਬੈਂਡ ਖੇਤਰ ਵਿੱਚ ਅਮਰੀਕਾ-ਮੈਕਸਿਕੋ ਸਰਹੱਦੀ ਕੰਧ ਦਾ ਨਿਰਮਾਣ ਸ਼ੁਰੂ ਕਰ ਦਿੱਤਾ ਹੈ। ਇਹ ਉਸ ਖੇਤਰ ਵਿੱਚ ਪਹਿਲਾ ਵੱਡਾ ਨਿਰਮਾਣ ਕਾਰਜ ਹੈ ਜਿੱਥੇ ਪ੍ਰਸ਼ਾਸਨ ਦੀਆਂ ਯੋਜਨਾਵਾਂ ਦਾ ਭਾਰੀ ਵਿਰੋਧ ਹੋ ਰਿਹਾ ਸੀ। ਅਮਰੀਕੀ ਸੀਮਾ ਸੁਰੱਖਿਆ ਨੇ ਦੱਸਿਆ ਕਿ ਪੱਛਮੀ ਟੈਕਸਾਸ ਦੇ ਹਡਸਪੇਥ ਕਾਊਂਟੀ ਦੇ 47 ਮੀਲ ਲੰਬੇ ਹਿੱਸੇ ’ਚ 30 ਫੁੱਟ ਉੱਚੇ ਸਟੀਲ ਦੇ ਪੈਨਲ ਲਗਾਉਣ ਦਾ ਕੰਮ ਸ਼ੁਰੂ ਹੋ ਚੁੱਕਾ ਹੈ। ਇਹ ਨਿਰਮਾਣ ਪ੍ਰਸ਼ਾਸਨ ਦੀ 46 ਅਰਬ ਡਾਲਰ ਦੀ ਉਸ ਯੋਜਨਾ ਦਾ ਹਿੱਸਾ ਹੈ, ਜਿਸ ਤਹਿਤ ਅਮਰੀਕਾ-ਮੈਕਸਿਕੋ ਸਰਹੱਦ ’ਤੇ ਕੰਧਾਂ, ਰੁਕਾਵਟਾਂ, ਸੜਕਾਂ ਅਤੇ ਤਕਨਾਲੋਜੀ ਦਾ ਜਾਲ ਵਿਛਾ ਕੇ ਡੋਨਲਡ ਟਰੰਪ ਦੇ ਚੋਣ ਵਾਅਦੇ ਨੂੰ ਪੂਰਾ ਕਰਨਾ ਹੈ। ਸੀ.ਬੀ.ਪੀ. ਮੁਤਾਬਕ ਹੁਣ ਸਰਹੱਦ ’ਤੇ ਹ਼ਫ਼ਤੇ ਵਿੱਚ ਔਸਤਨ 12 ਮੀਲ ਲੰਬੀ ਕੰਧ ਬਣਾਈ ਜਾ ਰਹੀ ਹੈ, ਜੋ ਪਹਿਲਾਂ ਨਾਲੋਂ ਦੁੱਗਣੀ ਰਫ਼ਤਾਰ ਨਾਲ ਬਣਾਈ ਜਾ ਰਹੀ ਹੈ ਅਤੇ ਦੂਜੇ ਕਾਰਜਕਾਲ ਤੋਂ ਹੁਣ ਤੱਕ 200 ਮੀਲ ਤੋਂ ਵੱਧ ਨਵੀਂ ਰੁਕਾਵਟ ਬਣਾਈ ਜਾ ਚੁੱਕੀ ਹੈ। (ਬਾਕੀ ਸ.ਫ਼ਾ 27 ’ਤੇ)

# ਅਮਰੀਕਾ ਦਾ ਰਾਹ ਹੋਇਆ ਹੋਰ ਔਖਾ: ਐਚ-1ਬੀ ਵੀਜ਼ਾ ’ਤੇ 1 ਲੱਖ ਡਾਲਰ ਫ਼ੀਸ ਹੁਣ 2027 ਤੱਕ ਲਾਗੂ

## ਭਾਰਤੀ ਆਈ.ਟੀ. ਸੈਕਟਰ ਦੀਆਂ ਵਧੀਆਂ ਮੁਸ਼ਕਲਾਂ



ਅਮਰੀਕਾ ਵਿੱਚ ਰੁਜ਼ਗਾਰ ਹਾਸਲ ਕਰਨ ਦੇ ਚਾਹਵਾਨ ਹੁਨਰਮੰਦ ਭਾਰਤੀ ਨੌਜਵਾਨਾਂ ਅਤੇ ਤਕਨੀਕੀ ਕੰਪਨੀਆਂ ਨੂੰ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਨਵੇਂ ਫ਼ੈਸਲੇ ਨਾਲ ਵੱਡਾ ਝਟਕਾ ਲੱਗਾ ਹੈ। ਵ੍ਹਾਈਟ ਹਾਊਸ ਵੱਲੋਂ ਜਾਰੀ ਤਾਜ਼ਾ ਹੁਕਮਾਂ ਅਨੁਸਾਰ, ਐਚ-1ਬੀ ਗ਼ੈਰ-ਪ੍ਰਵਾਸੀ ਵੀਜ਼ਾ ’ਤੇ ਲਗਾਈ ਗਈ 1,00,000 ਡਾਲਰ (ਕਰੀਬ 83 ਲੱਖ ਭਾਰਤੀ ਰੁਪਏ) ਦੀ ਭਾਰੀ ਫ਼ੀਸ ਨੂੰ ਹੋਰ ਇੱਕ ਸਾਲ ਵਾਸਤੇ ਅੱਗੇ ਵਧਾ ਦਿੱਤਾ ਗਿਆ ਹੈ। ਇਸ ਨਵੇਂ ਕਾਰਜਕਾਰੀ ਹੁਕਮ ਦੇ ਲਾਗੂ ਹੋਣ ਨਾਲ ਹੁਣ ਕੰਪਨੀਆਂ ਨੂੰ ਇਹ ਵਾਧੂ ਫ਼ੀਸ 21 ਸਤੰਬਰ 2027 ਤੱਕ ਭਰਨੀ ਪਵੇਗੀ।

**ਫ਼ੈਸਲੇ ਦਾ ਪਿਛੋਕੜ ਅਤੇ ਮੁੱਖ ਨਿਯਮ**

ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਹ ਵਿਸ਼ੇਸ਼ ਕਾਰਜਕਾਰੀ ਹੁਕਮ ਪਹਿਲੀ ਵਾਰ ਸਤੰਬਰ 2025 ਵਿੱਚ ਜਾਰੀ ਕੀਤਾ ਸੀ। ਸ਼ੁਰੂਆਤੀ ਪੜਾਅ ਵਿੱਚ ਇਹ ਹੁਕਮ ਸਿਰਫ਼ ਇੱਕ ਸਾਲ ਦੀ ਮਿਆਦ ਲਈ ਲਾਗੂ ਕੀਤਾ ਗਿਆ ਸੀ, ਜੋ ਕਿ ਇਸ ਮਹੀਨੇ ਖ਼ਤਮ ਹੋ ਰਿਹਾ ਸੀ। ਹਾਲਾਂਕਿ, ਇਸ ਹੁਕਮ ਦੀ ਮਿਆਦ ਪੁੱਗਣ ਤੋਂ ਠੀਕ ਪਹਿਲਾਂ ਇਸ ਵਿੱਚ ਇੱਕ ਸਾਲ ਦਾ ਹੋਰ ਵਾਧਾ ਕਰ ਦਿੱਤਾ ਗਿਆ ਹੈ।

ਇਸ ਹੁਕਮ ਦੇ ਤਹਿਤ ਕੁਝ ਸ਼੍ਰੇਣੀਆਂ ਨੂੰ ਵਿਸ਼ੇਸ਼ ਛੋਟ ਵੀ ਹਾਸਲ ਹੈ:ਅਮਰੀਕਾ ਵਿੱਚ ਪੜ੍ਹ ਰਹੇ ਵਿਦਿਆਰਥੀ: ਇਹ ਵਧੀ ਹੋਈ ਫ਼ੀਸ ਉਹਨਾਂ ਵਿਦੇਸ਼ੀ ਵਿਦਿਆਰਥੀਆਂ ਉੱਤੇ ਲਾਗੂ ਨਹੀਂ ਹੋਵੇਗੀ ਜੋ ਪਹਿਲਾਂ ਤੋਂ ਹੀ ਸਟੂਡੈਂਟ ਵੀਜ਼ੇ (ਐਫ-1) ਰਾਹੀਂ ਅਮਰੀਕਾ ਵਿੱਚ ਪੜ੍ਹਾਈ ਕਰ ਰਹੇ ਹਨ ਅਤੇ ਬਾਅਦ ਵਿੱਚ ਐਚ-1ਬੀ ਵਿੱਚ ਤਬਦੀਲ ਹੁੰਦੇ ਹਨ। ਜਿਹੜੇ ਪੇਸ਼ੇਵਰ ਪਹਿਲਾਂ ਤੋਂ ਹੀ 8-12 ਵੀਜ਼ੇ ’ਤੇ ਕੰਮ ਕਰ ਰਹੇ ਹਨ, ਉਨ੍ਹਾਂ ਦੇ ਵੀਜ਼ਾ ਨਵੀਨੀਕਰਨ (ਰਿਨਿਊਅਲ) ’ਤੇ ਇਹ 1 ਲੱਖ ਡਾਲਰ ਦੀ ਵਾਧੂ ਫ਼ੀਸ ਲਾਗੂ ਨਹੀਂ ਹੋਵੇਗੀ। ਇਹ ਬੋਝ ਸਿਰਫ਼ ਨਵੀਆਂ ਅਰਜ਼ੀਆਂ ’ਤੇ ਹੀ ਪਵੇਗਾ।

**ਅਮਰੀਕੀ ਅਦਾਲਤਾਂ ਵਿੱਚ ਫ਼ੈਸਲੇ ਨੂੰ ਚੁਣੌਤੀ**

ਇਸ ਵਧੀ ਹੋਈ ਫ਼ੀਸ ਨੂੰ ਅਮਰੀਕਾ ਦੇ ਅੰਦਰ ਹੀ ਕਾਨੂੰਨੀ ਪੱਧਰ ’ਤੇ ਤਿੱਖੇ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਬੋਸਟਨ ਸਥਿਤ ਸੰਘੀ ਅਪੀਲੀ ਅਦਾਲਤ ਵੱਲੋਂ ਜੂਨ ਮਹੀਨੇ ਦੇ ਉਸ ਫ਼ੈਸਲੇ ਦੀ ਸਮੀਖਿਆ ਕੀਤੀ ਜਾ ਰਹੀ ਹੈ, ਜਿਸ ਵਿੱਚ ਇੱਕ ਫੈਡਰਲ ਜੱਜ ਨੇ ਇਸ ਫ਼ੀਸ ਨੂੰ ਗ਼ੈਰ-ਕਾਨੂੰਨੀ ਠਹਿਰਾਉਂਦਿਆਂ ਸਰਕਾਰ ਨੂੰ ਇਸ ਦੀ ਵਸੂਲੀ ਕਰਨ ਤੋਂ ਰੋਕ ਦਿੱਤਾ ਸੀ।

ਇਸ ਦੇ ਨਾਲ ਹੀ, ਅਮਰੀਕਾ ਦੇ ਸਭ ਤੋਂ ਵੱਡੇ ਵਪਾਰਕ ਸਮੂਹ ‘ਯੂ.ਐੱਸ. ਚੈਂਬਰ ਆਫ਼ ਕਾਮਰਸ’ ਵੱਲੋਂ ਵੀ ਇਸ ਫ਼ੀਸ ਦੇ ਵਿਰੁੱਧ ਪਟੀਸ਼ਨ ਦਾਇਰ ਕਰਕੇ ਕਾਨੂੰਨੀ ਲੜਾਈ ਲੜੀ ਜਾ ਰਹੀ ਹੈ, ਜਿਸ ’ਤੇ ਅਦਾਲਤ ਵਿਚਾਰ ਕਰ ਰਹੀ ਹੈ। ਵਪਾਰਕ ਸੰਗਠਨਾਂ ਦਾ ਕਹਿਣਾ ਹੈ ਕਿ ਇੰਨੀ ਵੱਡੀ ਰਕਮ ਕੰਪਨੀਆਂ ਦੇ ਵਿੱਤੀ ਢਾਂਚੇ ਨੂੰ ਨੁਕਸਾਨ ਪਹੁੰਚਾ ਰਹੀ ਹੈ।

**ਐਚ-1ਬੀ ਵੀਜ਼ਾ ਪ੍ਰਣਾਲੀ ਅਤੇ ਵਿਵਾਦ ਦੀ ਜੜ੍ਹ**

ਅਮਰੀਕੀ ਕਾਂਗਰਸ ਵੱਲੋਂ 1990 ਵਿੱਚ ਸ਼ੁਰੂ ਕੀਤਾ ਗਿਆ ਐਚ-1ਬੀ ਪ੍ਰੋਗਰਾਮ ਇੱਕ ਗ਼ੈਰ-ਪ੍ਰਵਾਸੀ ਵੀਜ਼ਾ ਹੈ। ਇਸ ਪ੍ਰਣਾਲੀ ਤਹਿਤ ਅਮਰੀਕੀ ਕੰਪਨੀਆਂ ਵਿਗਿਆਨ, ਤਕਨਾਲੋਜੀ, ਇੰਜੀਨੀਅਰਿੰਗ ਅਤੇ ਗਣਿਤ ਵਰਗੇ ਉੱਚ ਤਕਨੀਕੀ ਖੇਤਰਾਂ ਵਿੱਚ ਵਿਦੇਸ਼ੀ ਮਾਹਿਰਾਂ ਨੂੰ ਨੌਕਰੀ ’ਤੇ ਰੱਖਦੀਆਂ ਹਨ। (ਬਾਕੀ ਸ.ਫ਼ਾ 26 ’ਤੇ)

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu

Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

## ਬਲਬੀਰ ਸਿੰਘ ਸੋਢੀ ਦੇ ਕਤਲ ਦੇ 25 ਸਾਲ

# ਅਮਰੀਕਾ 'ਚ ਸਿੱਖਾਂ ਖ਼ਿਲਾਫ਼ ਨ.ਫਰਤੀ ਅਪਰਾਧਾਂ 'ਚ 25 ਫ਼ੀਸਦੀ ਵਾਧਾ

### 9/11 ਮਗਰੋਂ ਨ.ਫਰਤੀ ਹਿੰਸਾ ਦਾ ਸ਼ਿਕਾਰ ਹੋਏ ਪਹਿਲੇ ਸਿੱਖ ਦੀ 25ਵੀਂ ਬਰਸੀ 'ਤੇ ਪਰਿਵਾਰ ਨੇ ਦਿੱਤਾ ਪਿਆਰ ਤੇ ਸਾਂਝ ਦਾ ਸੁਨੇਹਾ

ਵਾਸ਼ਿੰਗਟਨ/ਏ.ਟੀ.ਨਿਊਜ਼:ਅਮਰੀਕਾ ਵਿੱਚ ਬਲਬੀਰ ਸਿੰਘ ਸੋਢੀ ਦੇ ਕਤਲ ਨੂੰ ਪੱਚੀ ਸਾਲ ਬੀਤ ਚੁੱਕੇ ਹਨ। 9/11 ਤੋਂ ਬਾਅਦ ਉਹ ਨ.ਫਰਤੀ ਹਿੰਸਾ ਦਾ ਪਹਿਲਾ ਸ਼ਿਕਾਰ ਬਣੇ ਸਨ। ਉਨ੍ਹਾਂ ਦਾ ਕਸੂਰ ਸਿਰਫ਼ ਦਸਤਾਰ ਅਤੇ ਦਾੜ੍ਹੀ ਸੀ।

ਯਾਦ ਰਹੇ ਕਿ 15 ਸਤੰਬਰ 2001 ਨੂੰ ਫਰੈਂਕ ਰੋਕੇ ਨਾਮੀ ਵਿਅਕਤੀ ਨੇ ਬਲਬੀਰ ਸਿੰਘ ਸੋਢੀ ਦੀ ਦਸਤਾਰ ਅਤੇ ਦਾੜ੍ਹੀ ਕਾਰਨ ਉਨ੍ਹਾਂ ਨੂੰ ਗਲਤਫਹਿਮੀ ਵੱਸ ਅਰਬ ਮੁਸਲਿਮ ਸਮਝ ਕੇ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਸੀ। ਉਸ ਸਮੇਂ ਸੋਢੀ ਆਪਣੇ ਗੈਸ ਸਟੇਸ਼ਨ ਦੇ ਬਾਹਰ 9/11 ਦੇ ਪੀੜਤਾਂ ਦੀ ਯਾਦ ਵਿੱਚ ਫੁੱਲ ਲਗਾ ਰਹੇ ਸਨ।

ਅੱਜ ਵੀ ਸਿੱਖ ਭਾਈਚਾਰੇ ਲਈ ਅਮਰੀਕਾ ਦੇ ਹਾਲਾਤ ਹਾਲਾਤ ਪੂਰੀ ਤਰ੍ਹਾਂ ਸੁਰੱਖਿਅਤ ਨਹੀਂ ਹਨ। ਐੱਫ.ਬੀ.ਆਈ. ਦੇ ਅੰਕੜੇ ਦੱਸਦੇ ਹਨ ਕਿ ਸਿੱਖਾਂ ਵਿਰੁੱਧ ਨ.ਫਰਤੀ ਅਪਰਾਧਾਂ ਵਿੱਚ ਵਾਧਾ ਹੋਇਆ ਹੈ। ਐੱਫ.ਬੀ.ਆਈ. ਦੇ ਅੰਕੜਿਆਂ ਅਨੁਸਾਰ, ਅਮਰੀਕਾ ਵਿੱਚ ਸਮੁੱਚੇ ਨ.ਫਰਤੀ ਅਪਰਾਧਾਂ ਵਿੱਚ ਗਿਰਾਵਟ ਦੇ ਬਾਵਜੂਦ ਸਿੱਖਾਂ ਵਿਰੁੱਧ ਹੇਟ ਕ੍ਰਾਈਮ 2024 ਤੋਂ 2025 ਦਰਮਿਆਨ ਲਗਭਗ 25% ਵਧੇ ਹਨ (142 ਤੋਂ ਵਧ ਕੇ 177)।ਅਜਿਹੇ ਮਾਹੌਲ ਵਿੱਚ ਸੋਢੀ ਪਰਿਵਾਰ ਵੱਲੋਂ ਦਿੱਤਾ ਗਿਆ ਸੁਨੇਹਾ ਰਾਹ ਦਸੇਰਾ ਹੈ। ਉਨ੍ਹਾਂ ਨੇ ਨ.ਫਰਤ ਦਾ ਜਵਾਬ ਹਮੇਸ਼ਾ ਮੁਆਫ਼ੀ ਅਤੇ ਪਿਆਰ ਨਾਲ ਦਿੱਤਾ ਹੈ। ਮੇਸਾ ਵਿੱਚ ਹੋਈ ਪ੍ਰਾਰਥਨਾ ਸਭਾ ਆਪਸੀ ਏਕਤਾ ਦੀ ਵੱਡੀ ਮਿਸਾਲ ਹੈ। ਇਸ 25ਵੇਂ ਯਾਦਗਾਰੀ ਸਮਾਗਮ ਦਾ ਆਯੋਜਨ 'ਸਿੱਖ ਕੋਲੀਸ਼ਨ' ਅਤੇ 'ਦਿ ਰੈਵੋਲਿਊਸ਼ਨਰੀ ਲਵ ਪ੍ਰੋਜੈਕਟ' ਦੇ ਸਹਿਯੋਗ ਨਾਲ ਕੀਤਾ ਗਿਆ। ਇਸ ਦੌਰਾਨ ਸਿੱਖ, ਇਸਲਾਮ, ਹਿੰਦੂ, ਇਸਾਈ ਅਤੇ ਯਹੂਦੀ ਧਰਮ ਦੇ ਨੁਮਾਇੰਦਿਆਂ ਨੇ ਸ਼ਾਂਤੀ, ਪਿਆਰ ਅਤੇ ਆਪਸੀ ਏਕਤਾ ਦਾ ਸੁਨੇਹਾ ਦਿੱਤਾ। ਵੱਖ-ਵੱਖ ਧਰਮਾਂ ਦਾ ਇਕੱਠੇ ਆਉਣਾ ਉਮੀਦ ਜਗਾਉਂਦਾ ਹੈ। ਸਮਾਗਮ ਦੌਰਾਨ ਡਿਪਾਰਟਮੈਂਟ ਆਫ਼ ਹੋਮਲੈਂਡ ਸਿਕਿਓਰਿਟੀ ਵੱਲੋਂ ਹਾਲ ਹੀ ਵਿੱਚ ਸਿੱਖ ਟਰੱਕ ਡਰਾਈਵਰਾਂ ਨੂੰ ਨਿਸ਼ਾਨਾ ਬਣਾ ਕੇ ਪਾਈ ਗਈ (ਅਤੇ ਬਾਅਦ ਵਿੱਚ ਹਟਾਈ ਗਈ) ਇੱਕ ਏ.ਆਈ. ਤਸਵੀਰ ਦਾ ਜ਼ਿਕਰ ਕਰਦਿਆਂ ਚਿੰਤਾ ਜ਼ਾਹਰ ਕੀਤੀ ਗਈ। ਕਾਰਕੁਨਾਂ ਦਾ ਕਹਿਣਾ ਹੈ ਕਿ ਸਰਕਾਰੀ ਪੱਧਰ 'ਤੇ ਅਜਿਹੀ ਬਿਆਨਬਾਜ਼ੀ ਭਾਈਚਾਰੇ ਲਈ ਖ਼ਤਰਾ ਪੈਦਾ ਕਰਦੀ ਹੈ।





ਉੱਤਰੀ ਅਮਰੀਕਾ ਵਿੱਚ ਲਗਭਗ 1.5 ਲੱਖ ਸਿੱਖ ਟਰੱਕ ਡਰਾਈਵਰ ਕੰਮ ਕਰ ਰਹੇ ਹਨ, ਜੋ ਕਿ ਕੈਲੀਫੋਰਨੀਆ ਦੇ 40% ਅਤੇ ਪੂਰੇ ਅਮਰੀਕਾ ਦੇ ਕੁੱਲ ਟਰੱਕ ਕਾਰੋਬਾਰ ਦਾ 20% ਹਿੱਸਾ ਬਣਦੇ ਹਨ।

ਸੋਢੀ ਦੇ ਭਰਾ ਰਾਣਾ ਸਿੰਘ ਸੋਢੀ ਨੇ ਦੱਸਿਆ ਕਿ ਉਨ੍ਹਾਂ ਦਾ ਪਰਿਵਾਰ ਨ.ਫਰਤ ਦਾ ਜਵਾਬ ਪਿਆਰ ਨਾਲ ਦਿੰਦਾ ਆ ਰਿਹਾ ਹੈ। ਉਨ੍ਹਾਂ ਨੇ ਕਾਤਲ ਫਰੈਂਕ ਰੋਕੇ ਨੂੰ ਸਜ਼ਾ ਦੌਰਾਨ ਹੀ ਮੁਆਫ਼ ਕਰ ਦਿੱਤਾ ਸੀ ਅਤੇ 2022 ਵਿੱਚ ਰੋਕੇ ਦੀ ਮੌਤ 'ਤੇ ਉਸ ਦੇ ਪਰਿਵਾਰ ਨਾਲ ਹਮਦਰਦੀ ਵੀ ਪ੍ਰਗਟਾਈ ਸੀ। ਸਮਾਗਮ ਵਿੱਚ ਬੁਲਾਰਿਆਂ ਨੇ ਜ਼ੋਰ ਦਿੱਤਾ ਕਿ ਬਲਬੀਰ ਸਿੰਘ ਸੋਢੀ ਦਾ ਜੀਵਨ ਬਿਨਾਂ ਸ਼ਰਤ ਪਿਆਰ ਅਤੇ ਸਾਂਝੀਵਾਲਤਾ ਦਾ ਪ੍ਰਤੀਕ ਹੈ, ਜਿਸ ਨੂੰ ਅੱਜ ਦੇ ਦੌਰ ਵਿੱਚ ਹੋਰ ਅੱਗੇ ਵਧਾਉਣ ਦੀ ਲੋੜ ਹੈ।ਪੰਥਕ ਆਗੂ ਮੇਅਰ ਸਵਰਨਜੀਤ ਸਿੰਘ ਖ਼ਾਲਸਾ ਕਨੈਟੀਕਟ ਦਾ ਕਹਿਣਾ ਹੈ ਕਿ ਸਿੱਖਾਂ ਨੇ ਹਮੇਸ਼ਾ ਅਮਰੀਕੀ ਆਰਥਿਕਤਾ ਅਤੇ ਸਮਾਜ ਵਿੱਚ ਵੱਡਾ ਯੋਗਦਾਨ ਪਾਇਆ ਹੈ। ਟਰੱਕ ਕਾਰੋਬਾਰ ਵਿੱਚ ਉਨ੍ਹਾਂ ਦੀ ਮਿਹਨਤ ਸਭ ਦੇ ਸਾਹਮਣੇ ਹੈ। ਇਸ ਦੇ ਬਾਵਜੂਦ ਸ਼ੱਕ ਦੀ ਨਿਗਾਹ ਨਾਲ ਦੇਖਣਾ ਬੇਇਨਸਾਫ਼ੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਸਰਕਾਰਾਂ ਅਤੇ ਸਮਾਜ ਨੂੰ ਨ.ਫਰਤੀ ਪ੍ਰਚਾਰ ਵਿਰੁੱਧ ਸਖ਼ਤ ਹੋਣਾ ਪਵੇਗਾ। ਅਗਿਆਨਤਾ ਨੂੰ ਸਿਰਫ਼ ਜਾਗਰੂਕਤਾ ਨਾਲ ਹੀ ਦੂਰ ਕੀਤਾ ਜਾ ਸਕਦਾ ਹੈ। ਨ.ਫਰਤ ਨੂੰ ਹਰਾਉਣ ਲਈ ਭਾਈਚਾਰਕ ਸਾਂਝ ਹੀ ਸਭ ਤੋਂ ਵੱਡਾ ਹਥਿਆਰ ਹੈ।

# ਨਸਲਵਾਦੀ ਹਮਲੇ ਖ਼ਿਲਾ.ਫ ਭਖੀ ਅਮਰੀਕੀ ਸਿਆਸਤ, ਡੈਮੋਕ੍ਰੇਟਸ ਵੱਲੋਂ ਜਵਾਬਦੇਹੀ ਦੀ ਮੰਗ

### ਸਿੱਖ ਡਰਾਈਵਰ 'ਤੇ ਵਾਇਓਮਿੰਗ 'ਚ ਖ਼ੂਨੀ ਹਮਲਾ; ਹਿਸਪੈਨਿਕ ਪਰਿਵਾਰ ਨੇ ਮਸੀਹਾ ਬਣ ਬਚਾਈ ਜਾਨ

ਅਮਰੀਕਾ ਦੇ ਵਾਇਓਮਿੰਗ ਸੂਬੇ ਤੋਂ ਦਿਲ ਹਿਲਾਉਣ ਵਾਲੀ ਖ਼ਬਰ ਸਾਹਮਣੇ ਆਈ ਹੈ। ਇੱਥੇ ਇੱਕ ਸਿੱਖ ਟਰੱਕ ਡਰਾਈਵਰ ਉੱਤੇ ਅਣਪਛਾਤੇ ਵਿਅਕਤੀ ਵੱਲੋਂ ਕਾਤਲਾਨਾ ਹਮਲਾ ਕਰਕੇ ਚਾਕੂ ਨਾਲ 17 ਵਾਰ ਕੀਤੇ ਗਏ। ਇਸ ਖ਼ੂਨੀ ਕਾਰੇ ਨੇ ਪੂਰੇ ਅਮਰੀਕਾ ਵਿੱਚ ਵੱਸਦੇ ਦੱਖਣੀ ਏਸ਼ੀਆਈ ਭਾਈਚਾਰੇ ਦੇ ਪੈਰਾਂ ਹੇਠੋਂ ਜ਼ਮੀਨ ਖਿਸਕਾ ਦਿੱਤੀ ਹੈ। ਰੋਜ਼ੀ-ਰੋਟੀ ਕਮਾਉਣ ਗਏ ਪਰਦੇਸੀ ਕਾਮਿਆਂ ਵਿੱਚ ਇਸ ਘਟਨਾ ਤੋਂ ਬਾਅਦ ਭਾਰੀ ਸਹਿਮ ਦਾ ਮਾਹੌਲ ਬਣ ਗਿਆ ਹੈ। ਹਸਪਤਾਲ ਦੇ ਬਿਸਤਰੇ 'ਤੇ ਪਏ ਜ਼ਖ਼ਮੀ ਡਰਾਈਵਰ ਨੇ ਆਪਣੀ ਹੱਡਬੀਤੀ ਸੁਣਾਉਂਦਿਆਂ ਦੱਸਿਆ ਕਿ ਇਹ ਹਮਲਾ ਬਿਲਕੁਲ ਬਿਨਾਂ ਕਿਸੇ ਕਸੂਰ ਜਾਂ ਭੜਕਾਹਟ ਦੇ ਕੀਤਾ ਗਿਆ ਸੀ।





ਇਹ ਦਰਦਨਾਕ ਵਾਰਦਾਤ ਬੀਤੇ ਐਤਵਾਰ ਦੀ ਸਵੇਰ ਨੂੰ ਵਾਪਰੀ, ਜਦੋਂ ਪੀੜਤ ਸਿੰਘ ਆਪਣਾ ਟਰੱਕ ਲੈ ਕੇ ਪੈਨਸਿਲਵੇਨੀਆ ਵੱਲ ਜਾ ਰਿਹਾ ਸੀ। ਲੰਮੇ ਸ.ਫਰ ਦੌਰਾਨ ਉਹ ਦੱਖਣੀ ਵਾਇਓਮਿੰਗ ਦੇ ਇੱਕ ਜਾਣੇ-ਪਛਾਣੇ ਰੈਸਟ ਏਰੀਆ ਵਿੱਚ ਬਾਥਰੂਮ ਜਾਣ ਲਈ ਰੁਕਿਆ ਸੀ। ਸਿੰਘ ਪਹਿਲਾਂ ਵੀ ਅਕਸਰ ਇਸ ਥਾਂ 'ਤੇ ਰੁਕਦਾ ਹੁੰਦਾ ਸੀ ਅਤੇ ਕਦੇ ਕੋਈ ਦਿੱਕਤ ਪੇਸ਼ ਨਹੀਂ ਸੀ ਆਈ। ਜਿਉਂ ਹੀ ਉਹ ਬਾਥਰੂਮ ਵੱਲ ਵਧਿਆ, ਉਸ ਨੂੰ ਮਗਰ ਕਿਸੇ ਦੇ ਕਦਮਾਂ ਦੀ ਆਹਟ ਸੁਣਾਈ ਦਿੱਤੀ। ਅਜੇ ਉਹ ਪਿੱਛੇ ਮੁੜ ਕੇ ਵੇਖਣ ਹੀ ਲੱਗਾ ਸੀ ਕਿ ਹਮਲਾਵਰ ਨੇ ਸਿਰ 'ਤੇ ਕਹਿਰ ਢਾਹ ਦਿੱਤਾ ਅਤੇ ਬਿਨਾਂ ਕੁਝ ਬੋਲੇ ਅੰਨ੍ਹੇਵਾਹ ਕੁੱਟਮਾਰ ਸ਼ੁਰੂ ਕਰ ਦਿੱਤੀ।

ਮਾਮਲਾ ਸਿਰਫ਼ ਕੁੱਟਮਾਰ ਤੱਕ ਹੀ ਸੀਮਤ ਨਹੀਂ ਰਿਹਾ। ਹਮਲਾਵਰ ਨੇ ਝੱਟ ਆਪਣੀ ਜੇਬ ਵਿੱਚੋਂ ਤਿੱਖਾ ਚਾਕੂ ਕੱਢ ਲਿਆ ਅਤੇ ਸਿੰਘ ਉੱਤੇ ਲਗਾਤਾਰ ਵਾਰ ਕਰਨੇ ਸ਼ੁਰੂ ਕਰ ਦਿੱਤੇ। ਧੌਣ, ਪਿੱਠ ਅਤੇ ਢਿੱਡ ਸਮੇਤ ਉਸ ਦੇ ਸਰੀਰ 'ਤੇ 17 ਥਾਵਾਂ ਉੱਤੇ ਡੂੰਘੇ ਜ਼ਖ਼ਮ ਕਰ ਦਿੱਤੇ ਗਏ। ਖ਼ੂਨ ਨਾਲ ਲੱਥਪੱਥ ਕਰਕੇ ਹਮਲਾਵਰ ਮੌਕੇ ਤੋਂ ਰਫੂ-ਚੱਕਰ ਹੋ ਗਿਆ। ਸਿੰਘ ਕਿਸੇ ਤਰ੍ਹਾਂ ਡਿੱਗਦਾ-ਢਹਿੰਦਾ ਬਾਹਰ ਪਾਰਕਿੰਗ ਵਾਲੇ ਪਾਸੇ ਆਇਆ ਅਤੇ ਕੰਕਰੀਟ ਦੀ ਸੜਕ 'ਤੇ ਬੇਹੋਸ਼ ਹੋ ਕੇ ਡਿੱਗ ਪਿਆ।

ਇਸ ਨਾਜ਼ੁਕ ਘੜੀ ਵਿੱਚ ਰੱਬ ਬਣ ਕੇ ਇੱਕ ਹਿਸਪੈਨਿਕ ਪਰਿਵਾਰ ਉੱਥੇ ਬਹੁੜਿਆ। ਉਸ ਵੇਲੇ ਰੈਸਟ ਸਟਾਪ 'ਤੇ ਮੌਜੂਦ ਇਸ ਪਰਿਵਾਰ ਨੇ ਬਿਨਾਂ ਪਲ ਗਵਾਏ ਖ਼ੂਨ ਨਾਲ ਲੱਥਪੱਥ ਸਿੰਘ ਨੂੰ ਸੰਭਾਲਿਆ। ਉਨ੍ਹਾਂ ਨੇ ਉਸ ਦੇ ਵਗਦੇ ਖ਼ੂਨ ਨੂੰ ਰੋਕਣ ਲਈ ਮੁੱਢਲੀ ਮਦਦ ਕੀਤੀ ਅਤੇ ਤੁਰੰਤ ਐਮਰਜੈਂਸੀ ਮੈਡੀਕਲ ਟੀਮ ਨੂੰ ਸੂਚਿਤ ਕੀਤਾ। ਸਿੰਘ ਨੇ ਹਸਪਤਾਲ ਵਿੱਚੋਂ ਬੋਲਦਿਆਂ ਭਰੇ ਮਨ ਨਾਲ ਆਖਿਆ ਕਿ ਇਸ ਪਰਿਵਾਰ ਦੀ ਨੇਕੀ ਨੇ ਉਸ ਨੂੰ ਮੌਤ ਦੇ ਮੂੰਹੋਂ ਕੱਢ ਕੇ ਦੂਜੀ ਜ਼ਿੰਦਗੀ ਬਖ਼ਸ਼ੀ ਹੈ, ਨਹੀਂ ਤਾਂ ਉਸ ਨੇ ਨਹੀਂ ਬਚਣਾ ਸੀ।

ਇਸ ਦਰਦਨਾਕ ਕਾਂਡ ਤੋਂ ਕੁਝ ਦਿਨ ਪਹਿਲਾਂ ਹੀ ਅਮਰੀਕਾ ਦੇ ਹੋਮਲੈਂਡ ਸਿਕਿਓਰਿਟੀ ਵਿਭਾਗ ਦੇ ਸੋਸ਼ਲ ਮੀਡੀਆ ਖ਼ਾਤੇ ਤੋਂ ਇੱਕ ਬੇਹੱਦ ਇਤਰਾਜ਼ਯੋਗ ਪੋਸਟ ਪਾਈ ਗਈ ਸੀ। ਉਸ ਪੋਸਟ ਵਿੱਚ ਇੱਕ ਭਾਰਤੀ ਦੀ ਤਸਵੀਰ ਲਗਾ ਕੇ ਲਿਖਿਆ ਗਿਆ ਸੀ, 'ਸਾਡੀਆਂ ਸੜਕਾਂ ਤੋਂ ਲਾਂਭੇ ਹੋ ਜਾਓ, ਤੁਹਾਨੂੰ ਗੱਡੀ ਚਲਾਉਣੀ ਨਹੀਂ ਆਉਂਦੀ,ਮਿਸਟਰ ਸਿੰਘ।' ਲੋਕਾਂ ਵਿੱਚ ਭਾਰੀ ਰੋਸ ਫੈਲਣ ਤੋਂ ਬਾਅਦ ਵਿਭਾਗ ਨੇ ਇਹ ਪੋਸਟ ਹਟਾ ਤਾਂ ਦਿੱਤੀ ਸੀ ਅਤੇ ਸਫ਼ਾਈ ਦਿੱਤੀ ਸੀ ਕਿ ਇਹ ਕਿਸੇ ਪੁਰਾਣੇ ਹਾਦਸੇ ਦੇ ਮੁਲਜ਼ਮ ਹਰਜਿੰਦਰ ਸਿੰਘ ਬਾਰੇ ਸੀ, ਪਰ ਇਸ ਪੋਸਟ ਨੇ ਨ.ਫਰਤ ਦੀ ਅੱਗ ਵਿੱਚ ਘਿਓ ਪਾਉਣ ਦਾ ਕੰਮ ਕੀਤਾ।

(ਬਾਕੀ ਸਫ਼ਾ 27 'ਤੇ)

# ਇੰਗਲੈਂਡ 'ਚ ਸਿੱਖ ਡਰਾਇਵਰ ਦੀ ਕੁੱਟਮਾਰ ਕਰਕੇ ਬੱਸ ਖੋਹੀ

ਲੰਡਨ/ਏ.ਟੀ.ਨਿਊਜ਼: ਇੰਗਲੈਂਡ ਦੇ ਵੈਸਟ ਮਿਡਲੈਂਡਜ਼ ਇਲਾਕੇ ਦੇ ਮਾਰਕੀਟ ਟਾਊਨ 'ਚ ਬਰਤਾਨਵੀ ਸਿੱਖ ਚਾਲਕ 'ਤੇ ਹਮਲਾ ਕੀਤਾ ਗਿਆ ਅਤੇ ਉਸ ਦੀ ਬੱਸ ਖੋਹ ਲਈ ਗਈ। ਪੁਲਿਸ ਨੇ ਮਾਮਲੇ 'ਚ ਗ੍ਰਿ.ਫਤਾਰੀ ਮਗਰੋਂ ਇਹ ਜਾਣਕਾਰੀ ਦਿੱਤੀ ਹੈ।

ਵੈਸਟ ਮਰਸੀਆ ਪੁਲਿਸ ਨੇ ਦੱਸਿਆ ਕਿ ਲੰਘੀ ਸ਼ਾਮ ਟੈਲਫੋਰਡ 'ਚ ਬੱਸ ਖੋਹ ਲਈ ਗਈ ਅਤੇ ਉਸ ਨਾਲ ਕਈ ਗੱਡੀਆਂ ਨੂੰ ਟੱਕਰ ਮਾਰੀ ਗਈ ਹੈ। ਸ਼੍ਰਾਪਸ਼ਾਇਰ ਵਿੱਚ ਮੈਡਲੀ ਕੋਰਟ ਸਟਰੀਟ 'ਤੇ ਹੋਏ ਹਮਲੇ ਦੀ ਵੀਡੀਓ ਵਾਇਰਲ ਹੋ ਗਈ ਹੈ ਜਿਸ 'ਚ ਚਾਲਕ 'ਤੇ ਹਮਲਾ ਹੁੰਦੇ ਅਤੇ ਉਸ ਨੂੰ 'ਵਾਹਨ ਤੋਂ ਬਾਹਰ ਸੁੱਟਦੇ' ਹੋਏ ਦੇਖਿਆ ਗਿਆ ਹੈ। ਡਿਟੈਕਟਿਵ ਸਾਰਜੈਂਟ ਟਾਈਗ ਲੈਨੀ ਨੇ ਕਿਹਾ, "ਅਸੀਂ ਸਮਝਦੇ ਹਾਂ ਕਿ ਇਹ ਸ਼ਾਮ ਇਲਾਕੇ 'ਚ ਮੌਜੂਦ ਲੋਕਾਂ ਲਈ ਇਹ ਡਰਾਉਣੀ ਘਟਨਾ ਰਹੀ ਹੋਵੇਗੀ। ਮੈਂ ਭਾਈਚਾਰੇ ਨੂੰ ਭਰੋਸਾ ਦੇਣਾ ਚਾਹੁੰਦਾ ਹਾਂ ਕਿ ਪੁਲਿਸ ਨੇ ਤੁਰੰਤ ਕਾਰਵਾਈ ਕੀਤੀ ਅਤੇ ਇੱਕ ਸ਼ਖ਼ਸ ਨੂੰ ਗ੍ਰਿ.ਫਤਾਰ ਕੀਤਾ ਗਿਆ ਹੈ ਜੋ ਹਾਲੇ ਪੁਲਿਸ ਦੀ ਹਿਰਾਸਤ ਵਿੱਚ ਹੈ। ਸਾਡੀ ਜਾਂਚ ਜਾਰੀ ਹੈ ਅਤੇ ਅਸੀਂ ਉਨ੍ਹਾਂ ਲੋਕਾਂ ਨਾਲ ਗੱਲ ਕਰਨਾ ਚਾਹੁੰਦੇ ਹਾਂ ਜਿਨ੍ਹਾਂ ਘਟਨਾ ਦੇਖੀ ਹੋਵੇ ਜਾਂ ਜਿਨ੍ਹਾਂ ਕੋਲ ਅਜਿਹੀ ਫੁਟੇਜ ਹੋਵੇ ਜਿਸ ਤੋਂ ਸਾਨੂੰ ਮਦਦ ਮਿਲ ਸਕੇ।" ਪੁਲਿਸ ਨੇ ਦੱਸਿਆ ਕਿ

### ਪੁਲਿਸ ਨੇ ਕੀਤਾ ਮੁਲਜ਼ਮ ਨੂੰ ਗ੍ਰਿ.ਫਤਾਰ




ਅਣਪਛਾਤੇ ਸ਼ਖ਼ਸ ਅਤੇ ਡਰਾਈਵਰ ਵਿਚਾਲੇ ਹੋਈ ਬਹਿਸ ਤੋਂ ਬਾਅਦ ਬੱਸ ਨੂੰ ਪਾਰਕ ਵੇਅ ਤੋਂ ਹਾਈ ਸਟਰੀਟ ਵੱਲ ਸੜਕ ਦੀ ਗ਼ਲਤ ਦਿਸ਼ਾ ਵਿੱਚ ਦੌੜਾਇਆ ਗਿਆ ਅਤੇ ਉਹ ਕਈ ਗੱਡੀਆਂ ਨਾਲ ਟਕਰਾ ਗਈ। ਅਖ਼ੀਰ ਬੱਸ ਨੂੰ ਰੋਕ ਲਿਆ ਗਿਆ ਅਤੇ ਅਧਿਕਾਰੀਆਂ ਨੇ ਲੁੱਟ-ਖੋਹ ਤੇ ਖ਼ਤਰਨਾਕ ਢੰਗ ਨਾਲ ਗੱਡੀ ਚਲਾਉਣ ਦੇ ਦੋਸ਼ ਹੇਠ 20-25 ਸਾਲ ਦੇ ਸ਼ਖ਼ਸ ਨੂੰ ਗ੍ਰਿ.ਫਤਾਰ ਕਰ ਲਿਆ। ਅਧਿਕਾਰੀਆਂ ਮੁਤਾਬਕ ਬੱਸ ਚਾਲਕ ਨੂੰ ਮਾਮੂਲੀ ਸੱਟਾਂ ਵੱਜੀਆਂ ਹਨ।

ਇੰਗਲੈਂਡ ਦੇ ਵੈਸਟ ਮਿਡਲੈਂਡਜ਼ ਇਲਾਕੇ ਦੇ ਮਾਰਕਿਟ ਟਾਊਨ 'ਚ ਬਰਤਾਨਵੀ ਸਿੱਖ ਚਾਲਕ 'ਤੇ ਹਮਲਾ ਕੀਤਾ ਗਿਆ ਅਤੇ ਉਸ ਦੀ ਬੱਸ ਖੋਹ ਲਈ ਗਈ। ਪੁਲੀਸ ਨੇ ਮਾਮਲੇ 'ਚ ਗ੍ਰਿ.ਫਤਾਰੀ ਮਗਰੋਂ ਇਹ ਜਾਣਕਾਰੀ ਦਿੱਤੀ ਹੈ।ਵੈਸਟ ਮਰਸੀਆ ਪੁਲੀਸ ਨੇ ਦੱਸਿਆ ਕਿ ਲੰਘੀ ਸ਼ਾਮ ਟੈਲਫੋਰਡ 'ਚ ਬੱਸ ਖੋਹ ਲਈ ਗਈ ਅਤੇ ਉਸ ਨਾਲ ਕਈ ਗੱਡੀਆਂ ਨੂੰ ਟੱਕਰ ਮਾਰੀ ਗਈ ਹੈ। ਸ਼੍ਰਾਪਸ਼ਾਇਰ ਵਿੱਚ ਮੈਡਲੀ ਕੋਰਟ ਸਟਰੀਟ 'ਤੇ ਹੋਏ ਹਮਲੇ ਦੀ ਵੀਡੀਓ ਵਾਇਰਲ ਹੋ ਗਈ ਹੈ ਜਿਸ 'ਚ ਚਾਲਕ 'ਤੇ ਹਮਲਾ ਹੁੰਦੇ ਅਤੇ ਉਸ ਨੂੰ 'ਵਾਹਨ ਤੋਂ ਬਾਹਰ ਸੁੱਟਦੇ' ਹੋਏ ਦੇਖਿਆ ਗਿਆ ਹੈ। ਡਿਟੈਕਟਿਵ ਸਾਰਜੈਂਟ ਟਾਈਗ ਲੈਨੀ ਨੇ ਕਿਹਾ, "ਅਸੀਂ ਸਮਝਦੇ ਹਾਂ ਕਿ ਇਹ ਸ਼ਾਮ ਇਲਾਕੇ 'ਚ ਮੌਜੂਦ ਲੋਕਾਂ ਲਈ ਇਹ ਡਰਾਉਣੀ ਘਟਨਾ ਰਹੀ ਹੋਵੇਗੀ। ਮੈਂ ਭਾਈਚਾਰੇ ਨੂੰ ਭਰੋਸਾ ਦੇਣਾ ਚਾਹੁੰਦਾ ਹਾਂ ਕਿ ਪੁਲੀਸ ਨੇ ਤੁਰੰਤ ਕਾਰਵਾਈ ਕੀਤੀ ਅਤੇ ਇੱਕ ਸ਼ਖ਼ਸ ਨੂੰ ਗ੍ਰਿ.ਫਤਾਰ ਕੀਤਾ ਗਿਆ ਹੈ ਜੋ ਹਾਲੇ ਪੁਲੀਸ ਦੀ ਹਿਰਾਸਤ ਵਿੱਚ ਹੈ।




# ਦੁੱਖ ਬੁਰੇ 'ਦੇਸ਼ ਨਿਕਾਲੇ' ਦੇ

## ਕੈਨੇਡਾ ਤੋਂ ਦੇਸ਼ ਨਿਕਾਲਾ ਦਿੱਤੇ ਗਏ ਭਾਰਤੀਆਂ 'ਚ 60 ਫ਼ੀਸਦੀ ਪੰਜਾਬੀ

**ਅੰਮ੍ਰਿਤਸਰ ਟਾਈਮਜ਼ ਬਿਊਰੋ**

ਵਿਸ਼ਵ ਦੇ ਦੂਜੇ ਸਭ ਤੋਂ ਵੱਡੇ ਮੁਲਕ ਕੈਨੇਡਾ ਦੇ ਪੰਜਾਬੀਆਂ ਦੀ 'ਸੁਪਨ ਨਗਰੀ ' ਹੋਣ ਦਾ ਭਰਮ ਭਾਵੇਂ ਦਿਨ ਦਿਹਾੜੇ ਟੁੱਟ ਗਿਆ ਹੈ, ਪਰ ਪੰਜਾਬ ਤੋਂ ਅਜੇ ਵੀ ਵੱਡੀ ਗਿਣਤੀ ਪੰਜਾਬੀ ਕੈਨੇਡਾ ਜਾਣ ਲਈ ਜਹਾਜ਼ੇ ਚੜ੍ਹ ਰਹੇ ਹਨ। ਦੂਜੇ ਪਾਸੇ ਕੈਨੇਡਾ ਵੱਲੋਂ ਵੱਖ-ਵੱਖ ਮੁਲਕਾਂ ਦੇ ਲੋਕਾਂ ਨੂੰ 'ਦੇਸ਼ ਨਿਕਾਲ਼ਾ' ਦੇਣ ਦੀ ਕਾਰਵਾਈ ਵੀ ਵੱਡੇ ਪੱਧਰ 'ਤੇ ਚੱਲ ਰਹੀ ਹੈ। ਪੰਜਾਬ ਤੋਂ ਕੈਨੇਡਾ ਵੱਲ ਪਰਵਾਸ ਅਤੇ ਕੈਨੇਡਾ ਵੱਲੋਂ ਪਰਵਾਸੀ ਲੋਕਾਂ ਨੂੰ ਦੇਸ਼ ਨਿਕਾਲ਼ਾ ਦੇਣਾ ਦੋਵੇਂ ਆਪਾ ਵਿਰੋਧੀ ਗੱਲਾਂ ਹਨ ਪਰ ਇਹਨਾਂ ਦੋਵਾਂ ਵਿਚਾਲੇ ਨੇੜਲਾ ਸਬੰਧ ਵੀ ਹੈ। ਜਿਹੜੇ ਪੰਜਾਬੀ ਲੱਖਾਂ ਰੁਪਏ ਖਰਚ ਕੇ ਆਪਣਾ ਸਭ ਕੁਝ ਦਾਅ 'ਤੇ ਲਾ ਕੇ ਕੈਨੇਡਾ ਜਾਂਦੇ ਹਨ, ਜਦੋਂ ਉਨ੍ਹਾਂ ਨੂੰ ਕੈਨੇਡਾ ਦੀ ਸਰਕਾਰ ਵੱਲੋਂ 'ਦੇਸ਼ ਨਿਕਾਲ਼ਾ' ਦਿੱਤਾ ਜਾਂਦਾ ਹੈ ਤਾਂ ਉਹਨਾਂ ਦੇ ਸੁਨਹਿਰੀ ਭਵਿੱਖ ਦੇ ਸੁਪਨੇ ਚਕਨਾਚੂਰ ਹੋ ਜਾਂਦੇ ਹਨ ਅਤੇ ਉਹ ਪੰਜਾਬ ਆ ਕੇ ਵੀ ਕੱਖੋਂ ਹੋਲੇ ਹੋ ਜਾਂਦੇ ਹਨ ਕਿਉਂਕਿ ਆਪਣੀਆਂ ਜ਼ਮੀਨਾਂ ਵੇਚ ਕੇ ਅਤੇ ਜੱਦੀ ਮਕਾਨ ਗਹਿਣੇ ਧਰ ਕੇ ਹੀ ਉਹ ਕੈਨੇਡਾ ਗਏ ਸਨ ਤੇ ਉਥੋਂ ਖਾਲੀ ਹੱਥ ਵਾਪਸ ਪੰਜਾਬ ਮੁੜਨਾ ਪਿਆ। ਵੱਖ- ਵੱਖ ਮੁਲਕਾਂ ਦੇ ਪਰਵਾਸੀ ਲੋਕ ਆਪਣੇ ਸੁਪਨੇ ਸੱਚ ਕਰਨ ਦੇ ਮਕਸਦ ਨਾਲ ਕੈਨੇਡਾ ਜਾਂਦੇ ਹਨ ਅਤੇ ਕੋਈ ਨਹੀਂ ਚਾਹੁੰਦਾ ਕਿ ਉਸ ਦੀ ਜ਼ਿੰਦਗੀ ਪਹਿਲਾਂ ਵਾਲੇ ਪੱਧਰ 'ਤੇ ਹੀ ਠਹਿਰ ਜਾਵੇ। ਕੈਨੇਡਾ ਨੂੰ ਆਪਣਾ ਨਵਾਂ ਘਰ ਬਣਾਉਣ ਵਾਲੇ ਪਰਵਾਸੀ ਸਖ਼ਤ ਮਿਹਨਤ ਕਰਕੇ ਤਰੱਕੀ ਕਰਦੇ ਹਨ ਤਾਂ ਕੈਨੇਡਾ ਵੀ ਤਰੱਕੀ ਕਰਦਾ ਹੈ ਪਰ ਕੈਨੇਡਾ 'ਚ ਹੁਣ ਹਾਲਾਤ ਹੀ ਅਜਿਹੇ ਬਣ ਗਏ ਹਨ ਕਿ ਕੈਨੇਡਾ ਸਰਕਾਰ ਵੱਲੋਂ ਹੋਰਨਾਂ ਮੁਲਕਾਂ ਤੋਂ ਆਉਣ ਵਾਲੇ ਪਰਵਾਸੀ ਲੋਕਾਂ ਨੂੰ 'ਜੀ ਆਇਆ ਨੂੰ' ਕਹਿਣ ਦੀ ਥਾਂ 'ਅਲਵਿਦਾ' ਕਹਿਣਾ ਪੈ ਰਿਹਾ ਹੈ।

**ਕੈਨੇਡਾ ਤੋਂ ਜਿਹੜੇ ਪੰਜਾਬੀ ਡਿਪੋਰਟ ਕੀਤੇ ਗਏ ਹਨ, ਉਨ੍ਹਾਂ ਲਈ ਹੁਣ ਆਪਣਾ ਦੇਸ਼ ਵੀ ਪਰਦੇਸ ਬਣਦਾ ਜਾ ਰਿਹਾ ਹੈ ਕਿਉਂਕਿ ਅਜਿਹੇ ਵਿਅਕਤੀਆਂ ਨੂੰ ਉਹਨਾਂ ਦੇ ਰਿਸ਼ਤੇਦਾਰ ਅਤੇ ਆਂਢ ਗੁਆਂਢ ਦੇ ਲੋਕ ਟਿੱਚਰਾਂ ਕਰਦਿਆਂ 'ਕੈਨੇਡੀਅਨ ਰਿਟਰਨਰ' ਕਹਿ ਰਹੇ ਹਨ। ਅਜਿਹੇ ਲੋਕਾਂ ਨੂੰ ਪੰਜਾਬ ਵਿੱਚ ਹੀ ਰੁਜ਼ਗਾਰ ਲੱਭਣ ਵਿੱਚ ਕਈ ਔਕੜਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪੰਜਾਬ ਵਿੱਚ ਹਰ ਪਾਸੇ ਫ਼ੈਲੀ ਬੇਰੁਜ਼ਗਾਰੀ ਕਾਰਨ ਹੀ ਇਹ ਲੋਕ ਆਪਣਾ ਭਵਿੱਖ ਸੁਨਹਿਰੀ ਬਣਾਉਣ ਲਈ ਕੈਨੇਡਾ ਗਏ ਸਨ ਪਰ ਉਨ੍ਹਾਂ ਨੂੰ ਕੈਨੇਡਾ ਤੋਂ ਵਾਪਸ ਆ ਕੇ ਬੇਰੁਜ਼ਗਾਰੀ ਦੇ ਦੈਂਤ ਨਾਲ ਜੂਝਨਾ ਪੈ ਰਿਹਾ ਹੈ।**

ਕੈਨੇਡਾ ਤੋਂ ਆਈਆਂ ਖ਼ਬਰਾਂ ਅਨੁਸਾਰ ਕੈਨੇਡਾ ਵਿੱਚ ਇਮੀਗ੍ਰੇਸ਼ਨ ਉਲੰਘਣਾਵਾਂ 'ਤੇ ਵਧੀ ਹੋਈ ਕਾਰਵਾਈ ਦਾ ਸਭ ਤੋਂ ਵੱਧ ਪ੍ਰਭਾਵ ਪੰਜਾਬੀਆਂ 'ਤੇ ਪਿਆ ਹੈ। 31 ਜੁਲਾਈ, 2026 ਤੱਕ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਦੇ ਅੰਕੜਿਆਂ ਅਨੁਸਾਰ ਇਸ ਸਾਲ ਦੇ ਪਹਿਲੇ ਸੱਤ ਮਹੀਨਿਆਂ ਵਿੱਚ ਕੁੱਲ 12,491 ਲੋਕਾਂ ਨੂੰ ਕੈਨੇਡਾ ਤੋਂ ਡਿਪੋਰਟ ਕੀਤਾ ਗਿਆ। ਇਨ੍ਹਾਂ ਵਿੱਚੋਂ 3,717 ਭਾਰਤੀ ਨਾਗਰਿਕ ਹਨ, ਜੋ ਕਿ ਕੁੱਲ ਡਿਪੋਰਟੇਸ਼ਨ ਦਾ ਲਗਭਗ 29.8% ਹਨ।

ਹੈਰਾਨ ਕਰ ਦੇਣ ਵਾਲੀ ਗੱਲ ਇਹ ਹੈ ਕਿ ਦੇਸ਼ ਨਿਕਾਲ਼ਾ ਦਿੱਤੇ ਗਏ ਭਾਰਤੀਆਂ ਵਿੱਚੋਂ 60 ਫ਼ੀਸਦੀ ਇਕੱਲੇ ਪੰਜਾਬ ਤੋਂ ਹਨ ਅਤੇ ਇਨ੍ਹਾਂ ਵਿੱਚੋਂ ਜ਼ਿਆਦਾਤਰ ਵਿਦਿਆਰਥੀ ਹਨ ਜੋ ਆਪਣੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਹੋਰ ਵੀਜ਼ਾ ਪ੍ਰਾਪਤ ਕਰਨ ਵਿੱਚ ਅਸਮਰੱਥ ਸਨ। ਇਹ ਰੁਝਾਨ ਅਗਸਤ ਅਤੇ ਸਤੰਬਰ ਵਿੱਚ ਵੀ ਜਾਰੀ ਰਿਹਾ। ਇਹ ਖਦਸ਼ਾ ਹੈ ਕਿ ਦਸੰਬਰ 2026 ਤੱਕ ਇਹ ਅੰਕੜਾ 6,000 ਤੋਂ 8,000 ਤੱਕ ਪਹੁੰਚ ਜਾਵੇਗਾ।

ਕੈਨੇਡਾ ਸਰਕਾਰ ਵੱਲੋਂ ਜਾਰੀ ਅੰਕੜਿਆਂ ਅਨੁਸਾਰ ਸਾਲ 2024 ਵਿੱਚ 2,004, ਸਾਲ 2025 ਵਿੱਚ 3,779 ਅਤੇ ਸਾਲ 2026 (ਜਨਵਰੀ-ਜੁਲਾਈ) ਵਿੱਚ 3,717 ਭਾਰਤੀਆਂ ਨੂੰ ਦੇਸ਼ ਨਿਕਾਲ਼ਾ ਦਿੱਤਾ। ਜ਼ਿਕਰਯੋਗ ਹੈ ਕਿ ਸੀ.ਬੀ.ਐਸ.ਏ. ਨੇ ਸਾਲ 2025 ਵਿੱਚ ਕੁੱਲ 23,160 ਲੋਕਾਂ ਨੂੰ ਦੇਸ਼ ਨਿਕਾਲ਼ਾ ਦਿੱਤਾ ਸੀ, ਜੋ ਕਿ ਹੁਣ ਤੱਕ ਦਾ ਸਭ ਤੋਂ ਵੱਡਾ ਸਾਲਾਨਾ ਅੰਕੜਾ ਸੀ। ਏਜੰਸੀ ਅਨੁਸਾਰ ਇਸ ਸਮੇਂ ਹਰ ਹਫ਼ਤੇ ਲਗਭਗ 400 ਅਯੋਗ ਵਿਅਕਤੀਆਂ ਨੂੰ ਕੈਨੇਡਾ ਵਿੱਚੋਂ ਬਾਹਰ ਕੱਢਿਆ ਜਾ ਰਿਹਾ ਹੈ।

ਸੀ.ਬੀ.ਐਸ.ਏ. ਦੀ ਰਿਪੋਰਟ ਅਨੁਸਾਰ ਦੇਸ਼ ਨਿਕਾਲੇ ਦੇ ਮੁੱਖ ਕਾਰਨਾਂ ਵਿੱਚ ਨਿਯਮਾਂ/ਕਾਨੂੰਨਾਂ ਦੀ




ਉਲੰਘਣਾ, ਅਪਰਾਧਿਕ ਗਤੀਵਿਧੀਆਂ ਅਤੇ ਗਲਤ ਜਾਣਕਾਰੀ ਜਾਂ ਧੋਖਾਧੜੀ ਸ਼ਾਮਲ ਹਨ। ਸੀ.ਬੀ.ਐਸ.ਏ. ਮੁਤਾਬਕ 12,491 ਹਟਾਏ ਗਏ ਲੋਕਾਂ ਵਿੱਚੋਂ ਸਭ ਤੋਂ ਵੱਡਾ ਅਨੁਪਾਤ (10,050) ਸ਼ਰਨਾਰਥੀ ਦਾਅਵਿਆਂ ਨਾਲ ਸਬੰਧਿਤ ਗ਼ੈਰ-ਪਾਲਣਾ ਮਾਮਲਿਆਂ ਦਾ ਹੈ। ਇਸ ਤੋਂ ਇਲਾਵਾ ਜਿਹੜੇ 44,781 ਮਾਮਲਿਆਂ ਵਿੱਚ ਕੱਢਣ ਦੀ ਪ੍ਰਕਿਰਿਆ ਚੱਲ ਰਹੀ ਹੈ ਉਨ੍ਹਾਂ ਵਿੱਚ ਵੀ 8,817 ਭਾਰਤੀ ਨਾਗਰਿਕ ਸ਼ਾਮਲ ਹਨ ਜੋ ਕੁੱਲ ਲੰਬਿਤ ਮਾਮਲਿਆਂ ਦਾ 19.7% ਹਨ। ਇਸ ਤੋਂ ਇਲਾਵਾ ਗ਼ੈਰ-ਦਾਅਵੇਦਾਰ ਗੈਰ-ਪਾਲਣਾ ਦੇ 1,544 ਮਾਮਲੇ, ਅਪਰਾਧਿਕਤਾ ਦੇ 746 ਅਤੇ ਗਲਤ ਜਾਣਕਾਰੀ ਦੇ 67 ਮਾਮਲੇ ਦਰਜ ਕੀਤੇ ਗਏ। ਕੈਨੇਡੀਅਨ ਸਰਕਾਰ ਇਮੀਗ੍ਰੇਸ਼ਨ ਦਸਤਾਵੇਜ਼ਾਂ 'ਤੇ ਗਲਤ ਜਾਣਕਾਰੀ ਪ੍ਰਦਾਨ ਕਰਨ ਲਈ ਪੰਜ ਸਾਲ ਤੱਕ ਦੀ ਪ੍ਰਵੇਸ਼ ਪਾਬੰਦੀ ਲਗਾ ਸਕਦੀ ਹੈ। 3 ਸਤੰਬਰ, 2026 ਤੱਕ ਸੀ.ਬੀ.ਐਸ.ਏ. ਨੇ ਜਬਰਨ ਵਸੂਲੀ ਨਾਲ ਜੁੜੇ ਮਾਮਲਿਆਂ ਲਈ 188 ਵਿਅਕਤੀਆਂ ਨੂੰ ਉਨ੍ਹਾਂ ਦੇ ਮੂਲ ਮੁਲਕਾਂ ਵਿੱਚ ਵਾਪਸ ਭੇਜਣ ਦੇ ਆਦੇਸ਼ ਜਾਰੀ ਕੀਤੇ ਹਨ, ਜਿਨ੍ਹਾਂ ਵਿੱਚੋਂ 111 ਵਿਅਕਤੀਆਂ ਨੂੰ ਦੇਸ਼ ਨਿਕਾਲ਼ਾ ਦੇ ਦਿੱਤਾ ਗਿਆ ਹੈ। 12,491 ਮਾਮਲਿਆਂ ਵਿੱਚੋਂ 7,333 ਡਿਪੋਰਟੇਸ਼ਨ ਆਰਡਰ 2,618 ਡਿਪਾਰਚਰ ਆਰਡਰ ਅਤੇ 2,540 ਐਕਸਕਲੂਜ਼ਨ ਆਰਡਰ ਨਾਲ ਸਬੰਧਿਤ ਹਨ। ਭਾਰਤ ਤੋਂ ਬਾਅਦ ਮੈਕਸੀਕੋ ਦੇ 1,936 ਅਤੇ ਅਮਰੀਕਾ ਦੇ 510 ਨਾਗਰਿਕਾਂ ਨੂੰ ਬਾਹਰ ਕੱਢਿਆ ਗਿਆ।

ਕੈਨੇਡਾ ਸਰਕਾਰ ਨੇ ਦੂਜੇ ਮੁਲਕਾਂ ਤੋਂ ਆਉਣ ਵਾਲੇ ਪਰਵਾਸੀਆਂ ਲਈ ਆਪਣੇ ਦੇਸ਼ ਦੇ ਬੂਹੇ ਬੰਦ ਕਰ ਲਏ ਹਨ। ਇਸ ਤੋਂ ਇਲਾਵਾ ਕੈਨੇਡਾ ਦਾ ਵੀਜ਼ਾ ਲੈਣਾ ਅਤੇ ਉਥੇ ਜਾ ਕੇ ਵਰਕ ਪਰਮਿਟ ਲੈਣਾ ਬਹੁਤ ਮੁਸ਼ਕਿਲ ਹੋ ਗਿਆ ਹੈ। ਕੈਨੇਡਾ 'ਚ ਇਸ ਸਮੇਂ ਮਹਿੰਗਾਈ, ਬੇਰੁਜ਼ਗਾਰੀ, ਰਿਹਾਇਸ਼ ਦੀ ਘਾਟ, ਅਮਨ ਕਾਨੂੰਨ ਦੀ ਚਿੰਤਾਜਨਕ ਸਥਿਤੀ ਮੁੱਖ ਸਮੱਸਿਆਵਾਂ ਹਨ। ਕੈਨੇਡਾ ਦੇ ਮੂਲ ਨਿਵਾਸੀ ਇਹਨਾਂ ਸਮੱਸਿਆਵਾਂ ਲਈ ਪਰਵਾਸੀ ਲੋਕਾਂ ਨੂੰ ਜ਼ਿੰਮੇਵਾਰ ਕਹਿ ਰਹੇ ਹਨ, ਜਿਸ ਕਾਰਨ ਕੈਨੇਡਾ ਦੇ ਮੂਲ ਲੋਕ ਹੁਣ ਪਰਵਾਸੀ ਲੋਕਾਂ ਨੂੰ ਪਸੰਦ ਨਹੀਂ ਕਰਦੇ। ਇਹੋ ਕਾਰਨ ਹੈ ਕਿ ਕੈਨੇਡਾ ਦੇ ਮੂਲ ਨਿਵਾਸੀਆਂ ਦੀ ਮੰਗ 'ਤੇ ਕੈਨੇਡਾ ਨੇ ਹੋਰਨਾਂ ਮੁਲਕਾਂ ਤੋਂ ਆਉਣ ਵਾਲੇ ਲੋਕਾਂ ਲਈ ਰਾਹ ਮੁਸ਼ਕਿਲ ਕਰ ਦਿੱਤਾ ਹੈ ਤਾਂ ਕਿ ਕੈਨੇਡਾ ਵਿੱਚ ਪਰਵਾਸੀਆਂ ਦੀ ਗਿਣਤੀ ਵਿੱਚ ਵਾਧਾ ਨਾ ਹੋ ਜਾਵੇ। ਇਸ ਤੋਂ ਇਲਾਵਾ ਕੈਨੇਡਾ ਸਰਕਾਰ ਵੱਲੋਂ ਵੀਜ਼ਾ ਨਿਯਮ ਅਤੇ ਸ਼ਰਤਾਂ ਏਨੇ ਸਖ਼ਤ ਬਣਾ ਦਿੱਤੇ ਹਨ ਕਿ ਇਹ ਨਿਯਮ ਤੇ ਸ਼ਰਤਾਂ ਪੂਰੀਆਂ ਕਰਨੀਆਂ ਹਰ ਪਰਵਾਸੀ ਲਈ ਮੁਸ਼ਕਿਲ ਹੋ ਜਾਂਦਾ ਹੈ, ਜਿਸ ਕਰਕੇ ਕੈਨੇਡਾ ਸਰਕਾਰ ਵੱਲੋਂ ਇਹਨਾਂ ਪਰਵਾਸੀਆਂ ਨੂੰ ਦੇਸ਼ ਨਿਕਾਲ਼ਾ ਦੇ ਕੇ ਉਨ੍ਹਾਂ ਦੇ ਮੂਲ ਦੇਸ਼ਾਂ ਵਿੱਚ ਵਾਪਸ ਭੇਜ ਦਿੱਤਾ ਜਾਂਦਾ ਹੈ।



ਇਸ ਸਮੇਂ ਕੈਨੇਡਾ ਅਤੇ ਅਮਰੀਕਾ ਵਿਚਾਲੇ 'ਵਪਾਰਕ ਯੁੱਧ' ਚੱਲ ਰਿਹਾ ਹੈ, ਜਿਸ ਕਾਰਨ ਕੈਨੇਡਾ ਦੇ ਵਪਾਰੀ ਵਰਗ ਵਿੱਚ ਵੀ ਚਿੰਤਾ ਵਾਲਾ ਮਾਹੌਲ ਹੈ। ਅਮਰੀਕਾ ਸਰਕਾਰ ਵੱਲੋਂ ਕੈਨੇਡਾ 'ਚ ਬਣੇ ਅਤੇ ਅਮਰੀਕਾ ਵਿੱਚ ਵਿਕ ਰਹੇ ਕੈਨੇਡੀਅਨ ਸਮਾਨ 'ਤੇ ਭਾਰੀ ਟੈਰਿਫ਼ ਲਗਾ ਦਿੱਤੇ ਗਏ ਹਨ, ਜਿਸ ਕਾਰਨ ਕੈਨੇਡੀਅਨ ਵਪਾਰੀਆਂ ਦੇ ਖਰਚੇ ਅਤੇ ਸਮਾਨ ਦੀ ਲਾਗਤ ਵਿੱਚ ਵਾਧਾ ਹੋ ਗਿਆ ਹੈ ਤੇ ਵਪਾਰੀਆਂ ਦਾ ਮੁਨਾਫ਼ਾ ਘੱਟ ਗਿਆ ਹੈ। ਇਸ ਕਰਕੇ ਕੈਨੇਡਾ ਦੇ ਕਈ ਵਪਾਰੀ ਆਪਣਾ ਕਾਰੋਬਾਰ ਬਦਲਣ ਬਾਰੇ ਹੀ ਸੋਚਣ ਲੱਗ ਪਏ ਹਨ। ਕੈਨੇਡਾ ਦੇ ਵਪਾਰੀ ਵਰਗ ਵਿੱਚ ਪੰਜਾਬੀ ਵੀ ਵੱਡੀ ਗਿਣਤੀ ਵਿੱਚ ਸ਼ਾਮਲ ਹਨ ਅਤੇ ਇਹਨਾਂ ਪਰਵਾਸੀ ਪੰਜਾਬੀਆਂ ਦੇ ਕਾਰੋਬਾਰ 'ਤੇ 'ਕੈਨੇਡਾ-ਅਮਰੀਕਾ ਟਰੇਡ ਵਾਰ' ਦਾ ਅਸਰ ਹੋ ਰਿਹਾ ਹੈ, ਜਿਸ ਕਾਰਨ ਅਜਿਹੇ ਪੰਜਾਬੀ ਮੂਲ ਦੇ ਵਪਾਰੀਆਂ ਨੂੰ ਵੀ ਘਾਟਾ ਪੈ ਰਿਹਾ ਹੈ।

ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਕੈਨੇਡਾ ਤੋਂ ਡਿਪੋਰਟ ਹੋਏ ਪੰਜਾਬੀਆਂ ਨੂੰ ਪਹਿਲ ਦੇ ਆਧਾਰ 'ਤੇ ਰੁਜ਼ਗਾਰ ਦੇਵੇ। ਇਸ ਦੇ ਨਾਲ ਹੀ ਪੰਜਾਬੀ ਨੌਜਵਾਨਾਂ ਨੂੰ ਵੀ ਚਾਹੀਦਾ ਹੈ ਕਿ ਉਹ ਲੱਖਾਂ ਰੁਪਏ ਖਰਚ ਕੇ, ਜ਼ਮੀਨਾਂ ਵੇਚ ਕੇ, ਮਕਾਨ ਗਹਿਣੇ ਧਰ ਕੇ ਕੈਨੇਡਾ ਜਾਣ ਦੀ ਥਾਂ ਪੰਜਾਬ ਵਿੱਚ ਹੀ ਕੋਈ ਕੰਮ ਧੰਦਾ ਕਰਨ। ਇਸ ਨਾਲ ਇੱਕ ਤਾਂ ਪੰਜਾਬ ਦੀ ਕੀਮਤੀ ਪੂੰਜੀ ਅਤੇ ਹੁਨਰ ਵਿਦੇਸ਼ ਜਾਣ ਤੋਂ ਬਚੇ ਰਹਿਣਗੇ। ਇਸ ਦੇ ਨਾਲ ਹੀ ਪੰਜਾਬੀ ਨੌਜਵਾਨਾਂ ਵੱਲੋਂ ਮਿਹਨਤ ਕਰਕੇ ਕੀਤੀ ਤਰੱਕੀ ਨਾਲ ਪੰਜਾਬ ਵੀ ਤਰੱਕੀ ਕਰੇਗਾ।





# ਬਰਤਾਨੀਆ ਵਿੱਚ ਸਿੱਖਾਂ ਨੂੰ ਹੈਲਮੇਟ ਤੋਂ ਛੋਟ ਮਿਲਣ ਦੇ 50 ਸਾਲ ਮੁਕੰਮਲ

## ਮਾਨਚੈਸਟਰ 'ਚ ਸਿੱਖ ਰਾਈਡਰਾਂ ਨੇ ਕੱਢਿਆ ਵਿਸ਼ੇਸ਼ ਮਾਰਚ

## 1976 ਦਾ ਇਤਿਹਾਸਕ ਸੰਘਰਸ਼: ਹੈਲਮੇਟ ਕਾਨੂੰਨ ਬਦਲਵਾਉਣ ਵਾਲੇ 'ਗਿਆਨੀ ਜੀ' ਨੂੰ ਸ਼ਰਧਾਂਜਲੀ

## ਜੁਰਮਾਨੇ ਭਰਨ ਤੋਂ ਇਨਕਾਰ ਕਰਕੇ ਕੱਟੀ ਸੀ ਕੈਦ; 50 ਸਾਲ ਬਾਅਦ ਪਿਤਾ ਦੀ ਵਿਰਾਸਤ ਨੂੰ ਯਾਦ ਕਰਕੇ ਭਾਵੁਕ ਹੋਏ ਪੁੱਤਰ







ਬਰਤਾਨੀਆ ਦੇ ਮਾਨਚੈਸਟਰ ਸ਼ਹਿਰ ਵਿੱਚ ਸਿੱਖ ਮੋਟਰਸਾਈਕਲ ਸਵਾਰਾਂ ਨੇ ਇੱਕ ਯਾਦਗਾਰੀ ਰਾਈਡ ਕੱਢ ਕੇ ਬ੍ਰਿਟਿਸ਼ ਕਾਨੂੰਨ ਵਿੱਚ ਆਏ ਉਸ ਇਤਿਹਾਸਕ ਬਦਲਾਅ ਦੀ 50ਵੀਂ ਵਰ੍ਹੇਗੰਢ ਮਨਾਈ, ਜਿਸ ਨੇ ਦਸਤਾਰਧਾਰੀ ਸਿੱਖਾਂ ਲਈ ਬਿਨਾਂ ਹੈਲਮੇਟ ਮੋਟਰਸਾਈਕਲ ਚਲਾਉਣ ਦਾ ਰਾਹ ਪੱਧਰਾ ਕੀਤਾ ਸੀ। ਇਹ ਵਿਸ਼ੇਸ਼ ਮਾਰਚ ਮਾਨਚੈਸਟਰ ਦੇ ਉੱਘੇ ਸਿੱਖ ਪ੍ਰਚਾਰਕ ਅਤੇ ਅਧਿਕਾਰ ਕਾਰਕੁਨ ਗਿਆਨੀ ਸੁੰਦਰ ਸਿੰਘ ਸਾਗਰ (ਜਿਨ੍ਹਾਂ ਨੂੰ ਪਿਆਰ ਨਾਲ 'ਗਿਆਨੀ ਜੀ' ਕਿਹਾ ਜਾਂਦਾ ਸੀ) ਦੇ ਸੰਘਰਸ਼ ਅਤੇ ਕੁਰਬਾਨੀ ਨੂੰ ਸਮਰਪਿਤ ਰਿਹਾ।

ਲਗਭਗ 20 ਸਿੱਖ ਮੋਟਰਸਾਈਕਲ ਸਵਾਰਾਂ ਦਾ ਇਹ ਕਾਫ਼ਲਾ ਮਾਨਚੈਸਟਰ ਸਿਟੀ ਸੈਂਟਰ ਨੇੜੇ ਸਥਿਤ ਇਤਿਹਾਸਕ ਸਟ੍ਰੇਂਜਵੇਜ਼ ਜੇਲ੍ਹ ਦੇ ਬਾਹਰ ਇਕੱਤਰ ਹੋਇਆ। ਇਸ ਸਥਾਨ ਦੀ ਚੋਣ ਵਿਸ਼ੇਸ਼ ਤੌਰ 'ਤੇ ਇਸ ਲਈ ਕੀਤੀ ਗਈ ਕਿਉਂਕਿ ਗਿਆਨੀ ਜੀ ਨੂੰ ਆਪਣੇ ਹੱਕਾਂ ਦੀ ਆਵਾਜ਼ ਬੁਲੰਦ ਕਰਨ ਬਦਲੇ ਇਸੇ ਜੇਲ੍ਹ ਦੀਆਂ ਸਲਾਖਾਂ ਪਿੱਛੇ ਰਹਿਣਾ ਪਿਆ ਸੀ। ਇੱਥੋਂ ਸ਼ੁਰੂ ਹੋਈ ਇਹ ਮੋਟਰਸਾਈਕਲ ਰਾਈਡ ਸ਼ਹਿਰ ਦੇ ਦੱਖਣੀ ਹਿੱਸੇ ਵਿੱਚ ਸਥਿਤ ਸ਼੍ਰੀ ਗੁਰੂ ਗੋਬਿੰਦ ਸਿੰਘ ਗੁਰਦੁਆਰਾ ਸਾਹਿਬ ਵਿਖੇ ਜਾ ਕੇ ਸੰਪੰਨ ਹੋਈ।

### ਗਿਆਨੀ ਜੀ ਦਾ ਜੇਲ੍ਹ ਤੋਂ ਕਾਨੂੰਨ ਬਦਲਣ ਤੱਕ ਦਾ ਸਫ਼ਰ

ਇਹ ਘਟਨਾਕ੍ਰਮ 1976 ਦਾ ਹੈ ਜਦੋਂ ਬਰਤਾਨੀਆ ਵਿੱਚ ਮੋਟਰਸਾਈਕਲ ਜਾਂ ਮੋਪੇਡ ਚਲਾਉਣ ਸਮੇਂ ਹੈਲਮੇਟ ਪਹਿਨਣਾ ਸਭ ਲਈ ਲਾਜ਼ਮੀ ਕਰ ਦਿੱਤਾ ਗਿਆ ਸੀ। ਗਿਆਨੀ ਸੁੰਦਰ ਸਿੰਘ ਸਾਗਰ ਨੇ ਦਸਤਾਰ ਦੇ ਸਤਿਕਾਰ ਨੂੰ ਸਰਵਉੱਚ ਰੱਖਦਿਆਂ ਹੈਲਮੇਟ ਪਾਉਣ ਤੋਂ ਇਨਕਾਰ ਕਰ ਦਿੱਤਾ ਅਤੇ ਆਪਣਾ ਮੋਪੇਡ ਚਲਾਉਂਦੇ ਰਹੇ। ਉਨ੍ਹਾਂ 'ਤੇ ਵਾਰ-ਵਾਰ ਜੁਰਮਾਨੇ ਠੋਕੇ ਗਏ।

ਉਨ੍ਹਾਂ ਦੇ ਪੁੱਤਰ ਭਾਰਤ ਸਾਗਰ ਨੇ ਦੱਸਿਆ ਕਿ ਉਨ੍ਹਾਂ ਦੇ ਪਿਤਾ ਨੇ ਆਪਣੇ ਧਾਰਮਿਕ ਅਕੀਦੇ ਅਤੇ ਸਿਧਾਂਤਾਂ 'ਤੇ ਪਹਿਰਾ ਦਿੰਦਿਆਂ ਜੁਰਮਾਨੇ ਭਰਨ ਤੋਂ ਸਾਫ਼ ਇਨਕਾਰ ਕਰ ਦਿੱਤਾ ਸੀ, ਜਿਸ ਕਾਰਨ ਉਨ੍ਹਾਂ ਨੂੰ ਸਟ੍ਰੇਂਜਵੇਜ਼ ਜੇਲ੍ਹ ਵਿੱਚ ਇੱਕ ਹਫ਼ਤਾ ਬੰਦੀ ਵਜੋਂ ਗੁਜ਼ਾਰਨਾ ਪਿਆ ਸੀ।

ਗਿਆਨੀ ਜੀ ਦੇ ਹੌਸਲੇ ਦੀ ਮਿਸਾਲ ਦਿੰਦਿਆਂ ਉਨ੍ਹਾਂ ਦੇ ਪਰਿਵਾਰ ਨੇ ਦੱਸਿਆ ਕਿ ਜਦੋਂ ਉਹ ਇੱਕ ਹਫ਼ਤੇ ਬਾਅਦ ਜੇਲ੍ਹ ਵਿੱਚੋਂ ਬਾਹਰ ਆਏ, ਤਾਂ ਉਨ੍ਹਾਂ ਦਾ ਸਿਦਕ ਡੋਲਿਆ ਨਹੀਂ; ਉਹ ਤੁਰੰਤ ਮੁੜ ਆਪਣੇ ਮੋਪੇਡ 'ਤੇ ਸਵਾਰ ਹੋ ਗਏ। ਜੇਲ੍ਹ ਦੇ ਬਾਹਰੋਂ ਨਿਕਲਦੇ ਹੀ ਥੋੜ੍ਹੀ ਦੂਰੀ ਦੇ ਅੰਦਰ ਪੁਲਿਸ ਨੇ ਉਨ੍ਹਾਂ ਨੂੰ ਛੇ ਵਾਰ ਰੋਕਿਆ ਅਤੇ ਮੁੜ ਚਲਾਨ ਕੱਟੇ। ਆਖਰਕਾਰ, ਗਿਆਨੀ ਜੀ ਦੇ ਇਸ ਅਡੋਲ ਸ਼ਾਂਤਮਈ ਵਿਰੋਧ ਅਤੇ ਲਗਾਤਾਰ ਮੁਹਿੰਮ ਅੱਗੇ ਝੁਕਦਿਆਂ ਬ੍ਰਿਟਿਸ਼ ਸਰਕਾਰ ਨੂੰ ਕਾਨੂੰਨ ਵਿੱਚ ਸੋਧ ਕਰਨੀ ਪਈ ਅਤੇ ਦਸਤਾਰਧਾਰੀ ਸਿੱਖਾਂ ਨੂੰ ਹੈਲਮੇਟ ਪਹਿਨਣ ਤੋਂ ਅਧਿਕਾਰਤ ਛੋਟ ਦੇ ਦਿੱਤੀ ਗਈ ਸੀ।

ਗਿਆਨੀ ਸੁੰਦਰ ਸਿੰਘ ਸਾਗਰ ਦਾ ਸੰਘਰਸ਼ ਸਿਰਫ਼ ਮੋਟਰਸਾਈਕਲ ਹੈਲਮੇਟ ਤੱਕ ਹੀ ਸੀਮਤ ਨਹੀਂ ਸੀ, ਸਗੋਂ ਉਨ੍ਹਾਂ ਨੇ ਬਰਤਾਨੀਆ ਵਿੱਚ ਸਿੱਖ ਪਛਾਣ ਨੂੰ ਸਥਾਪਿਤ ਕਰਨ ਲਈ ਕਈ ਦਹਾਕੇ ਲੰਬੀਆਂ ਲੜਾਈਆਂ ਲੜੀਆਂ:

1960 ਦੇ ਦਹਾਕੇ ਵਿੱਚ ਉਨ੍ਹਾਂ ਨੂੰ ਯੂਨੀਫਾਰਮ ਨਿਯਮਾਂ ਦਾ ਹਵਾਲਾ ਦੇ ਕੇ ਮਾਨਚੈਸਟਰ ਵਿੱਚ ਬੱਸ ਕੰਡਕਟਰ ਦੀ ਨੌਕਰੀ ਦੇਣ ਤੋਂ ਇਨਕਾਰ ਕਰ ਦਿੱਤਾ ਗਿਆ ਸੀ। ਗਿਆਨੀ ਜੀ ਨੇ ਇਸ ਵਿਤਕਰੇ ਖ਼ਿਲਾਫ਼ ਲਗਾਤਾਰ 7 ਸਾਲ ਕਾਨੂੰਨੀ ਤੇ ਸਮਾਜਿਕ ਸੰਘਰਸ਼ ਵਿੱਢਿਆ। ਉਨ੍ਹਾਂ ਦੇ ਯਤਨਾਂ ਸਦਕਾ ਅਕਤੂਬਰ 1966 ਵਿੱਚ ਮਾਨਚੈਸਟਰ ਟਰਾਂਸਪੋਰਟ ਕਮੇਟੀ ਨੇ ਇਤਿਹਾਸਕ ਵੋਟਿੰਗ ਰਾਹੀਂ ਦਸਤਾਰ ਨੂੰ ਵਰਦੀ ਦਾ ਕਾਨੂੰਨੀ ਹਿੱਸਾ ਸਵੀਕਾਰ ਕੀਤਾ।

ਉਨ੍ਹਾਂ ਨੇ 1953 ਵਿੱਚ ਮਾਨਚੈਸਟਰ ਵਿਖੇ ਸੰਗਤ ਨਾਲ ਮਿਲ ਕੇ ਯੂਰੋਪ ਦੇ ਸਭ ਤੋਂ ਪਹਿਲੇ ਗੁਰਦੁਆਰਾ ਸਾਹਿਬਾਨ ਵਿੱਚੋਂ ਇੱਕ ਦੀ ਨੀਂਹ ਰੱਖੀ, ਜਿਸ ਨੇ ਪਰਵਾਸੀ ਭਾਰਤੀਆਂ ਨੂੰ ਧਾਰਮਿਕ ਅਤੇ ਸਮਾਜਿਕ ਧੁਰਾ ਪ੍ਰਦਾਨ ਕੀਤਾ।

ਬਰਤਾਨਵੀ ਸਮਾਜ ਵਿੱਚ ਉਨ੍ਹਾਂ ਦੇ ਲਾਮਿਸਾਲ ਯੋਗਦਾਨ ਨੂੰ ਦੇਖਦਿਆਂ, ਜੂਨ ਮਹੀਨੇ ਓਲਡ ਟ੍ਰੈਫਰਡ ਸਥਿਤ ਉਨ੍ਹਾਂ ਦੇ ਪੁਰਾਣੇ ਗ੍ਰਹਿ ਵਿਖੇ ਇੱਕ ਯਾਦਗਾਰੀ 'ਬਲੂ ਪਲੇਕ' ਲਾਈ ਗਈ, ਜੋ ਕਿ ਇੰਗਲੈਂਡ ਵਿੱਚ ਇਤਿਹਾਸਕ ਸ਼ਖ਼ਸੀਅਤਾਂ ਦੇ ਸਨਮਾਨ ਵਜੋਂ ਲਗਾਈ ਜਾਂਦੀ ਹੈ।

### ਨੌਜਵਾਨ ਪੀੜ੍ਹੀ ਲਈ ਪ੍ਰੇਰਨਾ ਅਤੇ ਆਪਸੀ ਸਹਿਣਸ਼ੀਲਤਾ ਦਾ ਸੁਨੇਹਾ

ਰਾਈਡ ਦੀ ਸ਼ੁਰੂਆਤ ਮੌਕੇ ਜੇਲ੍ਹ ਦੇ ਬਾਹਰ ਗਿਆਨੀ ਜੀ ਦੇ ਉਸ ਦੌਰ ਦੇ ਮੋਪੇਡ ਦਾ ਇੱਕ ਹੂਬਹੂ ਮਾਡਲ (ਰੈਪਲਿਕਾ) ਵੀ ਲੋਕਾਂ ਦੇ ਦਰਸ਼ਨਾਂ ਲਈ ਪ੍ਰਦਰਸ਼ਿਤ ਕੀਤਾ ਗਿਆ, ਜਿਸ ਨੇ ਪੁਰਾਣੇ ਦਿਨਾਂ ਦੀਆਂ ਯਾਦਾਂ ਤਾਜ਼ਾ ਕਰ ਦਿੱਤੀਆਂ।

ਗਿਆਨੀ ਜੀ ਦੇ ਦੂਜੇ ਸਪੁੱਤਰ ਉੱਜਲ ਸਿੰਘ, ਜੋ 50 ਸਾਲ ਪਹਿਲਾਂ ਆਪਣੇ ਪਿਤਾ ਦੀ ਜੇਲ੍ਹ ਤੋਂ ਰਿਹਾਈ ਵੇਲੇ ਉੱਥੇ ਮੌਜੂਦ ਸਨ, ਨੇ ਕਿਹਾ ਕਿ ਅੱਧੀ ਸਦੀ ਬਾਅਦ ਉਸੇ ਜੇਲ੍ਹ ਦੇ ਬਾਹਰ ਖੜ੍ਹੇ ਹੋਣਾ ਬੇਹੱਦ ਭਾਵੁਕ ਅਤੇ ਮਾਣਮੱਤਾ ਪਲ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਪਿਤਾ ਦਾ ਜੀਵਨ-ਸੰਦੇਸ਼ ਅੱਜ ਵੀ ਓਨਾ ਹੀ ਜਿਊਂਦਾ ਹੈ।

ਗਿਆਨੀ ਜੀ ਦੇ 67 ਸਾਲਾ ਪੁੱਤਰ ਭਾਰਤ ਸਾਗਰ ਨੇ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ, 'ਮੈਨੂੰ ਸਿੱਖ ਹੋਣ 'ਤੇ ਬੇਹੱਦ ਮਾਣ ਹੈ, ਪਰ ਇਸ ਦੇ ਨਾਲ ਹੀ ਮੈਨੂੰ ਇੱਕ 'ਮੈਨਕੂਨੀਅਨ' (ਮਾਨਚੈਸਟਰ ਦਾ ਵਾਸੀ) ਹੋਣ 'ਤੇ ਵੀ ਓਨਾ ਹੀ ਫ਼ਖ਼ਰ ਹੈ। ਇਹ ਲੜਾਈ ਸਿਰਫ਼ ਸਿੱਖਾਂ ਦੇ ਹੱਕਾਂ ਤੱਕ ਸੀਮਤ ਨਹੀਂ ਸੀ, ਸਗੋਂ ਇਹ ਸਮੁੱਚੇ ਮਾਨਚੈਸਟਰ ਅਤੇ ਸਮਾਜ ਦੀ ਸਾਂਝੀ ਜਿੱਤ ਸੀ। ਇਸ ਦਾ ਅਸਲ ਮਕਸਦ ਸਮਾਜ ਅੰਦਰ ਵੰਨ-ਸੁਵੰਨਤਾ ਨੂੰ ਅਪਣਾਉਣਾ, ਆਪਸੀ ਸਹਿਣਸ਼ੀਲਤਾ ਪੈਦਾ ਕਰਨਾ ਅਤੇ ਇੱਕ ਬਿਹਤਰ ਤੇ ਖੁੱਲ੍ਹਾ ਭਾਈਚਾਰਾ ਉਸਾਰਨਾ ਸੀ।

'ਸਿੱਖ ਮੋਟਰਸਾਈਕਲ ਕਲੱਬ ਯੂ.ਕੇ.' ਦੇ ਸੰਸਥਾਪਕ ਕੁਲਵੰਤ ਸਿੰਘ ਨੇ 1976 ਦੀ ਇਸ ਕਾਨੂੰਨੀ ਸੋਧ ਨੂੰ ਸਿੱਖ ਇਤਿਹਾਸ ਦੀ ਇੱਕ ਵੱਡੀ ਜਿੱਤ ਦੱਸਿਆ। ਉਨ੍ਹਾਂ ਕਿਹਾ ਕਿ ਅਜਿਹੇ ਪ੍ਰੋਗਰਾਮ ਉਲੀਕਣ ਦਾ ਮੁੱਖ ਮਕਸਦ ਆਉਣ ਵਾਲੀ ਨੌਜਵਾਨ ਪੀੜ੍ਹੀ ਅਤੇ ਗੈਰ-ਸਿੱਖ ਭਾਈਚਾਰੇ ਨੂੰ ਇਸ ਸੰਘਰਸ਼ ਤੋਂ ਜਾਣੂ ਕਰਵਾਉਣਾ ਹੈ, ਤਾਂ ਜੋ ਲੋਕ ਜਾਣ ਸਕਣ ਕਿ ਅੱਜ ਮਿਲ ਰਹੀਆਂ ਧਾਰਮਿਕ ਖੁੱਲ੍ਹਾਂ ਪਿੱਛੇ ਸਾਡੇ ਬਜ਼ੁਰਗਾਂ ਦੀ ਕਿੰਨੀ ਵੱਡੀ ਘਾਲਣਾ ਅਤੇ ਦ੍ਰਿੜ੍ਹਤਾ ਸ਼ਾਮਲ ਰਹੀ ਹੈ।

# ਅਕਾਲੀ ਦਲ ਵਾਰਿਸ ਪੰਜਾਬ 'ਚ ਸ਼ਾਮਲ ਹੋਏ ਈ.ਡੀ. ਦੇ ਸਾਬਕਾ ਡਿਪਟੀ ਡਾਇਰੈਕਟਰ ਨਿਰੰਜਨ ਸਿੰਘ ਤੇ ਸਾਬਕਾ ਡੀ.ਐਸ.ਪੀ. ਬਲਵਿੰਦਰ ਸੇਖੋਂ



ਚੰਡੀਗੜ੍ਹ/ਏ.ਟੀ.ਨਿਊਜ਼: ਐਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਦੇ ਸਾਬਕਾ ਡਿਪਟੀ ਡਾਇਰੈਕਟਰ ਨਿਰੰਜਨ ਸਿੰਘ ਅਤੇ ਪੰਜਾਬ ਪੁਲਿਸ ਦੇ ਸਾਬਕਾ ਡੀ.ਐੱਸ.ਪੀ. ਬਲਵਿੰਦਰ ਸਿੰਘ ਸੇਖੋਂ ਅੱਜ ਅਕਾਲੀ ਦਲ (ਵਾਰਿਸ ਪੰਜਾਬ ਦੇ) ਜਥੇਬੰਦੀ ਵਿੱਚ ਸ਼ਾਮਲ ਹੋ ਗਏ ਹਨ। ਚੰਡੀਗੜ੍ਹ ਪ੍ਰੈੱਸ ਕਲੱਬ ਵਿਖੇ ਕਰਵਾਏ ਇੱਕ ਪ੍ਰੋਗਰਾਮ ਦੌਰਾਨ ਅਕਾਲੀ ਦਲ (ਵਾਰਿਸ ਪੰਜਾਬ ਦੇ) ਦੇ ਸੀਨੀਅਰ ਆਗੂ ਤਰਸੇਮ ਸਿੰਘ, ਵਿਧਾਇਕ ਮਨਪ੍ਰੀਤ ਸਿੰਘ ਇਆਲੀ ਅਤੇ ਸੰਸਦ ਮੈਂਬਰ ਸਰਬਜੀਤ ਸਿੰਘ ਖ਼ਾਲਸਾ ਵੱਲੋਂ ਦੋਵਾਂ ਆਗੂਆਂ ਨੂੰ ਸਿਰੋਪਾਓ ਭੇਟ ਕਰਕੇ ਪਾਰਟੀ ਵਿੱਚ ਸ਼ਾਮਲ ਕਰਵਾਇਆ ਗਿਆ।

ਇਸ ਮੌਕੇ ਗੱਲਬਾਤ ਕਰਦਿਆਂ ਨਿਰੰਜਨ ਸਿੰਘ ਨੇ ਕਿਹਾ ਕਿ ਪੰਜਾਬ ਵਿੱਚ ਅਮਨ-ਕਾਨੂੰਨ ਦੀ ਸਥਿਤੀ, ਭ੍ਰਿਸ਼ਟਾਚਾਰ ਅਤੇ ਨਸ਼ਿਆਂ ਦਾ ਹਾਲ ਬਹੁਤ ਹੀ ਚਿੰਤਾਜਨਕ ਬਣ ਚੁੱਕਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਸੂਬੇ ਵਿੱਚ ਡਰੱਗ ਮਾਫ਼ੀਆ ਪੁਲਿਸ ਅਤੇ ਰਾਜਸੀ ਆਗੂਆਂ ਦੀ ਛਤਰ-ਛਾਇਆ ਹੇਠ ਹੀ ਚੱਲ ਰਿਹਾ ਹੈ, ਜਿਸ ਵਿਰੁੱਧ ਪੂਰੇ ਜ਼ੋਰ ਨਾਲ ਆਵਾਜ਼ ਬੁਲੰਦ ਕਰਨ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਅੱਜ ਦੇ ਸਿਆਸੀ ਆਗੂ ਆਪਣੀ ਜ਼ਿੰਮੇਵਾਰੀ ਸਮਝਣ ਤੋਂ ਭੱਜ ਰਹੇ ਹਨ। ਚੋਣਾਂ ਸਮੇਂ ਉਹ ਲੋਕਾਂ ਦੇ ਸੇਵਕ ਬਣ ਕੇ ਆਉਂਦੇ ਹਨ ਪਰ ਜਿੱਤਣ ਤੋਂ ਬਾਅਦ ਖ਼ੁਦ ਨੂੰ ਮਾਲਕ ਅਖਵਾਉਣ ਲੱਗ ਜਾਂਦੇ ਹਨ। ਰਾਜਸੀ ਆਗੂਆਂ ਦਾ ਅਜਿਹਾ ਰਵੱਈਆ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਨਿਰੰਜਨ ਸਿੰਘ ਨੇ ਆਖਿਆ ਕਿ ਆਪਣੀ ਨੌਕਰੀ ਦੌਰਾਨ ਵੀ ਉਨ੍ਹਾਂ ਨੇ ਨਸ਼ਿਆਂ ਖ਼ਿਲਾਫ਼ ਲੰਮੀ ਲੜਾਈ ਲੜੀ ਸੀ ਅਤੇ 'ਵਾਰਿਸ ਪੰਜਾਬ ਦੇ' ਜਥੇਬੰਦੀ ਵੀ ਨਸ਼ਿਆਂ ਵਿਰੁੱਧ ਲਗਾਤਾਰ ਆਵਾਜ਼ ਚੁੱਕ ਰਹੀ ਹੈ। ਇਸੇ ਲਈ ਉਨ੍ਹਾਂ ਨੇ ਇਸ ਜਥੇਬੰਦੀ ਨਾਲ ਮਿਲ ਕੇ ਪੰਜਾਬ ਨੂੰ ਨਸ਼ਿਆਂ ਦੀ ਦਲਦਲ ਵਿੱਚੋਂ ਬਾਹਰ ਕੱਢਣ ਦਾ ਫ਼ੈਸਲਾ ਕੀਤਾ ਹੈ।

ਵਿਧਾਇਕ ਮਨਪ੍ਰੀਤ ਸਿੰਘ ਇਆਲੀ ਨੇ ਕਿਹਾ ਕਿ 'ਵਾਰਿਸ ਪੰਜਾਬ ਦੇ' ਜਥੇਬੰਦੀ ਪਹਿਲੇ ਦਿਨ ਤੋਂ ਹੀ ਨਸ਼ਾ ਮੁਕਤੀ ਲਈ ਯਤਨਸ਼ੀਲ ਹੈ ਅਤੇ ਇਹ ਲੜਾਈ ਸੂਬੇ ਵਿੱਚੋਂ ਨਸ਼ੇ ਦਾ ਮੁਕੰਮਲ ਖ਼ਾਤਮਾ ਹੋਣ ਤੱਕ ਜਾਰੀ ਰਹੇਗੀ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰਾਂ ਅੰਮ੍ਰਿਤਪਾਲ ਸਿੰਘ ਵੱਲੋਂ ਨਸ਼ਿਆਂ ਵਿਰੁੱਧ ਵਿੱਢੀ ਮੁਹਿੰਮ ਤੋਂ ਅਸੁਰੱਖਿਅਤ ਮਹਿਸੂਸ ਕਰ ਰਹੀਆਂ ਸਨ, ਜਿਸ ਕਾਰਨ ਉਸ ਉੱਪਰ ਐੱਨ.ਐੱਸ.ਏ. ਲਗਾ ਕੇ ਜੇਲ੍ਹ ਵਿੱਚ ਬੰਦ ਕਰ ਦਿੱਤਾ ਗਿਆ। ਹੁਣ ਐੱਨ.ਐੱਸ.ਏ. ਹਟਣ ਤੋਂ ਬਾਅਦ ਵੀ ਉਸ ਨੂੰ ਜੇਲ੍ਹ ਤੋਂ ਬਾਹਰ ਨਹੀਂ ਆਉਣ ਦਿੱਤਾ ਜਾ ਰਿਹਾ।

(ਬਾਕੀ ਸਫ਼ਾ 26 'ਤੇ)

# ਕੈਨੇਡਾ 'ਚ ਪਰਵਾਸੀਆਂ, ਕੌਮਾਂਤਰੀ ਵਿਦਿਆਰਥੀਆਂ ਅਤੇ ਸ਼ਰਨਾਰਥੀਆਂ ਵੱਲੋਂ ਰੋਸ ਪ੍ਰਦਰਸ਼ਨ




ਵਿੰਨੀਪੈੱਗ/ਏ.ਟੀ.ਨਿਊਜ਼: ਕੈਨੇਡਾ ਦੀ ਸੰਸਦ ਦਾ ਨਵਾਂ ਸੈਸ਼ਨ ਸ਼ੁਰੂ ਹੋਣ ਤੋਂ ਪਹਿਲਾਂ ਬੀਤੇ ਦਿਨੀਂ ਦੇਸ਼ ਦੇ ਕਈ ਸ਼ਹਿਰਾਂ ਵਿੱਚ ਹਜ਼ਾਰਾਂ ਪਰਵਾਸੀਆਂ, ਕੌਮਾਂਤਰੀ ਵਿਦਿਆਰਥੀਆਂ, ਸ਼ਰਨਾਰਥੀਆਂ ਅਤੇ ਗ਼ੈਰ-ਦਸਤਾਵੇਜ਼ੀ ਲੋਕਾਂ ਨੇ ਰੋਸ ਪ੍ਰਦਰਸ਼ਨ ਕੀਤੇ। ਪ੍ਰਦਰਸ਼ਨਕਾਰੀਆਂ ਦੀ ਮੁੱਖ ਮੰਗ ਸੀ ਕਿ ਕੈਨੇਡਾ ਵਿੱਚ ਰਹਿ ਰਹੇ ਸਾਰੇ ਪਰਵਾਸੀਆਂ ਲਈ ਪੱਕੀ ਰਿਹਾਇਸ਼ ਦਾ ਰਸਤਾ ਖੋਲ੍ਹਿਆ ਜਾਵੇ ਅਤੇ ਡਿਪੋਰਟੇਸ਼ਨ ਰੋਕੀ ਜਾਵੇ।

ਟੋਰਾਂਟੋ ਵਿੱਚ ਮਾਰਚ ਦੁਪਹਿਰ 2 ਵਜੇ ਕ੍ਰਿਸਟੀ ਪਿਟਸ ਪਾਰਕ ਤੋਂ ਸ਼ੁਰੂ ਹੋ ਕੇ ਡਫਰਿਨ ਗਰੋਵ ਪਾਰਕ ਤੱਕ ਗਿਆ। ਟੋਰਾਂਟੋ ਪੁਲਿਸ ਮੁਤਾਬਕ ਕਰੀਬ 600 ਲੋਕਾਂ ਨੇ ਇਸ ਵਿੱਚ ਹਿੱਸਾ ਲਿਆ। ਮਾਈਗ੍ਰੈਂਟ ਵਰਕਰਜ਼ ਅਲਾਇੰਸ ਫ਼ਾਰ ਚੇਂਜ ਦੀ ਅਗਵਾਈ ਹੇਠ ਦੇਸ਼ ਭਰ ਵਿੱਚ ਇਸੇ ਮੁੱਦੇ 'ਤੇ 11 ਮਾਰਚ ਕੱਢੇ ਗਏ।

ਜਥੇਬੰਦੀ ਦੀ ਆਗੂ ਸਰੋਮ ਰੋਹ ਨੇ ਕਿਹਾ ਕਿ ਲਗਭਗ 17 ਲੱਖ ਲੋਕ ਇਸ ਸਮੇਂ ਅਸਥਾਈ ਵਰਕ ਜਾਂ ਸਟੱਡੀ ਪਰਮਿਟਾਂ 'ਤੇ ਕੈਨੇਡਾ ਵਿੱਚ ਰਹਿ ਰਹੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਇਹ ਲੋਕ ਖੇਤੀਬਾੜੀ, ਬੱਚਿਆਂ ਅਤੇ ਬਜ਼ੁਰਗਾਂ ਦੀ ਦੇਖਭਾਲ ਅਤੇ ਹੋਰ ਜ਼ਰੂਰੀ ਸੇਵਾਵਾਂ ਵਿੱਚ ਕੰਮ ਕਰ ਰਹੇ ਹਨ, ਪਰ ਆਪਣੇ ਭਵਿੱਖ ਨੂੰ ਲੈ ਕੇ ਅਨਿਸ਼ਚਿਤਤਾ ਦਾ ਸਾਹਮਣਾ ਕਰ ਰਹੇ ਹਨ।

ਰੈਲੀ ਵਿੱਚ ਸ਼ਾਮਲ ਬਿਕਰਮਜੀਤ ਸਿੰਘ, ਜੋ 2019 ਵਿੱਚ ਭਾਰਤ ਤੋਂ ਕੌਮਾਂਤਰੀ ਵਿਦਿਆਰਥੀ ਵਜੋਂ ਕੈਨੇਡਾ ਆਇਆ ਸੀ, ਨੇ ਕਿਹਾ ਕਿ ਇਮੀਗ੍ਰੇਸ਼ਨ ਸਟੇਟਸ ਦੀ ਅਨਿਸ਼ਚਿਤਤਾ ਕਾਮਿਆਂ ਨੂੰ ਸ਼ੋਸ਼ਣ ਲਈ ਵਧੇਰੇ ਕਮਜ਼ੋਰ ਕਰ ਸਕਦੀ ਹੈ। ਉਸ ਨੇ ਦੱਸਿਆ ਕਿ ਉਹ ਇਸ ਵੇਲੇ ਕਲੋਜ਼ਡ ਵਰਕ ਪਰਮਿਟ 'ਤੇ ਹੈ ਅਤੇ ਉਸ ਨੂੰ ਪੀਆਰ ਲਈ ਕੋਈ ਸਪਸ਼ਟ ਰਸਤਾ ਨਜ਼ਰ ਨਹੀਂ ਆ ਰਿਹਾ।

ਪ੍ਰਦਰਸ਼ਨਕਾਰੀਆਂ ਨੇ ਮਹਿੰਗੇ ਕਿਰਾਏ, ਵਧਦੇ ਜੀਵਨ-ਖ਼ਰਚ ਅਤੇ ਕੰਮਕਾਜੀ ਅਸੁਰੱਖਿਆ ਵਰਗੇ ਮੁੱਦੇ ਵੀ ਉਠਾਏ। ਯੂਗਾਂਡਾ ਤੋਂ ਆਈ ਇੱਕ ਗ਼ੈਰ-ਦਸਤਾਵੇਜ਼ੀ ਪ੍ਰਵਾਸੀ ਔਰਤ, ਜਿਸ ਨੇ ਆਪਣੀ ਸੁਰੱਖਿਆ ਕਾਰਨ ਆਪਣਾ ਨਾਂਅ 'ਜੇਨ' ਦੱਸਿਆ, ਨੇ ਕਿਹਾ ਕਿ ਉਹ ਛੇ ਸਾਲਾਂ ਤੋਂ ਬਿਨਾਂ ਦਸਤਾਵੇਜ਼ਾਂ ਦੇ ਕੈਨੇਡਾ ਵਿੱਚ ਰਹਿ ਰਹੀ ਹੈ। ਉਸ ਨੇ ਕਿਹਾ ਕਿ ਉਹ ਬਰਾਬਰ ਦੇ ਹੱਕਾਂ ਨਾਲ ਚੰਗੀ ਨੌਕਰੀ ਅਤੇ ਆਪਣੇ ਪਰਿਵਾਰ ਨਾਲ ਮੁੜ ਮਿਲਣ ਦਾ ਮੌਕਾ ਚਾਹੁੰਦੀ ਹੈ।

(ਬਾਕੀ ਸਫ਼ਾ 26 'ਤੇ)

## ‘ਦਿ ਇਕੌਨੋਮਿਸਟ’ ਦੀ ਰਿਪੋਰਟ ਦੇ ਹਵਾਲੇ ਨਾਲ ਵਿਸ਼ਲੇਸ਼ਣ

# 80 ਫ਼ੀਸਦੀ ਬਹੁਗਿਣਤੀ ਵਾਲੇ ਭਾਰਤ ’ਚ ਹਿੰਦੂ ਸਮਾਜ ਆਖ਼ਰ ਕਿਸ ਗੱਲੋਂ ਡਰਿਆ ਹੋਇਆ ਹੈ ?

## 2050 ਤੱਕ ਵੀ 77% ਰਹੇਗੀ ਹਿੰਦੂ ਆਬਾਦੀ; ‘ਪਿਊ ਰਿਸਰਚ’ ਨੇ ਨਕਾਰਿਆ ਘੱਟਗਿਣਤੀ ਬਣਨ ਦਾ ਦਾਅਵਾ

ਬੀਤੇ ਦਿਨੀਂ ਲੰਡਨ ਦੇ ਪ੍ਰਸਿੱਧ ਰਸਾਲੇ ‘ਦਿ ਇਕੌਨੋਮਿਸਟ’ ਨੇ ਯੂਰੋਪ ਅੰਦਰ ਇਸਲਾਮ ਦੇ ਵਧਦੇ ਪ੍ਰਭਾਵ ਅਤੇ ਡਰ ’ਤੇ ਇੱਕ ਵਿਸ਼ੇਸ਼ ਰਿਪੋਰਟ ਛਾਪੀ ਸੀ। ਇਸ ਦਾ ਸਿਰਲੇਖ ‘ਯੂਰੋਪ ਵਿੱਚ ਇਸਲਾਮ ਬਾਰੇ ਸੱਚ ਅਤੇ ਝੂਠ’ ਹੈ। ਰਸਾਲੇ ਮੁਤਾਬਕ ਆਮ ਮੁਸਲਮਾਨ ਕੋਈ ਸਮੱਸਿਆ ਨਹੀਂ ਹੈ, ਪਰ ਸਿਆਸੀ ਇਸਲਾਮ ਅਤੇ ਕੱਟੜਪੰਥੀ ਸੋਚ ਸੱਚਮੁੱਚ ਖ਼ਤਰਾ ਹੈ। ਰਿਪੋਰਟ ਅਨੁਸਾਰ ਯੂਰੋਪ ਵਿੱਚ ਕੁਝ ਕੱਟੜਪੰਥੀ ਨੌਜਵਾਨ ਦੇਸ਼ ਦੇ ਕਾਨੂੰਨ ਨਾਲੋਂ ਸ਼ਰੀਅਤ ਨੂੰ ਉੱਚਾ ਮੰਨਦੇ ਹਨ ਅਤੇ ‘ਮੁਸਲਿਮ ਬ੍ਰਦਰਹੁਡ’ ਵਰਗੀਆਂ ਜਥੇਬੰਦੀਆਂ ਰਾਹੀਂ ਸਰਕਾਰੀ ਅਦਾਰਿਆਂ ਵਿੱਚ ਘੁਸਪੈਠ ਕਰਨ ਦੀ ਕੋਸ਼ਿਸ਼ ਕਰਦੇ ਹਨ।ਰਿਪੋਰਟ ਅਨੁਸਾਰ ਔਰਤਾਂ ਦੇ ਹੱਕਾਂ, ਬੋਲਣ ਦੀ ਆਜ਼ਾਦੀ, ਸਮਲਿੰਗੀ ਹੱਕਾਂ ਅਤੇ ਧਾਰਮਿਕ ਆਲੋਚਨਾ ਵਰਗੇ ਮੁੱਦਿਆਂ ’ਤੇ ਕੱਟੜਪੰਥੀ ਇਸਲਾਮ ਦਾ ਯੂਰਪ ਦੇ ਖੁੱਲ੍ਹੇ-ਖ਼ਿਆਲੇ ਲੋਕਤੰਤਰ ਨਾਲ ਸਿੱਧਾ ਟਕਰਾਅ ਹੈ। ਕੱਟੜ ਇਸਲਾਮ ਅਤੇ ਕੱਟੜ ਸੱਜੇ-ਪੱਖੀ (ਰਾਈਟ-ਵਿੰਗ) ਇੱਕ-ਦੂਜੇ ਦੇ ਡਰ ਸਿਰ ਹੀ ਪਲਦੇ ਹਨ; ਇੱਕ ਧਿਰ ਦਾ ਕੱਟੜਪੰਥ ਦੂਜੀ ਧਿਰ ਲਈ ਖ਼ੁਰਾਕ ਬਣਦਾ ਹੈ। ਯੂਰਪ ਵਿੱਚ ਮਹਿਜ਼ 6 ਤੋਂ 10 ਫ਼ੀਸਦੀ ਮੁਸਲਿਮ ਆਬਾਦੀ ਤੋਂ ਪੂਰੀ ਯੂਰਪੀ ਸੱਭਿਅਤਾ ਦੇ ਖ਼ਤਮ ਹੋ ਜਾਣ ਦਾ ਡਰ ਦਿਖਾਉਣਾ ਅਸਲੀਅਤ ਤੋਂ ਕੋਹਾਂ ਦੂਰ ਹੈ।

ਇਸ ਰਿਪੋਰਟ ਨੂੰ ਪੜ੍ਹਦਿਆਂ ਇੰਝ ਲੱਗਦਾ ਹੈ ਜਿਵੇਂ ਇਹ ਯੂਰਪ ਦੀ ਥਾਂ ਭਾਰਤ ਅੰਦਰ ਹਿੰਦੂ ਬਨਾਮ ਮੁਸਲਿਮ ਸਿਆਸਤ ਦੀ ਚੀਰ-ਫਾੜ ਕਰ ਰਹੀ ਹੋਵੇ। ਯੂਰੋਪ ਅਤੇ ਭਾਰਤ ਦੇ ਹਾਲਾਤਾਂ ਵਿੱਚ ਜ਼ਮੀਨ-ਅਸਮਾਨ ਦਾ ਫ਼ਰਕ ਹੈ। ਯੂਰੋਪ ਵਿੱਚ ਮੁਸਲਮਾਨ ਪਿਛਲੀ ਇੱਕ-ਡੇਢ ਸਦੀ ਦੌਰਾਨ ਬਾਹਰੋਂ ਆਏ ਪਰਵਾਸੀ ਹਨ। ਇਸ ਦੇ ਉਲਟ ਭਾਰਤ ਵਿੱਚ ਮੁਸਲਮਾਨ ਇਸੇ ਧਰਤੀ ਦੇ ਜਾਏ ਹਨ। ਉਹ ਇਸੇ ਸੱਭਿਅਤਾ ਅਤੇ ਇਤਿਹਾਸ ਦਾ ਅਟੁੱਟ ਹਿੱਸਾ ਹਨ। ਇਸ ਵੱਡੇ ਫ਼ਰਕ ਦੇ ਬਾਵਜੂਦ ਦੋਵਾਂ ਥਾਵਾਂ ’ਤੇ ਬਹੁਗਿਣਤੀ ਆਬਾਦੀ ਅੰਦਰ ਇੱਕੋ ਜਿਹੀ ਘਬਰਾਹਟ ਅਤੇ ਮਾਨਸਿਕ ਡਰ ਬੈਠਾ ਹੋਇਆ ਹੈ।



**ਯੂਰੋਪ ਦਾ ਹਊਆ ਅਤੇ ਭਾਰਤੀ ਸੋਸ਼ਲ ਮੀਡੀਆ ਦੀ ਬੇਚੈਨੀ**

ਯੂਰੋਪ ਦੇ ਲੋਕਾਂ ਨਾਲੋਂ ਵੱਧ ਭਾਰਤੀ ਸੋਸ਼ਲ ਮੀਡੀਆ ਇਸ ਖ਼ੌਫ਼ ਵਿੱਚ ਘੁਲ ਰਿਹਾ ਹੈ ਕਿ ਕਿ ਬਰਤਾਨੀਆ, ਫ਼ਰਾਂਸ ਅਤੇ ਜਰਮਨੀ ਕਿਤੇ ਇਸਲਾਮੀ ਮੁਲਕ ਨਾ ਬਣ ਜਾਣ। ਯੂਰੋਪ ਅੰਦਰ 6 ਤੋਂ 10 ਫ਼ੀਸਦੀ ਅਤੇ ਭਾਰਤ ਵਿੱਚ 14 ਤੋਂ 15 ਫ਼ੀਸਦੀ ਮੁਸਲਿਮ ਆਬਾਦੀ ਤੋਂ ਬਹੁਗਿਣਤੀ ਸੱਭਿਅਤਾਵਾਂ ਦੇ ਮਿਟਣ ਦਾ ਬੇਲੋੜਾ ਹਊਆ ਖੜ੍ਹਾ ਕੀਤਾ ਜਾ ਰਿਹਾ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਯੂਰੋਪੀ ਲੋਕਾਂ ਅੰਦਰ ਆਪਣੀ ਹੋਂਦ ਪ੍ਰਤੀ ਜਿੰਨਾ ਦ੍ਰਿੜ੍ਹ ਭਰੋਸਾ ਹੈ, ਓਨਾ ਆਤਮ-ਵਿਸ਼ਵਾਸ ਅੱਜ ਪੂਰਨ ਸੱਤਾ ਹੋਣ ਦੇ ਬਾਵਜੂਦ ਭਾਰਤੀ ਹਿੰਦੂ ਸਮਾਜ ਅੰਦਰ ਨਜ਼ਰ ਨਹੀਂ ਆਉਂਦਾ।

**ਕੀ 80 ਫ਼ੀਸਦੀ ਹਿੰਦੂ ਆਬਾਦੀ ਸੱਚਮੁੱਚ ਖ਼ਤਰੇ ਵਿੱਚ ਹੈ ?**

ਅੱਜ ਹਿੰਦੂ ਸਮਾਜ, ਸੰਘ ਪਰਿਵਾਰ ਅਤੇ ਉਸ ਦੀ ਸਿਆਸਤ ਆਖ਼ਰ ਕਿਸ ਗੱਲ ਤੋਂ ਇੰਨੀ ਸਹਿਮੀ ਹੋਈ ਹੈ ? ਜਿਸ ਧਰਮ ਕੋਲ ਇੰਨੀ ਵੱਡੀ ਜੀਵਨ-ਜਾਚ ਹੈ, ਉਸ ਦੇ ਸੁਭਾਅ ਵਿੱਚ ਖ਼ੌਫ਼ ਨਹੀਂ ਸਗੋਂ ਮਾਣ ਹੋਣਾ ਚਾਹੀਦਾ ਹੈ। ਅੱਜ ਦੇਸ਼ ਵਿੱਚ ਹਿੰਦੂਆਂ ਕੋਲ ਆਪਣਾ ਲੋਕਤੰਤਰ ਹੈ। ਚੁਣੀ ਹੋਈ ਸਰਕਾਰ ਹੈ। ਆਪਣੀ ਫ਼ੌਜ, ਪੁਲਿਸ ਅਤੇ ਤਕੜੀ ਆਰਥਿਕ ਤਾਕਤ ਹੈ। ਫਿਰ ਅਜਿਹੇ ਸਮਾਜ ਨੂੰ 2026 ਜਾਂ 2126 ਵਿੱਚ ਕੋਈ ਕਿਵੇਂ ਮਿਟਾ ਸਕਦਾ ਹੈ ?

ਕੀ ਮੁਸਲਮਾਨ ਆਬਾਦੀ ਦੇ ਜ਼ੋਰ ’ਤੇ ਹਿੰਦੂਆਂ ਨੂੰ ਖ਼ਤਮ ਕਰ ਦੇਣਗੇ ? ਅੰਕੜੇ ਇਸ ਖ਼ਦਸ਼ੇ ਨੂੰ ਸਿਰੇ ਤੋਂ ਰੱਦ ਕਰਦੇ ਹਨ। 1951 ਵਿੱਚ ਭਾਰਤ ਅੰਦਰ ਹਿੰਦੂ 84.1 ਫ਼ੀਸਦੀ ਅਤੇ ਮੁਸਲਮਾਨ 9.8 ਫ਼ੀਸਦੀ ਸਨ, ਜਦਕਿ 2011 ਦੀ ਮਰਦਮਸ਼ੁਮਾਰੀ ਵਿੱਚ ਹਿੰਦੂ 79.8 ਅਤੇ ਮੁਸਲਮਾਨ 14.2 ਫ਼ੀਸਦੀ ਦਰਜ ਕੀਤੇ ਗਏ। ਆਬਾਦੀ ਦੇ ਅਨੁਪਾਤ ਵਿੱਚ ਆਇਆ ਇਹ ਮਾਮੂਲੀ ਬਦਲਾਅ ਕਿਸੇ ਵੀ ਪੱਖੋਂ ‘ਜਨਸੰਖਿਆ ਧਮਾਕਾ’ ਨਹੀਂ ਅਖਵਾ ਸਕਦਾ। ਸੋਸ਼ਲ ਮੀਡੀਆ ਰਾਹੀਂ ਇਹ ਅਫ਼ਵਾਹ ਲਗਾਤਾਰ ਫੈਲਾਈ ਜਾਂਦੀ ਹੈ ਕਿ ਹਿੰਦੂ ਛੇਤੀ ਹੀ ਘੱਟਗਿਣਤੀ ਬਣ ਜਾਣਗੇ, ਜਦਕਿ ਸੱਚਾਈ ਇਹ ਹੈ ਕਿ ਮੁਸਲਿਮ ਭਾਈਚਾਰੇ ਵਿੱਚ ਬੱਚੇ ਪੈਦਾ ਕਰਨ ਦੀ ਦਰ (ਜਣਨ ਦਰ) ਤੇਜ਼ੀ ਨਾਲ ਹੇਠਾਂ ਡਿੱਗੀ ਹੈ ਅਤੇ ਦੋਵਾਂ ਧਰਮਾਂ ਵਿਚਲਾ ਇਹ ਪਾੜਾ ਲਗਾਤਾਰ ਸੁੰਗੜ ਰਿਹਾ ਹੈ। ਵਿਸ਼ਵ ਪ੍ਰਸਿੱਧ ‘ਪਿਊ ਰਿਸਰਚ’ ਮੁਤਾਬਕ 2050 ਤੱਕ ਵੀ ਭਾਰਤ ਵਿੱਚ ਕਰੀਬ 77 ਫ਼ੀਸਦੀ ਹਿੰਦੂ ਅਤੇ 18 ਫ਼ੀਸਦੀ ਮੁਸਲਮਾਨ ਹੋਣਗੇ। ਸਾਫ਼ ਹੈ ਕਿ ਆਉਣ ਵਾਲੀਆਂ ਕਈ ਦਹਾਕਿਆਂ ਬਾਅਦ ਵੀ ਭਾਰਤ ਇੱਕ ਵੱਡੀ ਹਿੰਦੂ ਬਹੁਗਿਣਤੀ ਵਾਲਾ ਦੇਸ਼ ਹੀ ਰਹੇਗਾ।

‘ਦਿ ਇਕੌਨੋਮਿਸਟ’ ਨੇ ਸਪੱਸ਼ਟ ਲਿਖਿਆ ਹੈ ਕਿ ਆਮ ਮੁਸਲਮਾਨ ਅਤੇ ਕੱਟੜਪੰਥੀ ਇਸਲਾਮ ਵਿੱਚ ਜ਼ਮੀਨ-ਅਸਮਾਨ ਦਾ ਫ਼ਰਕ ਹੈ। ਆਮ ਮੁਸਲਮਾਨ ਕੋਈ ਸਮੱਸਿਆ ਨਹੀਂ, ਪਰ ਕੱਟੜਵਾਦੀ ਸੋਚ ਸੱਚਮੁੱਚ ਵੱਡਾ ਖ਼ਤਰਾ ਹੈ। ਯੂਰਪ ਵਾਂਗ ਭਾਰਤ ਅੰਦਰ ਵੀ ਇਹ ਕੌੜੀ ਹਕੀਕਤ ਮੌਜੂਦ ਹੈ ਕਿ ਰੂੜ੍ਹੀਵਾਦੀ ਮੌਲਵੀਆਂ ਦਾ ਦਬਦਬਾ, ਮਦਰੱਸਿਆਂ ਦੀ ਪੁਰਾਣੀ ਸੋਚ, ਸ਼ਰੀਅਤ ਦੀ ਜ਼ਿੱਦ ਅਤੇ ਕੱਟੜ ਫ਼ੈਸਲੇ ਅੜਿੱਕਾ ਬਣੇ ਹੋਏ ਹਨ। ਇਸ ਤੋਂ ਇਲਾਵਾ ਭੜਕਾਊ ਬਿਆਨਬਾਜ਼ੀ, ਵੱਖਵਾਦ ਅਤੇ ਕਸ਼ਮੀਰ ਦੇ ਅੱਤਵਾਦ ਦਾ ਖ਼ੂਨੀ ਇਤਿਹਾਸ ਵੀ ਇੱਕ ਵੱਡਾ ਸੱਚ ਹੈ। ਰਹੀ-ਸਹੀ ਕਸਰ ਮੁਸਲਿਮ ਸਿਆਸਤ ਨੇ ਕੱਢ ਦਿੱਤੀ, ਜਿਸ ਨੇ ਮੁਸਲਮਾਨਾਂ ਨੂੰ ਜਾਗਰੂਕ ਨਾਗਰਿਕ ਬਣਾਉਣ ਦੀ ਥਾਂ ਮਜ਼ਹਬੀ ਵੋਟ ਬੈਂਕ ਤੱਕ ਸੀਮਤ ਰੱਖਿਆ।

**ਡਰ ਦਾ ਸਾਂਝਾ ਕਾਰੋਬਾਰ ਅਤੇ ਮੋਬਾਈਲ ਦਾ ਜ਼ਹਿਰੀ ਪ੍ਰਭਾਵ**

ਮੁਸਲਿਮ ਕੱਟੜਪੰਥ ਸੱਚ ਹੈ, ਪਰ ਇਸ ਆੜ ਹੇਠ 14% ਆਬਾਦੀ ਨੂੰ 80% ਬਹੁਗਿਣਤੀ ਲਈ ਖ਼ਤਰਾ ਦੱਸਣਾ ਸਰਾਸਰ ਗ਼ਲਤ ਹੈ। ਦੋਵਾਂ ਪਾਸਿਆਂ ਦੀ ਕੱਟੜਤਾ ਇੱਕ-ਦੂਜੇ ਦੇ ਸਹਾਰੇ ਜਿਊਂਦੀ ਹੈ—ਇੱਕ ਧਿਰ ਦਾ ਭੜਕਾਊ ਬਿਆਨ ਦੂਜੀ ਧਿਰ ਦੇ ਡਰ ਨੂੰ ਖ਼ੁਰਾਕ ਦਿੰਦਾ ਹੈ।ਅੱਜ ਸੋਸ਼ਲ ਮੀਡੀਆ ਰਾਹੀਂ ਇਹ ਨਫ਼ਰਤੀ ਅਫ਼ਵਾਹਾਂ 24 ਘੰਟੇ ਹਰ ਜੇਬ ਵਿੱਚ ਮੋਬਾਇਲ (ਬਾਕੀ ਸਫ਼ਾ 27 ’ਤੇ)

## ਕਿਸ਼ਾਊ ਡੈਮ ਸਮਝੌਤਾ

# ਅਮਿਤ ਸ਼ਾਹ ਨੇ ਗਿਣਾਏ 10 ਜਲ ਵਿਵਾਦ ਪਰ ਯਮੁਨਾ ’ਤੇ ਪੰਜਾਬ ਦਾ ਹੱਕ ਸੂਚੀ ’ਚੋਂ ਗਾਇਬ

## 1966 ਦੀ ਵੰਡ ਦੇ ਅਧਾਰ ’ਤੇ ਯਮੁਨਾ ਦੇ ਪਾਣੀ ’ਤੇ ਦਾਅਵੇ ਦੀ ਉੱਠੀ ਮੰਗ



ਕੇ. ਬੀ. ਐੱਸ. ਸਿੱਧੂ ਸਾਬਕਾ ਆਈ.ਏ.ਐਸ.

ਬੀਤੇ ਦਿਨੀਂ ਨਵੀਂ ਦਿੱਲੀ ਵਿੱਚ ਉੱਤਰ ਪ੍ਰਦੇਸ਼, ਉੱਤਰਾਖੰਡ, ਹਿਮਾਚਲ ਪ੍ਰਦੇਸ਼, ਰਾਜਸਥਾਨ, ਹਰਿਆਣਾ ਅਤੇ ਦਿੱਲੀ ਦੇ ਮੁੱਖ ਮੰਤਰੀਆਂ ਨੇ ਕਿਸ਼ਾਊ ਬਹੁ-ਮੰਤਵੀ ਡੈਮ ਪ੍ਰੋਜੈਕਟ ਦੇ ਸਮਝੌਤੇ ਉੱਤੇ ਦਸਤਖ਼ਤ ਕਰ ਦਿੱਤੇ ਸਨ। ਯਮੁਨਾ ਦੀ ਸਹਾਇਕ ਟੌਂਸ ਨਦੀ ’ਤੇ ਬਣਨ ਵਾਲਾ ਇਹ ਪ੍ਰੋਜੈਕਟ ਪਿਛਲੇ ਅੱਠ ਸਾਲਾਂ ਤੋਂ ਲਾਗਤ ਵੰਡ ਨੂੰ ਲੈ ਕੇ ਲਟਕਿਆ ਹੋਇਆ ਸੀ। ਇਸ ਮੌਕੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਇਸ ਨੂੰ ਮੋਦੀ ਸਰਕਾਰ ਵੱਲੋਂ ਸੁਲਝਾਇਆ ਗਿਆ 10ਵਾਂ ਵੱਡਾ ਅੰਤਰ-ਰਾਜੀ ਜਲ ਵਿਵਾਦ ਕਰਾਰ ਦਿੱਤਾ ਸੀ। ਹਾਲਾਂਕਿ, ਇਹ ਸਮਝੌਤਾ 1994 ਦੇ ਯਮੁਨਾ ਜਲ ਸਮਝੌਤੇ ’ਤੇ ਆਧਾਰਿਤ ਹੈ, ਜਿਸ ਵਿੱਚੋਂ ਮੂਲ ਸੂਬੇ ਪੰਜਾਬ ਨੂੰ ਪੂਰੀ ਤਰ੍ਹਾਂ ਬਾਹਰ ਰੱਖਿਆ ਗਿਆ ਹੈ।

**1966 ਦੀ ਵੰਡ ਅਤੇ ਇਤਿਹਾਸਕ ਬੇਇਨਸਾਫ਼ੀ**

ਪੰਜਾਬ ਦੇ ਦਾਅਵੇ ਨੂੰ ਨਜ਼ਰਅੰਦਾਜ਼ ਕਰਨ ਦੀ ਜੜ੍ਹ 1 ਨਵੰਬਰ 1966 ਦੇ ਪੰਜਾਬ ਪੁਨਰਗਠਨ ਐਕਟ ਵਿੱਚ ਹੈ। ਇਸ ਵੰਡ ਤਹਿਤ ਹਰਿਆਣਾ ਵੱਖਰਾ ਰਾਜ ਬਣਿਆ ਸੀ, ਪਹਾੜੀ ਖੇਤਰ ਹਿਮਾਚਲ ਪ੍ਰਦੇਸ਼ ਨੂੰ ਮਿਲੇ ਸਨ ਅਤੇ ਚੰਡੀਗੜ੍ਹ ਕੇਂਦਰ ਸ਼ਾਸਿਤ ਪ੍ਰਦੇਸ਼ ਬਣ ਗਿਆ ਸੀ। ਵੰਡ ਤੋਂ ਪਹਿਲਾਂ ਅਣਵੰਡੇ ਪੰਜਾਬ ਦੀ ਪੂਰਬੀ ਹੱਦ ਅੰਬਾਲਾ ਜ਼ਿਲ੍ਹੇ ਦੀ ਜਗਾਧਰੀ ਤਹਿਸੀਲ (ਮੌਜੂਦਾ ਯਮੁਨਾਨਗਰ) ਰਾਹੀਂ ਯਮੁਨਾ ਦਰਿਆ ਨੂੰ ਛੂੰਹਦੀ ਸੀ। ਵੰਡ ਸਮੇਂ ਸੰਸਦ ਨੇ ਭਾਖੜਾ ਅਤੇ ਬਿਆਸ ਪ੍ਰੋਜੈਕਟਾਂ ਦੇ ਅਧਿਕਾਰ ਦੋਵਾਂ ਰਾਜਾਂ ਵਿਚਾਲੇ ਵੰਡੇ ਅਤੇ ਮਾਰਚ 1976 ਦੇ ਨੋਟੀਫਿਕੇਸ਼ਨ ਰਾਹੀਂ ਹਰਿਆਣਾ ਨੂੰ ਰਾਵੀ-ਬਿਆਸ ਦੇ ਪਾਣੀ ਵਿੱਚੋਂ 3.5 ਐੱਮ.ਏ.ਐੱਫ. ਹਿੱਸਾ ਦਿੱਤਾ ਗਿਆ ਸੀ, ਭਾਵੇਂ ਹਰਿਆਣਾ ਦੀ ਹੱਦ ਇਨ੍ਹਾਂ ਦਰਿਆਵਾਂ ਨਾਲ ਨਹੀਂ ਲੱਗਦੀ ਸੀ। ਪਰ ਦੂਜੇ ਪਾਸੇ, ਅਣਵੰਡੇ ਪੰਜਾਬ ਦੇ ਯਮੁਨਾ ਵਿਚਲੇ ਹੱਕ ਨੂੰ ਵੰਡਿਆ ਹੀ ਨਹੀਂ ਗਿਆ ਅਤੇ ਇਹ ਮੰਨ ਲਿਆ ਗਿਆ ਕਿ ਦਰਿਆ ਪੰਜਾਬ ਦੀ ਹੱਦ ਨਾਲ ਨਾ ਲੱਗਣ ਕਰਕੇ ਉਸਦਾ ਹੱਕ ਖ਼ਤਮ ਹੋ ਚੁੱਕਾ ਹੈ।

**ਦੂਜੇ ਸੂਬਿਆਂ ਦੇ ਮੁਕਾਬਲੇ ਪੰਜਾਬ ਨਾਲ ਦੋਹਰਾ ਮਾਪਦੰਡ**

ਦੇਸ਼ ਦੇ ਬਾਕੀ ਸੂਬਿਆਂ ਦੇ ਪੁਨਰਗਠਨ ਦੌਰਾਨ ਕੇਂਦਰ ਸਰਕਾਰ ਨੇ ਬਿਲਕੁਲ ਵੱਖਰਾ ਤਰੀਕਾ ਅਪਣਾਇਆ ਹੈ। ਸਾਲ 2000 ਵਿੱਚ ਜਦੋਂ ਉੱਤਰ ਪ੍ਰਦੇਸ਼ ਵਿੱਚੋਂ ਉੱਤਰਾਖੰਡ ਵੱਖ ਹੋਇਆ, ਤਾਂ ਕੇਂਦਰ ਨੇ 2001 ਵਿੱਚ ਅੱਪਰ ਯਮੁਨਾ ਰਿਵਰ ਬੋਰਡ ਦਾ ਪੁਨਰਗਠਨ ਕਰਕੇ ਉੱਤਰਾਖੰਡ ਨੂੰ ਇਸ ਵਿੱਚ ਬਾਕਾਇਦਾ ਸੀਟ ਦਿੱਤੀ। ਇਸੇ ਤਰ੍ਹਾਂ 2014 ਵਿੱਚ ਆਂਧਰਾ ਪ੍ਰਦੇਸ਼ ਦੀ ਵੰਡ ਸਮੇਂ ਕ੍ਰਿਸ਼ਨਾ ਅਤੇ ਗੋਦਾਵਰੀ ਦਰਿਆਈ ਬੋਰਡਾਂ ਵਿੱਚ ਆਂਧਰਾ ਪ੍ਰਦੇਸ਼ ਅਤੇ ਤੇਲੰਗਾਨਾ ਦੋਵਾਂ ਨੂੰ ਬਰਾਬਰ ਹਿੱਸੇਦਾਰੀ ਦਿੱਤੀ ਗਈ ਸੀ। ਦੇਸ਼ ਵਿੱਚ ਸਥਾਪਿਤ ਨਿਯਮ ਇਹੀ ਰਿਹਾ ਹੈ ਕਿ ਵੰਡ ਹੋਣ ’ਤੇ ਦਰਿਆਈ ਹੱਕ ਅਤੇ ਬੋਰਡਾਂ ਦੀਆਂ ਸੀਟਾਂ ਦੋਵਾਂ ਉੱਤਰਾਧਿਕਾਰੀ ਰਾਜਾਂ ਨੂੰ ਮਿਲਦੀਆਂ ਹਨ, ਪਰ ਪੰਜਾਬ ਦੇ ਮਾਮਲੇ ਵਿੱਚ ਇਸ ਤੋਂ ਉਲਟ ਰੁਖ਼ ਅਖ਼ਤਿਆਰ ਕਰਕੇ ਉਸ ਨੂੰ ਅੱਪਰ ਯਮੁਨਾ ਰਿਵਰ ਬੋਰਡ ਤੋਂ ਬਾਹਰ ਰੱਖਿਆ ਗਿਆ ਸੀ।

**ਨਹਿਰ ਪੁੱਟਣ ਦੀ ਲੋੜ ਨਹੀਂ, ਕਾਗਜ਼ੀ ਹਿਸਾਬ ਨਾਲ ਹੱਲ ਸੰਭਵ**

ਪੰਜਾਬ ਦੇ ਯਮੁਨਾ ਉੱਤੇ ਦਾਅਵੇ ਦਾ ਮਤਲਬ ਕੋਈ ਨਵੀਂ ਨਹਿਰ ਪੁੱਟਣਾ ਨਹੀਂ ਹੈ। ਇਹ ਮਾਮਲਾ ਜ਼ਮੀਨ ’ਤੇ ਬੁਲਡੋਜ਼ਰ ਚਲਾਉਣ ਦੀ ਬਜਾਏ ਕਾਗਜ਼ਾਂ ’ਤੇ ਹਿਸਾਬ-ਕਿਤਾਬ ਠੀਕ ਕਰਨ ਨਾਲ ਹੱਲ ਹੋ ਸਕਦਾ ਹੈ। ਜੇਕਰ ਯਮੁਨਾ ਵਿੱਚੋਂ ਪੰਜਾਬ ਦੇ ਹਿੱਸੇ ਦੀ ਗਣਨਾ ਕੀਤੀ ਜਾਂਦੀ ਹੈ, ਤਾਂ ਭਾਖੜਾ ਮੇਨ ਲਾਈਨ ਰਾਹੀਂ ਹਰਿਆਣਾ ਨੂੰ ਮਿਲਣ ਵਾਲੇ ਪਾਣੀ ਵਿੱਚੋਂ ਪੰਜਾਬ ਦਾ ਹਿੱਸਾ ਘਟਾਇਆ ਜਾ ਸਕਦਾ ਹੈ। ਇਸ ਦੇ ਬਦਲੇ ਹਰਿਆਣਾ ਓਨਾ ਹੀ ਪਾਣੀ ਯਮੁਨਾ ਵਿੱਚੋਂ ਆਪਣੇ ਕੋਟੇ ਰਾਹੀਂ ਹਾਸਲ ਕਰ ਸਕਦਾ ਹੈ, ਜਿਸ ਨਾਲ ਦੋਵਾਂ ਸੂਬਿਆਂ ਦੇ ਹੱਕ ਬਹਾਲ ਰਹਿਣਗੇ ਅਤੇ ਕਿਸੇ ਵੀ ਨਵੇਂ ਨਹਿਰੀ ਝਗੜੇ ਤੋਂ ਬਚਿਆ ਜਾ ਸਕੇਗਾ।

**ਕੇਂਦਰ ਸਰਕਾਰ ਅਤੇ ਕੈਬਨਿਟ ਨੋਟ ਅੱਗੇ ਵੱਡੀਆਂ ਮੰਗਾਂ**

ਕਿਸ਼ਾਊ ਪ੍ਰੋਜੈਕਟ ਨੂੰ ਕੇਂਦਰੀ ਕੈਬਨਿਟ ਅੱਗੇ ਰੱਖਣ ਤੋਂ ਪਹਿਲਾਂ ਕੇਂਦਰੀ ਜਲ ਸ਼ਕਤੀ ਮੰਤਰਾਲੇ ਅੱਗੇ ਤਿੰਨ (ਬਾਕੀ ਸਫ਼ਾ 26 ’ਤੇ)

# ਜੱਗੀ ਜੌਹਲ ਕੁੱਲ 11 ’ਚੋਂ 3 ਕੇਸਾਂ ਵਿੱਚ ਬਰੀ, ਬਾਕੀ 8 ’ਚ ਮਿਲੀ ਜ਼ਮਾਨਤ

## ਹੁਣ ਕਾਨੂੰਨੀ ਅੜਿੱਕੇ ਦੂਰ ਕਰਨ ਦੀ ਤਿਆਰੀ



ਨਵੰਬਰ 2017 ਤੋਂ ਭਾਰਤੀ ਜੇਲ੍ਹ ਵਿੱਚ ਬੰਦ ਸਕਾਟਲੈਂਡ (ਯੂ.ਕੇ.) ਦੇ ਨਾਗਰਿਕ ਜਗਤਾਰ ਸਿੰਘ ਉਰਫ਼ ਜੱਗੀ ਜੌਹਲ ਨੂੰ ਦਿੱਲੀ ਹਾਈ ਕੋਰਟ ਵੱਲੋਂ ਵੱਡੀ ਰਾਹਤ ਦਿੰਦਿਆਂ ਕਤਲ ਅਤੇ ਯੂ.ਏ.ਪੀ.ਏ. ਨਾਲ ਜੁੜੇ ਬਾਕੀ ਸਾਰੇ 7 ਮਾਮਲਿਆਂ ਵਿੱਚ ਜ਼ਮਾਨਤ ਮਨਜ਼ੂਰ ਕਰ ਲਈ ਗਈ ਹੈ। ਜਸਟਿਸ ਨਵੀਨ ਚਾਵਲਾ ਅਤੇ ਜਸਟਿਸ ਰਵਿੰਦਰ ਡੁਡੇਜਾ ਦੇ ਬੈਂਚ ਨੇ ਇਹ ਫ਼ੈਸਲਾ ਸੁਣਾਇਆ।

**ਕੀ ਹੁਣ ਜੱਗੀ ਜੌਹਲ ਦੀ ਜੇਲ੍ਹ ਵਿੱਚੋਂ ਰਿਹਾਈ ਹੋ ਜਾਵੇਗੀ ?**

ਜੱਗੀ ਜੌਹਲ ਦੇ ਮੁੱਖ ਵਕੀਲ ਜਸਪਾਲ ਸਿੰਘ ਮੰਝਪੁਰ ਦਾ ਕਹਿਣਾ ਹੈ ਕਿ ਹਾਈ ਕੋਰਟ ਵੱਲੋਂ ਜ਼ਮਾਨਤ ਮਿਲਣ ਤੋਂ ਬਾਅਦ ਜੇਲ੍ਹ ਵਿੱਚੋਂ ਬਾਹਰ ਆਉਣ ਦਾ ਰਸਤਾ ਸਾਫ਼ ਹੋ ਗਿਆ ਹੈ, ਪਰ ਅਸਲ ਰਿਹਾਈ ਕੁਝ ਜ਼ਰੂਰੀ ਕਾਨੂੰਨੀ ਪ੍ਰਕਿਰਿਆਵਾਂ ਪੂਰੀਆਂ ਹੋਣ ’ਤੇ ਨਿਰਭਰ ਕਰੇਗੀ:

ਕੁੱਲ ਮਾਮਲਿਆਂ ਦੀ ਸਥਿਤੀ: ਜੱਗੀ ਜੌਹਲ ਖ਼ਿਲਾਫ਼ ਕੁੱਲ 11 ਮਾਮਲੇ ਦਰਜ ਸਨ। ਇਨ੍ਹਾਂ ਵਿੱਚੋਂ ਤਿੰਨ ਕੇਸਾਂ ਵਿੱਚੋਂ ਉਹ ਪਹਿਲਾਂ ਹੀ ਅਦਾਲਤ ਵੱਲੋਂ ਬਰੀ ਹੋ ਚੁੱਕੇ ਹਨ। ਬਾਕੀ 8 ਕੇਸਾਂ ਵਿੱਚੋਂ ਇੱਕ ਵਿੱਚ ਪਹਿਲਾਂ ਜ਼ਮਾਨਤ ਮਿਲ ਚੁੱਕੀ ਸੀ ਅਤੇ ਹੁਣ ਬਾਕੀ 7 ਮਾਮਲਿਆਂ ਵਿੱਚ ਵੀ ਜ਼ਮਾਨਤ ਮਿਲ ਗਈ ਹੈ। ਇਸ ਕਾਰਨ ਹੁਣ ਕਿਸੇ ਵੀ ਕੇਸ ਵਿੱਚ ਉਨ੍ਹਾਂ ਦੀ ਨਿਆਂਇਕ ਹਿਰਾਸਤ ਲਾਜ਼ਮੀ ਨਹੀਂ ਰਹੀ।

**ਜ਼ਮਾਨਤ ਦੀਆਂ ਸ਼ਰਤਾਂ: ਅਦਾਲਤ ਵੱਲੋਂ ਵਿਸਥਾਰਤ ਹੁਕਮ**

(ਡੀਟੇਲਡ ਆਰਡਰ) ਜਾਰੀ ਹੋਣ ਮਗਰੋਂ ਬੇਲ ਬੌਂਡ (ਜ਼ਮਾਨਤੀ ਰਕਮ) ਅਤੇ ਹੋਰ ਸ਼ਰਤਾਂ ਤੈਅ ਕੀਤੀਆਂ ਜਾਣਗੀਆਂ। ਕਾਨੂੰਨੀ ਮਾਹਿਰਾਂ ਅਤੇ ਪਰਿਵਾਰ ਅਨੁਸਾਰ, ਜੌਹਲ ਜੇਲ੍ਹ ਵਿੱਚੋਂ ਤਾਂ ਰਿਹਾਅ ਹੋ ਸਕਦੇ ਹਨ, ਪਰ ਕੇਸਾਂ ਦੀ ਅੰਤਿਮ ਸੁਣਵਾਈ ਚੱਲਦੀ ਰਹਿਣ ਕਾਰਨ ਪਾਸਪੋਰਟ ਜਮ੍ਹਾਂ ਕਰਵਾਉਣ ਅਤੇ ਅਦਾਲਤ ਦੀ ਇਜਾਜ਼ਤ ਤੋਂ ਬਿਨਾਂ ਭਾਰਤ ਨਾ ਛੱਡਣ ਵਰਗੀਆਂ ਸਖ਼ਤ ਸ਼ਰਤਾਂ ਲੱਗ ਸਕਦੀਆਂ ਹਨ।

**ਕੀ ਹਨ ਜੌਹਲ ਨਾਲ ਜੁੜੇ ਮਾਮਲੇ ਅਤੇ ਹੁਣ ਤੱਕ ਕੀ-ਕੀ ਹੋਇਆ ?**

ਗ੍ਰਿਫ਼ਤਾਰੀ: ਜਗਤਾਰ ਸਿੰਘ ਜੌਹਲ ਅਕਤੂਬਰ 2017 ਵਿੱਚ ਆਪਣੇ ਵਿਆਹ ਲਈ ਪੰਜਾਬ ਆਏ ਸਨ। ਵਿਆਹ ਤੋਂ ਕਰੀਬ ਤਿੰਨ ਹਫ਼ਤੇ ਬਾਅਦ, 4 ਨਵੰਬਰ 2017 ਨੂੰ ਜਲੰਧਰ ਤੋਂ ਖਰੀਦਦਾਰੀ ਕਰਦੇ ਸਮੇਂ ਉਨ੍ਹਾਂ ਨੂੰ ਹਿਰਾਸਤ ਵਿੱਚ ਲਿਆ ਗਿਆ ਸੀ।

ਕੌਮੀ ਜਾਂਚ ਏਜੰਸੀ (ਐੱਨ.ਆਈ.ਏ.) ਅਤੇ ਪੁਲਿਸ ਨੇ ਦੋਸ਼ ਲਾਇਆ ਸੀ ਕਿ ਉਹ ਖ਼ਾਲਿਸਤਾਨ ਲਿਬਰੇਸ਼ਨ ਫੋਰਸ ਨਾਲ ਜੁੜੇ ਹੋਏ ਸਨ (ਬਾਕੀ ਸਫ਼ਾ 26 ’ਤੇ)

## ਦਰਪਣ ਝੂਠ ਨਹੀਂ ਬੋਲਦਾ

# ਸਰਕਾਰੀ ਸਰਵੇਖਣ ਰਿਪੋਰਟ:ਪੰਜਾਬ ਦੇ ਦੋ-ਤਿਹਾਈ ਜ਼ਿਲ੍ਹਿਆਂ ਵਿੱਚ ਨੌਜਵਾਨ ਬੇਰੁਜ਼ਗਾਰ, ਕੁੜੀਆਂ ਵੱਧ ਪ੍ਰਭਾਵਿਤ

### ➢ ਪੰਜਾਬ ਵਿੱਚ ਹਰ ਚੌਥਾ ਨੌਜਵਾਨ ਕੰਮ ਤੇ ਪੜ੍ਹਾਈ ਤੋਂ ਦੂਰ ➢ ਪੰਜਾਬ ਸਮੇਤ ਗੁਆਂਢੀ ਸੂਬਿਆਂ 'ਚ 'ਨੀਟ' ਸੰਕਟ ਡੂੰਘਾ

ਕੇਂਦਰੀ ਅੰਕੜਾ ਮੰਤਰਾਲੇ ਦੇ ਤਾਜ਼ਾ ਲੇਬਰ ਸਰਵੇਖਣ ਨੇ ਪੰਜਾਬ ਦੀ ਸਮਾਜਿਕ ਅਤੇ ਆਰਥਿਕ ਹਕੀਕਤ ਦਾ ਪਰਦਾਫ਼ਾਸ਼ ਕਰਦਿਆਂ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਸੂਬੇ ਦੀ ਜਵਾਨੀ ਦਾ ਭਵਿੱਖ ਕਿੰਨਾ ਧੁੰਦਲਾ ਅਤੇ ਚਿੰਤਾਜਨਕ ਮੋੜ ਲੈ ਰਿਹਾ ਹੈ। ਪੀਰੀਓਡਿਕ ਲੇਬਰ ਫੋਰਸ ਸਰਵੇ' (ਪੀ.ਐੱਲ.ਐੱਫ.ਐੱਸ.) ਅਨੁਸਾਰ ਪੰਜਾਬ ਦੇ ਲਗਭਗ ਦੋ-ਤਿਹਾਈ ਜ਼ਿਲ੍ਹਿਆਂ ਵਿੱਚ 15 ਤੋਂ 29 ਸਾਲ ਦੀ ਉਮਰ ਵਰਗ ਦੇ 25 ਫ਼ੀਸਦੀ ਤੋਂ ਵੱਧ ਨੌਜਵਾਨ 'ਨੀਟ' (ਨਾ ਸਿੱਖਿਆ ਵਿੱਚ, ਨਾ ਰੁਜ਼ਗਾਰ ਵਿੱਚ ਅਤੇ ਨਾ ਹੀ ਕਿਸੇ ਕਿੱਤਾਮੁਖੀ ਸਿਖਲਾਈ ਵਿੱਚ) ਦੀ ਸ਼੍ਰੇਣੀ ਵਿੱਚ ਸ਼ਾਮਲ ਹਨ। ਸਿੱਧੇ ਸ਼ਬਦਾਂ ਵਿੱਚ ਆਖੀਏ ਤਾਂ ਸੂਬੇ ਦਾ ਹਰ ਚੌਥਾ ਨੌਜਵਾਨ ਮੁੱਖ ਧਾਰਾ ਦੇ ਉਤਪਾਦਕ ਕੰਮਾਂ ਤੋਂ ਪੂਰੀ ਤਰ੍ਹਾਂ ਬਾਹਰ ਹੋ ਕੇ ਖੜੋਤ ਦਾ ਸ਼ਿਕਾਰ ਹੋ ਚੁੱਕਾ ਹੈ। ਜਿਸ ਧਰਤੀ ਦਾ ਇਤਿਹਾਸ ਉੱਦਮ, ਮਿਹਨਤ ਅਤੇ ਹਰ ਮੁਹਾਜ਼ 'ਤੇ ਮੋਹਰੀ ਰਹਿਣ ਦਾ ਰਿਹਾ ਹੋਵੇ, ਉੱਥੇ ਜਵਾਨੀ ਦਾ ਵੱਡਾ ਹਿੱਸਾ ਕਿਸੇ ਵੀ ਰਚਨਾਤਮਕ ਜਾਂ ਆਰਥਿਕ ਅਮਲ ਨਾਲੋਂ ਟੁੱਟ ਜਾਣਾ ਮਹਿਜ਼ ਇੱਕ ਸਰਕਾਰੀ ਅੰਕੜਾ ਨਹੀਂ, ਸਗੋਂ ਗੰਭੀਰ ਸਮਾਜਿਕ ਸੰਕਟ ਦੀ ਪੇਸ਼ੀਨਗੋਈ ਹੈ।



ਇਸ ਰਿਪੋਰਟ ਦਾ ਸਭ ਤੋਂ ਦੁਖਦਾਈ ਪਹਿਲੂ ਨੌਜਵਾਨ ਕੁੜੀਆਂ ਦੀ ਹਾਲਤ ਹੈ। ਸਰਵੇਖਣ ਵਾਲੇ ਜ਼ਿਆਦਾਤਰ ਜ਼ਿਲ੍ਹਿਆਂ ਵਿੱਚ 25 ਫ਼ੀਸਦੀ ਤੋਂ ਵੱਧ ਲੜਕੀਆਂ ਨਾ ਤਾਂ ਪੜ੍ਹ ਰਹੀਆਂ ਹਨ ਅਤੇ ਨਾ ਹੀ ਕੋਈ ਕੰਮ ਕਰ ਰਹੀਆਂ ਹਨ। ਇਹ ਸਾਡੀ ਪੁਰਾਣੀ ਸੋਚ ਅਤੇ ਸਮਾਜਿਕ ਢਾਂਚੇ 'ਤੇ ਵੱਡਾ ਸਵਾਲ ਹੈ, ਜਿੱਥੇ ਚੰਗੀ ਪੜ੍ਹਾਈ ਦੇ ਬਾਵਜੂਦ ਕੁੜੀਆਂ ਨੂੰ ਸਿਰਫ਼ ਘਰ ਦੇ ਕੰਮਾਂ-ਕਾਰਾਂ ਤੱਕ ਹੀ ਸੀਮਤ ਰੱਖਿਆ ਜਾਂਦਾ ਹੈ। ਸੁਰੱਖਿਆ ਦੀ ਕਮੀ, ਪਿੰਡਾਂ ਤੋਂ ਸ਼ਹਿਰਾਂ ਤੱਕ ਆਉਣ-ਜਾਣ ਦੇ ਸਾਧਨਾਂ ਦੀ ਤੰਗੀ ਅਤੇ ਨੇੜੇ-ਤੇੜੇ ਚੰਗੀਆਂ ਨੌਕਰੀਆਂ ਨਾ ਮਿਲਣ ਕਾਰਨ ਸਾਡੀ ਅੱਧੀ ਆਬਾਦੀ ਘਰਾਂ ਵਿੱਚ ਬੰਦ ਹੋ ਕੇ ਰਹਿ ਗਈ ਹੈ। ਜਦੋਂ ਤੱਕ ਕੁੜੀਆਂ ਦੇ ਹੁਨਰ ਨੂੰ ਕੰਮ ਅਤੇ ਕਮਾਈ ਦੇ ਮੌਕੇ ਨਹੀਂ ਮਿਲਦੇ, ਉਦੋਂ ਤੱਕ ਤਰੱਕੀ ਦੀ ਹਰ ਗੱਲ ਅਧੂਰੀ ਹੈ। ਪੰਜਾਬ ਵਿੱਚ ਨੌਜਵਾਨਾਂ ਦੀ ਇਸ ਬੇਦਿਲੀ ਅਤੇ ਬੇਵਸੀ ਦੇ ਕਾਰਨ ਬਹੁਤ ਡੂੰਘੇ ਹਨ। ਸੂਬੇ ਵਿੱਚ ਖੇਤੀਬਾੜੀ ਹੁਣ ਨੌਜਵਾਨਾਂ ਲਈ ਖਿੱਚ ਦਾ ਕੇਂਦਰ ਨਹੀਂ ਰਹੀ ਅਤੇ ਉਦਯੋਗਿਕ ਵਿਕਾਸ ਦੀ ਰਫ਼ਤਾਰ ਪਿਛਲੇ ਕਈ ਦਹਾਕਿਆਂ ਤੋਂ ਮੱਠੀ ਪਈ ਹੋਈ ਹੈ। ਸਥਾਨਕ ਪੱਧਰ 'ਤੇ ਯੋਗਤਾ ਮੁਤਾਬਕ ਵਾਜਬ ਤਨਖ਼ਾਹ ਵਾਲੀਆਂ ਨੌਕਰੀਆਂ ਨਾ ਮਿਲਣ ਕਾਰਨ ਨੌਜਵਾਨ ਜਾਂ ਤਾਂ ਵਿਦੇਸ਼ ਜਾਣ ਦੀਆਂ ਲੰਮੀਆਂ ਉਡੀਕਾਂ ਵਿੱਚ ਵਰ੍ਹੇ ਖਰਾਬ ਕਰ ਰਹੇ ਹਨ ਜਾਂ ਫਿਰ ਮੁਕਾਬਲੇ ਦੀਆਂ ਸਰਕਾਰੀ ਪ੍ਰੀਖਿਆਵਾਂ ਦੀ ਤਿਆਰੀ ਦੇ ਨਾਂ ਹੇਠ ਲੰਮਾ ਸਮਾਂ ਵਿਹਲੇ ਰਹਿਣ ਲਈ ਮਜਬੂਰ ਹਨ। ਇਸ ਤੋਂ ਇਲਾਵਾ ਡਿਗਰੀਆਂ ਵੰਡਣ ਵਾਲੇ ਕਾਲਜਾਂ ਦੇ ਸਿਲੇਬਸ ਅਤੇ ਆਧੁਨਿਕ ਮਾਰਕੀਟ ਦੀ ਹੁਨਰ (ਸਕਿੱਲਜ਼) ਮੰਗ ਦਰਮਿਆਨ ਇੱਕ ਪਾੜਾ ਬਣ ਚੁੱਕਾ ਹੈ। ਸਾਡੀ ਸਿੱਖਿਆ ਪ੍ਰਣਾਲੀ ਕਾਗ਼ਜ਼ੀ ਡਿਗਰੀਆਂ ਤਾਂ ਵੰਡ ਰਹੀ ਹੈ, ਪਰ ਨੌਜਵਾਨਾਂ ਨੂੰ ਮੰਡੀ ਵਿੱਚ ਖੜ੍ਹਨ ਜੋਗਾ ਵਿਹਾਰਕ ਹੁਨਰ ਦੇਣ ਵਿੱਚ ਨਾਕਾਮ ਸਾਬਤ ਹੋ ਰਹੀ ਹੈ।

ਇਹ ਸਰਵੇਖਣ ਪੰਜਾਬ ਦੀ ਸਿਆਸੀ ਲੀਡਰਸ਼ਿਪ, ਪ੍ਰਸ਼ਾਸਨ ਅਤੇ ਸਮਾਜਿਕ ਚਿੰਤਕਾਂ ਲਈ ਖ਼ਤਰੇ ਦੀ ਘੰਟੀ ਹੈ। ਜੇਕਰ ਸਮੇਂ ਸਿਰ ਠੋਸ ਕਦਮ ਨਾ ਚੁੱਕੇ ਗਏ ਤਾਂ ਮੁੱਖ ਧਾਰਾ ਤੋਂ ਭਟਕੀ ਹੋਈ ਇਹ ਜਵਾਨੀ ਹੋਰ ਗੰਭੀਰ ਸਮਾਜਿਕ ਬੁਰਾਈਆਂ, ਨਿਰਾਸ਼ਾ ਅਤੇ ਨਸ਼ਿਆਂ ਵੱਲ ਧੱਕੀ ਜਾ ਸਕਦੀ ਹੈ। ਸਰਕਾਰਾਂ ਨੂੰ ਮਹਿਜ਼ ਭੱਤਿਆਂ ਜਾਂ ਅਸਥਾਈ ਵਾਅਦਿਆਂ ਦੀ ਬਜਾਏ ਜ਼ਿਲ੍ਹਾ ਪੱਧਰ 'ਤੇ ਖੇਤਰੀ ਉਦਯੋਗ, ਐਗਰੋ-ਪ੍ਰੋਸੈਸਿੰਗ ਅਤੇ ਨਵੀਂ ਤਕਨਾਲੋਜੀ ਆਧਾਰਿਤ ਸਿਖਲਾਈ ਕੇਂਦਰਾਂ ਦਾ ਜਾਲ ਵਿਛਾਉਣਾ ਪਵੇਗਾ। ਨਾਲ ਹੀ, ਮਹਿਲਾਵਾਂ ਨੂੰ ਘਰਾਂ ਵਿੱਚੋਂ ਕੱਢ ਕੇ ਆਰਥਿਕ ਖੇਤਰ ਵਿੱਚ ਸਰਗਰਮ ਕਰਨ ਲਈ ਸੁਰੱਖਿਅਤ ਅਤੇ ਉਤਸ਼ਾਹਜਨਕ ਨੀਤੀਆਂ ਲਾਗੂ ਕਰਨੀਆਂ ਹੋਣਗੀਆਂ। ਪੰਜਾਬ ਨੂੰ ਆਪਣੇ ਪੈਰਾਂ 'ਤੇ ਮੁੜ ਖੜ੍ਹਾ ਕਰਨ ਦਾ ਰਾਹ ਉਸ ਦੇ ਨੌਜਵਾਨਾਂ ਦੇ ਹੱਥਾਂ ਨੂੰ ਕੰਮ ਅਤੇ ਦਿਮਾਗ਼ ਨੂੰ ਨਵਾਂ ਹੁਨਰ ਦੇਣ ਵਿੱਚੋਂ ਹੀ ਨਿਕਲਦਾ ਹੈ।

## ਪੈਂਟਾਗਨ ਦਾ ਵੱਡਾ ਖ਼ੁਲਾਸਾ

# ਅਸਲੇ ਦੀ ਕਮੀ ਨਾਲ ਜੂਝ ਰਹੀ ਅਮਰੀਕੀ ਫ਼ੌਜ, ਸਪਲਾਈ ਚੇਨ ਬੁਰੀ ਤਰ੍ਹਾਂ ਪ੍ਰਭਾਵਿਤ

### ਹਥਿਆਰਾਂ ਦੇ ਸਟਾਕ 'ਤੇ ਆਹਮੋ-ਸਾਹਮਣੇ ਆਏ ਅਧਿਕਾਰੀ, ਰਿਪੋਰਟ ਨੇ ਵਧਾਈਆਂ ਮੁਸ਼ਕਿਲਾਂ

ਅਮਰੀਕਾ ਦੇ ਰੱਖਿਆ ਵਿਭਾਗ (ਪੈਂਟਾਗਨ) ਦੀ ਤਾਜ਼ਾ ਰਿਪੋਰਟ ਨੇ ਵਾਸ਼ਿੰਗਟਨ ਵਿੱਚ ਤਰਥੱਲੀ ਮਚਾ ਦਿੱਤੀ ਹੈ। ਰਿਪੋਰਟ ਕਹਿੰਦੀ ਹੈ ਕਿ ਇਰਾਨ ਨਾਲ ਲੰਮੀ ਖਿੱਚੀ ਜੰਗ ਕਾਰਨ ਅਮਰੀਕੀ ਫ਼ੌਜ ਕੋਲ ਹਥਿਆਰ ਮੁੱਕਣ ਕਿਨਾਰੇ ਹਨ। ਗੋਲਾ-ਬਾਰੂਦ ਦਾ ਵੱਡੀ ਘਾਟ ਮਹਿਸੂਸ ਹੋ ਰਹੀ ਹੈ। ਸਪਲਾਈ ਦੀ ਕੜੀ ਬੁਰੀ ਤਰ੍ਹਾਂ ਟੁੱਟ ਚੁੱਕੀ ਹੈ। ਇਸ ਰਿਪੋਰਟ ਨੇ ਡੋਨਾਲਡ ਟਰੰਪ ਦੇ ਉਨ੍ਹਾਂ ਦਾਅਵਿਆਂ ਦੀ ਹਵਾ ਕੱਢ ਦਿੱਤੀ ਹੈ, ਜਿਨ੍ਹਾਂ ਵਿੱਚ ਉਹ ਕਹਿੰਦੇ ਆਏ ਹਨ ਕਿ ਅਮਰੀਕਾ ਕੋਲ ਹਥਿਆਰਾਂ ਦੇ ਅੰਬਾਰ ਲੱਗੇ ਪਏ ਹਨ।

ਇਰਾਨ ਵੱਲੋਂ ਆ ਰਹੇ ਡਰੋਨਾਂ ਅਤੇ ਮਿਜ਼ਾਈਲਾਂ ਨੂੰ ਅਸਮਾਨ ਵਿੱਚ ਹੀ ਡੇਗਣ ਲਈ ਅਮਰੀਕਾ ਨੇ ਚਾਰ ਮਹੀਨਿਆਂ ਅੰਦਰ 22 ਅਰਬ ਡਾਲਰ ਦਾ ਬਾਰੂਦ ਫੂਕ ਦਿੱਤਾ। ਜੰਗ ਦਾ ਕੁੱਲ ਖ਼ਰਚਾ 33.4 ਅਰਬ ਡਾਲਰ ਨੂੰ ਟੱਪ ਚੁੱਕਾ ਹੈ। ਪੈਟ੍ਰਿਅਟ ਅਤੇ ਥਾਡ ਵਰਗੀਆਂ ਅਹਿਮ ਮਿਜ਼ਾਈਲਾਂ ਦਾ ਭੰਡਾਰ ਅੱਧੇ ਨਾਲੋਂ ਵੀ ਘੱਟ ਰਹਿ ਗਿਆ ਹੈ। ਇਸ ਹਥਿਆਰ ਸੰਕਟ ਪਿੱਛੇ ਇੱਕ ਵੱਡਾ ਕਾਰਨ ਹੈ। ਈਰਾਨ ਲਗਾਤਾਰ ਸਸਤੇ ਡਰੋਨ ਅਤੇ ਛੋਟੀਆਂ ਮਿਜ਼ਾਈਲਾਂ ਦਾਗ ਰਿਹਾ ਹੈ। ਉਨ੍ਹਾਂ ਨੂੰ ਰੋਕਣ ਲਈ ਅਮਰੀਕਾ ਨੂੰ ਕਰੋੜਾਂ ਰੁਪਏ ਦੀ ਇੱਕ-ਇੱਕ ਮਿਜ਼ਾਈਲ ਚਲਾਉਣੀ ਪੈਂਦੀ ਹੈ। ਦੂਜੀ ਵੱਡੀ ਮੁਸ਼ਕਿਲ ਇਹ ਹੈ ਕਿ ਹਥਿਆਰ ਬਣਾਉਣ ਵਾਲੇ ਕਾਰਖਾਨੇ ਏਨੀ ਤੇਜ਼ੀ ਨਾਲ ਨਵਾਂ ਮਾਲ ਤਿਆਰ ਨਹੀਂ ਕਰ ਪਾ ਰਹੇ। ਮੰਗ ਬਹੁਤ ਜ਼ਿਆਦਾ ਹੈ, ਪਰ ਸਪਲਾਈ ਦੀ ਘਾਟ ਹੈ।



ਵ੍ਹਾਈਟ ਹਾਊਸ ਭਾਵੇਂ ਅਜੇ ਵੀ ਅੜੀਅਲ ਰੁਖ਼ ਦਿਖਾ ਰਿਹਾ ਹੈ। ਪਰ ਸੱਚਾਈ ਲੁਕਾਈ ਨਹੀਂ ਜਾ ਸਕਦੀ। ਅਮਰੀਕਾ ਸਾਹਮਣੇ ਹੁਣ ਸੀਮਤ ਰਾਹ ਹੀ ਬਚੇ ਹਨ। ਅਮਰੀਕਾ ਹੌਲੀ-ਹੌਲੀ ਹਮਲੇ ਘਟਾ ਕੇ ਪਿਛਲੇ ਦਰਵਾਜ਼ਿਓਂ ਸਮਝੌਤਾ ਕਰਨ ਦੀ ਕੋਸ਼ਿਸ਼ ਕਰੇਗਾ। ਇਸ ਨਾਲ ਉਸ ਦੀ ਇੱਜ਼ਤ ਵੀ ਬਚੀ ਰਹੇਗੀ। ਵੱਡੇ ਹਮਲੇ ਬੰਦ ਕਰਕੇ ਸਿਰਫ਼ ਆਪਣੇ ਬਚਾਅ ਤੱਕ ਸੀਮਤ ਰਹਿਣਾ, ਤਾਂ ਜੋ ਕੀਮਤੀ ਅਸਲਾ ਬਚਾਇਆ ਜਾ ਸਕੇ। ਅਮਰੀਕਾ ਸਾਹਮਣੇ ਆਪਣੇ ਨਾਟੋ ਭਾਈਵਾਲਾਂ ਅਤੇ ਯੂਰਪੀਅਨ ਸਹਿਯੋਗੀਆਂ ਮੂਹਰੇ ਹੱਥ ਅੱਡਣ ਦਾ ਰਾਹ ਤਾਂ ਹੈ, ਪਰ ਯੂਕ੍ਰੇਨ ਜੰਗ ਵਿੱਚ ਲੰਮੇ ਸਮੇਂ ਤੋਂ ਅਸਲਾ ਝੋਕਣ ਕਾਰਨ ਹੁਣ ਯੂਰੋਪ ਦੇ ਆਪਣੇ ਫ਼ੌਜੀ ਗੋਦਾਮ ਵੀ ਲਗਭਗ ਖਾਲੀ ਹੋ ਚੁੱਕੇ ਹਨ।

ਦੂਜੇ ਪਾਸੇ ਇਰਾਨ ਨੇ ਕਤਰ ਦੇ ਜ਼ਰੀਏ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਸਾਹਮਣੇ ਗੱਲਬਾਤ ਸ਼ੁਰੂ ਕਰਨ ਲਈ ਸੱਤ ਸ਼ਰਤਾਂ ਰੱਖੀਆਂ ਹਨ। ਹਾਲਾਂਕਿ ਸਾਰੀਆਂ ਸ਼ਰਤਾਂ ਜਨਤਕ ਨਹੀਂ ਹੋਈਆਂ, ਪਰ ਤਿੰਨ ਮੁੱਖ ਨੁਕਤੇ ਸਾਫ਼ ਹਨ: ਸਾਰੇ ਮੋਰਚਿਆਂ 'ਤੇ ਫ਼ੌਜੀ ਕਾਰਵਾਈ ਤੁਰੰਤ ਬੰਦ ਹੋਵੇ। ਵਿਦੇਸ਼ਾਂ ਵਿੱਚ ਜ਼ਬਤ ਕੀਤੇ ਗਏ ਇਰਾਨੀ ਫੰਡ ਅਤੇ ਜਾਇਦਾਦਾਂ ਨੂੰ ਰਿਲੀਜ਼ ਕੀਤਾ ਜਾਵੇ। ਖਾੜੀ ਖੇਤਰ ਵਿੱਚੋਂ ਅਮਰੀਕੀ ਜਲ ਸੈਨਾ ਦੀ ਨਾਕਾਬੰਦੀ ਹਟਾਈ ਜਾਵੇ। ਤੇਹਰਾਨ ਦਾ ਰੁਖ਼ ਬਿਲਕੁਲ ਸਪੱਸ਼ਟ ਹੈ—ਉਹ ਆਪਣੀਆਂ ਸ਼ਰਤਾਂ 'ਤੇ ਹੀ ਗੱਲਬਾਤ ਦੀ ਮੇਜ਼ 'ਤੇ ਆਉਣਾ ਚਾਹੁੰਦਾ ਹੈ। ਇਰਾਨ ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਅਮਰੀਕਾ ਨੇ ਇਹ ਮੰਗਾਂ ਠੁਕਰਾ ਦਿੱਤੀਆਂ, (**ਬਾਕੀ ਸਫ਼ਾ 27 'ਤੇ**)

# ਬ੍ਰਿਕਸ ਸੰਮੇਲਨ ਦੌਰਾਨ ਸੋਸ਼ਲ ਮੀਡੀਆ 'ਤੇ ਛਾਇਆ ਐਮ.ਈ.ਏ. ਅਫ਼ਸਰ ਅੰਗਦ ਸਿੰਘ ਬਰਾੜ

ਲੰਘੇ ਦਿਨੀਂ ਨਵੀਂ ਦਿੱਲੀ ਵਿਖੇ ਭਾਰਤ ਦੀ ਅਗਵਾਈ ਵਿੱਚ ਕਰਵਾਏ ਗਏ ਬ੍ਰਿਕਸ ਸੰਮੇਲਨ ਦੀਆਂ ਗੱਲਾਂ ਅੱਜ ਵੀ ਮੀਡੀਆ ਵਿੱਚ ਹੋ ਰਹੀਆਂ ਹਨ। ਇਸ ਸੰਮੇਲਨ ਦੌਰਾਨ ਚਿੱਟੀ ਪੱਗ ਬੰਨ੍ਹੇ ਇੱਕ ਸਿੱਖ ਨੌਜਵਾਨ ਅੰਗਦ ਸਿੰਘ ਬਰਾੜ ਵੀ ਦਿਖਾਈ ਦਿੱਤਾ ਸੀ ਜਿਸ ਦੀ ਇਸ ਸੰਮੇਲਨ ਵਿੱਚ ਮੌਜੂਦਗੀ ਬਹੁਤ ਮਹੱਤਵਪੂਰਨ ਰਹੀ। ਇਹ ਨੌਜਵਾਨ ਸੋਸ਼ਲ ਮੀਡੀਆ 'ਤੇ ਵੀ ਛਾਇਆ ਰਿਹਾ।

ਪਟਿਆਲਾ ਦਾ ਰਹਿਣ ਵਾਲਾ ਅੰਗਦ ਸਿੰਘ ਪੰਜਾਬ ਪੁਲਿਸ ਦੇ ਅਧਿਕਾਰੀ ਰਵਚਰਨ ਸਿੰਘ ਬਰਾੜ ਦਾ ਪੁੱਤਰ ਹੈ। ਉਸ ਦੇ ਪਿਤਾ ਮਹਾਰਾਜਾ ਰਣਜੀਤ ਸਿੰਘ ਪੁਲਿਸ ਅਕੈਡਮੀ, ਫਿਲੌਰ ਵਿੱਚ ਸਲਾਹਕਾਰ-ਸਿਖਲਾਈ ਹਨ।

ਭਾਰਤੀ ਵਿਦੇਸ਼ ਮੰਤਰਾਲੇ ਦੇ ਬਹੁਪੱਖੀ ਆਰਥਿਕ ਸਬੰਧ ਵਿਭਾਗ ਵਿੱਚ ਅੰਗਦ ਸਿੰਘ ਜੁਲਾਈ 2025 ਤੋਂ ਸਲਾਹਕਾਰ ਵਜੋਂ ਨਿਯੁਕਤ ਹਨ। ਉਹ ਜੁਲਾਈ 2025 ਤੋਂ ਵਿਦੇਸ਼ ਮੰਤਰਾਲੇ ਦੇ ਬਹੁਪੱਖੀ ਆਰਥਿਕ ਸਬੰਧ ਵਿਭਾਗ ਦੀ ਟੀਮ ਦਾ ਵੀ ਹਿੱਸਾ ਹਨ। ਬਰਾੜ ਮਹੱਤਵਪੂਰਨ ਅੰਤਰਰਾਸ਼ਟਰੀ ਇਕੱਠਾਂ ਵਿੱਚ ਰਾਜਾਂ ਜਾਂ ਸਰਕਾਰ ਦੇ ਮੁਖੀਆਂ ਅਤੇ ਹੋਰ ਸੀਨੀਅਰ ਅਧਿਕਾਰੀਆਂ ਨਾਲ ਜੁੜੀਆਂ ਮੀਟਿੰਗਾਂ ਵਿੱਚ ਸਹਾਇਤਾ ਕਰਦੇ ਹਨ, ਜਿਸ ਵਿੱਚ ਜੀ7 ਸੰਮੇਲਨ ਅਤੇ ਵਿਸ਼ਵ ਬੈਂਕ ਦੀਆਂ ਸਾਲਾਨਾ ਮੀਟਿੰਗਾਂ ਸ਼ਾਮਲ ਹਨ।



ਅੰਗਦ ਸਿੰਘ ਨੇ ਆਪਣੀ ਸਿੱਖਿਆ ਕੈਂਬਰਿਜ ਯੂਨੀਵਰਸਿਟੀ ਅਤੇ ਚੰਡੀਗੜ੍ਹ ਦੀ ਪੰਜਾਬ ਯੂਨੀਵਰਸਿਟੀ ਤੋਂ ਕੀਤੀ। ਉਸ ਨੇ ਪੜ੍ਹਾਈ ਵਿੱਚ ਅੱਵਲ ਆਉਂਦਿਆਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿੱਚ ਸਮਾਜ ਸ਼ਾਸਤਰ ਵਿੱਚ ਆਪਣੀ ਐਮ.ਏ. ਅਤੇ ਬੀ.ਏ. (ਆਨਰਜ਼) ਕਰਦਿਆਂ 'ਯੂਨੀਵਰਸਿਟੀ ਗੋਲਡ ਮੈਡਲ' ਜਿੱਤੇ ਸਨ।

ਵਿਦੇਸ਼ ਮੰਤਰਾਲੇ ਵਿੱਚ ਸ਼ਾਮਲ ਹੋਣ ਤੋਂ ਪਹਿਲਾਂ, ਬਰਾੜ ਨੇ ਚਿੰਤਨ ਰਿਸਰਚ ਫਾਊਂਡੇਸ਼ਨ ਵਿੱਚ ਇੱਕ ਖੋਜ ਸਲਾਹਕਾਰ ਅਤੇ ਆਬਜ਼ਰਵਰ ਰਿਸਰਚ ਫਾਊਂਡੇਸ਼ਨ ਵਿੱਚ ਇੱਕ ਖੋਜ ਸਹਾਇਕ ਵਜੋਂ ਕੰਮ ਕੀਤਾ।

ਅੰਗਦ ਸਿੰਘ ਬਰਾੜ ਨੇ ਵਿਦੇਸ਼ੀ ਸਬੰਧਾਂ ਬਾਰੇ ਕੌਂਸਲ ਸਮੇਤ ਵੱਖ-ਵੱਖ ਪਲੇਟਫਾਰਮਾਂ ਲਈ ਬਹੁਪੱਖੀ ਸੰਸਥਾਵਾਂ, ਟੈਰਿਫਾਂ ਅਤੇ ਗਲੋਬਲ ਸ਼ਾਸਨ ਬਾਰੇ ਕਈ ਪੀਅਰ-ਸਮੀਖਿਆ ਕੀਤੇ ਖੋਜ ਪੱਤਰ ਅਤੇ ਮਾਹਰ ਰਾਏ ਲੇਖ ਲਿਖੇ ਹਨ।

ਅੰਗਦ ਸਿੰਘ ਨੇ ਆਪਣੀ ਮਿਹਨਤ ਨਾਲ ਤਰੱਕੀ ਹਾਸਲ ਕਰਦਿਆਂ ਸਭ ਦਾ ਧਿਆਨ ਖਿੱਚਿਆ ਹੈ ਅਤੇ ਪੰਜਾਬੀਆਂ ਦਾ ਸਿਰ ਮਾਣ ਨਾਲ ਉੱਚਾ ਕੀਤਾ ਹੈ। ਇਸ ਤੋਂ ਇਲਾਵਾ ਉਸ ਨੇ ਆਪਣੀ ਯੋਗਤਾ ਨਾਲ ਇਹ ਵੀ ਦਰਸ਼ਾਅ ਦਿੱਤਾ ਹੈ ਕਿ ਸਿੱਖ ਹਰ ਖੇਤਰ ਵਿੱਚ ਮਿਹਨਤ ਕਰਦਿਆਂ ਵੱਡੇ ਰਿਕਾਰਡ ਬਣਾ ਸਕਦੇ ਹਨ।

ਅੰਮ੍ਰਿਤਸਰ ਤੋਂ ਲਾਸ ਏਂਜਲਸ

# ਪੰਜਾਬ ਦੇ ਫ਼ੂਡ ਪ੍ਰੋਸੈਸਿੰਗ ਉਦਯੋਗ ਦੀ ਕੌਮਾਂਤਰੀ ਮੰਡੀ ਵੱਲ ਵੱਡੀ ਪੁਲਾਂਘ

## ਯੂਰੋਪ ਦੀਆਂ ਬਰੂਹਾਂ ’ਤੇ ਪੁੱਜੇ ਪੰਜਾਬ ਦੇ ਉਤਪਾਦ, ਗਲੋਬਲ ਬ੍ਰਾਂਡਿੰਗ ਦਾ ਨਵਾਂ ਦੌਰ ਸ਼ੁਰੂ

### ਹੁਣ ‘ਗਲੋਬਲ ਫ਼ੂਡ ਹੱਬ’ ਬਣਨ ਵੱਲ ਵਧਿਆ ਪੰਜਾਬ: ਪੀ.ਐਮ. ਐਫ.ਐਮ.ਈ. ਯੋਜਨਾ ਨੇ ਬਦਲੀ ਪੇਂਡੂ ਆਰਥਿਕਤਾ ਦੀ ਨੁਹਾਰ

ਅੰਮ੍ਰਿਤਸਰੋਂ ਚੱਲੀ ਪੌਪਕੌਰਨ ਦੀ ਇੱਕ ਨਿੱਕੀ ਜਿਹੀ ਖ਼ੇਪ ਜਦੋਂ ਸਮੁੰਦਰ ਪਾਰ ਯੂਰੋਪ ਦੀਆਂ ਬਰੂਹਾਂ ’ਤੇ ਪੁੱਜੀ, ਤਾਂ ਇਹ ਮਹਿਜ਼ ਇੱਕ ਆਮ ਵਪਾਰਕ ਸੌਦਾ ਨਹੀਂ ਸੀ। ਇਹ ਪੰਜਾਬ ਦੇ ਕਿਸਾਨ ਅਤੇ ਨਿੱਕੇ ਉੱਦਮੀ ਦੇ ਸਿਰੜ, ਹੌਸਲੇ ਅਤੇ ਬਦਲਦੀ ਤਕਦੀਰ ਦੀ ਉਦਾਹਰਣ ਸੀ। ਦਹਾਕਿਆਂ ਬੱਧੀ ਪੰਜਾਬ ਨੇ ਹੱਡ ਭੰਨਵੀਂ ਮਿਹਨਤ ਕਰਕੇ ਦੇਸ਼ ਦੇ ਢਿੱਡ ਦੀ ਭੁੱਖ ਮਿਟਾਈ ਹੈ ਪਰ ਹੁਣ ਵੇਲਾ ਆ ਗਿਆ ਹੈ ਕਿ ਪੰਜਾਬੀ ਸਿਰਫ਼ ਕਣਕ-ਝੋਨੇ ਦੇ ਢੇਰ ਲਾਉਣ ਅਤੇ ਮੰਡੀਆਂ ਵਿੱਚ ਰੁਲਣ ਤੱਕ ਸੀਮਤ ਨਾ ਰਹਿਣ। ਹੁਣ ਆਪਣੇ ਖ਼ੂਨ-ਪਸੀਨੇ ਨਾਲ ਪੈਦਾ ਕੀਤੇ ਮਾਲ ਦੀ ਚੰਗੀ ਕਦਰ ਪੁਆ ਕੇ ਚੋਖਾ ਮੁਨਾਫ਼ਾ ਵੱਟਣ ਦਾ ਵੇਲਾ ਹੈ।

ਖੇਤਾਂ ਵਿੱਚ ਉਪਜਾਏ ਦਾਣਿਆਂ ਨੂੰ ਹੁਣ ਵਿਸ਼ਵ ਪੱਧਰੀ ਬ੍ਰਾਂਡਾਂ ਵਿੱਚ ਢਾਲਣ ਦੀ ਲੋੜ ਹੈ। ਜਦੋਂ ਸਥਾਨਕ ਉੱਦਮੀ ਸਿੱਧੇ ਕੌਮਾਂਤਰੀ ਖ਼ਰੀਦਦਾਰਾਂ ਨਾਲ ਅੱਖਾਂ ਵਿੱਚ ਅੱਖਾਂ ਪਾ ਕੇ ਗੱਲ ਕਰਨਗੇ, ਤਾਂ ਹੀ ਪੰਜਾਬ ਦੀ ਖੇਤੀ ਆਰਥਿਕਤਾ ਦਾ ਅਸਲ ਸੰਕਟ ਦੂਰ ਹੋਵੇਗਾ। ਇਹ ਸਫ਼ਰ ਔਖਾ ਜ਼ਰੂਰ ਹੈ, ਪਰ ਅਸੰਭਵ ਬਿਲਕੁਲ ਨਹੀਂ।

**ਕੱਚੇ ਮਾਲ ਦੇ ਢੇਰਾਂ ਤੋਂ ਮੁਨਾਫ਼ੇ ਦੀ ਖੱਟੀ ਵੱਲ**

ਪੰਜਾਬ ਦੀ ਧਰਤੀ ਰੱਬ ਦੀ ਰਹਿਮਤ ਨਾਲ ਮਾਲਾਮਾਲ ਹੈ। ਸੂਬੇ ਦੇ ਕੁੱਲ ਮੁੱਲ ਵਾਧੇ ਵਿੱਚ ਖੇਤੀਬਾੜੀ ਅਤੇ ਸਹਾਇਕ ਕਿੱਤਿਆਂ ਦਾ ਹਿੱਸਾ ਸਾਢੇ 24 ਫ਼ੀਸਦੀ ਬਣਦਾ ਹੈ। ਦੂਜੇ ਪਾਸੇ ਕਾਰਖ਼ਾਨੇਦਾਰੀ ਦੇ ਜੀਵੀਏ ਵਿੱਚ ਇਕੱਲੀ ਐਗਰੋ-ਪ੍ਰੋਸੈਸਿੰਗ 34.5 ਫ਼ੀਸਦੀ ਥਾਂ ਮੱਲਦੀ ਹੈ। ਇਹ ਅੰਕੜੇ ਸਾਫ਼ ਦੱਸਦੇ ਹਨ ਕਿ ਪੰਜਾਬ ਦੀ ਆਰਥਿਕ ਨਬਜ਼ ਖੇਤੀ ਉਦਯੋਗ ਨਾਲ ਹੀ ਵਿਕਸਤ ਹੁੰਦੀ ਹੈ।

ਅਬੋਹਰ-ਫ਼ਾਜ਼ਿਲਕਾ ਦਾ ਕਿੰਨੂ ਹੋਵੇ ਜਾਂ ਦੁਆਬੇ ਦੀ ਲਾਲ-ਸੂਹੀ ਗਾਜਰ, ਬਿਮਾਰੀ-ਰਹਿਤ ਬੀਜ ਵਾਲੇ ਆਲੂ ਹੋਣ ਜਾਂ ਸ਼ਹਿਦ —ਸਾਡੇ ਕੋਲ ਉਤਪਾਦਨ ਦੀ ਕੋਈ ਥੁੜ੍ਹ ਨਹੀਂ ਹੈ। ਨਾਸ਼ਪਾਤੀ, ਮਟਰ, ਮੱਛੀ ਪਾਲਣ ਅਤੇ ਡੇਅਰੀ ਵਿੱਚ ਵੀ ਸਾਡਾ ਹੱਥ ਉੱਤੇ ਹੈ। ਅਸਲ ਮਾਰ ਅਸੀਂ ਮੁੱਲ ਵਾਧੇ (ਵੈਲਿਊ ਐਡੀਸ਼ਨ) ਵਿੱਚ ਖਾਂਦੇ ਰਹੇ ਹਾਂ। ਜੇਕਰ ਟਮਾਟਰ ਸੜਕਾਂ ’ਤੇ ਰੁਲਣ ਦੀ ਥਾਂ ਪਿਊਰੀ ਬਣ ਕੇ ਵਿਕੇ ਅਤੇ ਕਿੰਨੂ ਕੌਡੀਆਂ ਦੇ ਭਾਅ ਵਿਕਣ ਦੀ ਥਾਂ ਡੱਬਾਬੰਦ ਜੂਸ ਬਣ ਕੇ ਮਹਿੰਗੇ ਭਾਅ ਵਿਕੇ, ਤਾਂ ਕਿਸਾਨ ਦੇ ਘਰ ਕਦੇ ਤੰਗੀ ਨਹੀਂ ਆ ਸਕਦੀ।

**ਸਿਰਫ਼ ਸਬਸਿਡੀ ਦਾ ਸਹਾਰਾ ਨਹੀਂ, ਪੈਰਾਂ ਸਿਰ ਖੜ੍ਹਨ ਦੀ ਲੋੜ**

ਕੇਂਦਰ ਸਰਕਾਰ ਦੀ ‘ਪ੍ਰਧਾਨ ਮੰਤਰੀ ਸੂਖਮ ਖ਼ੁਰਾਕ ਉਦਯੋਗ ਰਸਮੀਕਰਨ’ ਯੋਜਨਾ ਤਹਿਤ ਪੰਜਾਬ ਨੇ ਮੋਹਰੀ ਭੂਮਿਕਾ ਨਿਭਾਈ ਹੈ। ਰਾਜ ਵਿੱਚ 74 ਫ਼ੀਸਦੀ ਪ੍ਰਾਜੈਕਟ ਮਨਜ਼ੂਰ ਹੋਏ ਅਤੇ 95 ਫ਼ੀਸਦੀ ਸਬਸਿਡੀ ਵੰਡੀ ਗਈ। ਔਸਤਨ ਪ੍ਰਾਜੈਕਟ ਲਾਗਤ ਲਗਭਗ 37.5 ਲੱਖ ਰੁਪਏ ਅਤੇ ਸਬਸਿਡੀ ਕਰੀਬ 8.5 ਲੱਖ ਰੁਪਏ ਰਹੀ ਹੈ। ਖੇਤੀ ਮਾਹਿਰਾਂ ਦਾ ਕਹਿਣਾ ਹੈ ਕਿ ਇਹ ਅੰਕੜੇ ਉਤਸ਼ਾਹਜਨਕ ਹਨ, ਪਰ ਸਾਨੂੰ ਇਹ ਗੱਲ ਪੱਲੇ ਬੰਨ੍ਹਣੀ ਪਵੇਗੀ ਕਿ ਸਿਰਫ਼




ਸਰਕਾਰੀ ਖ਼ੈਰਾਤ ਜਾਂ ਸਬਸਿਡੀਆਂ ਨਾਲ ਕਦੇ ਪੱਕੇ ਕਾਰੋਬਾਰ ਨਹੀਂ ਚੱਲਦੇ।

ਅਸਲ ਇਮਤਿਹਾਨ ਇਹ ਹੈ ਕਿ ਕੀ ਪੰਜਾਬ ਦਾਛੋਟਾ ਉੱਦਮੀ ਬਾਜ਼ਾਰ ਦੇ ਝੱਖੜ ਝੱਲਣ ਜੋਗਾ ਬਣਿਆ ਹੈ? ਇਸੇ ਲਈ ਹੁਣ ਸਾਰਾ ਜ਼ੋਰ ਸਬਸਿਡੀ-ਅਧਾਰਿਤ ਸੋਚ ਤੋਂ ਹਟਾ ਕੇ ਉੱਦਮ-ਅਧਾਰਿਤ ਸੋਚ ’ਤੇ ਲਾਇਆ ਜਾ ਰਿਹਾ ਹੈ:

ਪਾਮੇਟੀ ਵਰਗੇ ਅਦਾਰੇ ਨੌਜਵਾਨਾਂ ਨੂੰ ਸਿਰਫ਼ ਮਸ਼ੀਨਾਂ ਚਲਾਉਣੀਆਂ ਨਹੀਂ, ਸਗੋਂ ਬਹੀ-ਖਾਤੇ ਸੰਭਾਲਣ, ਲੇਬਰ ਮੈਨੇਜਮੈਂਟ, ਕਰਜ਼ਾ ਲੈਣ ਅਤੇ ਫ਼ੂਡ ਸੇਫ਼ਟੀ ਦੇ ਗੁਰ ਸਿਖਾ ਰਹੇ ਹਨ।

ਮਿਆਰ ਦੀ ਗਾਰੰਟੀ: ‘ਪੈਗਰੈਕਸਕੋ’ ਰਾਹੀਂ ਅੰਤਰਰਾਸ਼ਟਰੀ ਐਸ.ਓ.ਪੀ., ਗੁਣਵੱਤਾ ਪਰਖ ਅਤੇ ਲੈਬਾਰਟਰੀ ਟੈਸਟਿੰਗ ਦੀ ਸਹੂਲਤ ਦਿੱਤੀ ਜਾ ਰਹੀ ਹੈ ਤਾਂ ਜੋ ਵਿਦੇਸ਼ਾਂ ਵਿੱਚ ਮਾਲ ਰੱਦ ਨਾ ਹੋਵੇ।

‘ਫ਼ਾਈਵ ਰਿਵਰਜ਼’ ਪਲੇਟਫਾਰਮ ਨੇ ਪੰਜਾਬੀ ਉਤਪਾਦਾਂ ਦੀ ਪੈਕਿੰਗ ਅਤੇ ਬ੍ਰਾਂਡਿੰਗ ਦਾ ਮੁਹਾਂਦਰਾ ਬਦਲ ਦਿੱਤਾ ਹੈ। ਜਦੋਂ ਸਾਡਾ ਸਥਾਨਕ ਮਾਲ ਵੰਦੇ ਭਾਰਤ ਅਤੇ ਸ਼ਤਾਬਦੀ ਵਰਗੀਆਂ ਰੇਲ ਗੱਡੀਆਂ ਵਿੱਚ ਵਿਕਦਾ ਹੈ, ਤਾਂ ਉੱਦਮੀਆਂ ਦਾ ਹੌਸਲਾ ਦੂਗਣਾ ਹੋ ਜਾਂਦਾ ਹੈ।

**ਚੁੱਲ੍ਹੇ-ਚੌਕੇ ਤੋਂ ਗਲੋਬਲ ਮੰਡੀ: ‘ਬਿਜ਼ਨਸ ਬੀਬੀਆਂ’**

ਇਸ ਖੇਤੀ ਇਨਕਲਾਬ ਦਾ ਸਭ ਤੋਂ ਖ਼ੂਬਸੂਰਤ ਪੱਖ ਇਹ ਹੈ ਕਿ ਇਹ ਪਿੰਡਾਂ ਦੀਆਂ ਬਰੂਹਾਂ ਅਤੇ ਔਰਤਾਂ ਤੱਕ ਪਹੁੰਚ ਰਿਹਾ ਹੈ। ਪੰਜਾਬ ਵਿੱਚ ਸ਼ੁਰੂ ਕੀਤੀ ਗਈ ‘ਬਿਜ਼ਨਸ ਬੀਬਾਜ਼’ ਮੁਹਿੰਮ ਉਨ੍ਹਾਂ ਪੇਂਡੂ ਭੈਣਾਂ ਲਈ ਵਰਦਾਨ ਸਾਬਤ ਹੋ ਰਹੀ ਹੈ, ਜਿਨ੍ਹਾਂ ਦੇ ਹੱਥਾਂ ਵਿੱਚ ਸੁਆਦ ਤਾਂ ਬੇਹਿਸਾਬ ਹੈ ਪਰ ਉਨ੍ਹਾਂ ਕੋਲ ਵੇਚਣ ਦਾ ਚੱਜ ਅਤੇ ਵਸੀਲੇ ਨਹੀਂ ਸਨ। ਘਰਾਂ ਵਿੱਚ ਅਚਾਰ, ਮੁਰੱਬੇ, ਮਸਾਲੇ ਜਾਂ ਸੇਵੀਆਂ ਬਣਾਉਣ ਵਾਲੀਆਂ ਬੀਬੀਆਂ ਨੂੰ ਹੁਣ ਲਾਇਸੰਸ ਲੈਣ, ਵਧੀਆ ਪੈਕਿੰਗ ਕਰਨ ਅਤੇ ਕਰਜ਼ੇ ਲੈਣ ਦੀ ਸਿਖਲਾਈ ਦੇ ਕੇ ਪੱਕੀਆਂ ਕਾਰੋਬਾਰੀ ਬਣਾਇਆ ਜਾ ਰਿਹਾ ਹੈ।

ਇਸੇ ਤਰ੍ਹਾਂ ਅਨੁਸੂਚਿਤ ਜਾਤੀਆਂ ਅਤੇ ਦੂਰ-ਦੁਰਾਡੇ ਦੇ ਪਿੰਡਾਂ ਵਿੱਚ ਬੈਠੇ ਹਾਸ਼ੀਏ ’ਤੇ ਧੱਕੇ ਵਰਗਾਂ ਨੂੰ ਵੀ ਫ਼ੂਡ ਪ੍ਰੋਸੈਸਿੰਗ ਨਾਲ ਜੋੜਿਆ ਜਾ ਰਿਹਾ ਹੈ। ਜਦੋਂ ਹੱਥੀਂ ਮਿਹਨਤ ਕਰਨ ਵਾਲੇ ਕਿਰਤੀਆਂ ਕੋਲ ਸਿੱਧਾ ਮੁਨਾਫ਼ਾ ਪੁੱਜੇਗਾ, ਤਾਂ ਪੇਂਡੂ ਆਰਥਿਕਤਾ ਦਾ ਚੱਕਾ ਆਪਣੇ-ਆਪ ਤੇਜ਼ੀ ਨਾਲ ਘੁੰਮਣ ਲੱਗੇਗਾ।

**ਸਾਂਝਾ ਢਾਂਚਾ ਅਤੇ ਡਾਟਾ ਆਧਾਰਿਤ ਵਿਉਂਤਬੰਦੀ**

ਨਿੱਕੇ ਕਾਰੋਬਾਰੀਆਂ ਦੀ ਸਭ ਤੋਂ ਵੱਡੀ ਸਮੱਸਿਆ ਇਹ ਹੁੰਦੀ ਹੈ ਕਿ ਉਹ ਇਕੱਲੇ ਮਹਿੰਗੀਆਂ ਮਸ਼ੀਨਾਂ, ਲੈਬਾਂ ਜਾਂ ਕੋਲਡ ਚੇਨਾਂ ਦਾ ਖ਼ਰਚਾ ਨਹੀਂ ਝੱਲ ਸਕਦੇ। ਇਸ ਲਈ ਸਾਂਝੇ ਪ੍ਰੋਸੈਸਿੰਗ ਕੇਂਦਰ ਕਾਇਮ ਕਰਨੇ ਸਮੇਂ ਦੀ ਮੁੱਖ ਲੋੜ ਹਨ। ਸਰਕਾਰ ਨੂੰ ਚਾਹੀਦਾ ਹੈ ਕਿ ਜੀਓ-ਮੈਪਿੰਗ ਰਾਹੀਂ ਪਤਾ ਲਗਾਵੇ ਕਿ ਕਿਹੜੇ ਜ਼ਿਲ੍ਹੇ ਵਿੱਚ ਕਿਹੜਾ ਕਲੱਸਟਰ ਉੱਭਰ ਰਿਹਾ ਹੈ ਅਤੇ ਕਿੱਥੇ ਮਦਦ ਦੀ ਵੱਧ ਲੋੜ ਹੈ। ਇਸ ਦੇ ਨਾਲ ਹੀ ਇੱਕ ‘ਫ਼ੂਡ ਪ੍ਰੋਸੈਸਿੰਗ ਥਿੰਕ ਟੈਂਕ’ ਬਣਾਉਣ ਦੀ ਤਜਵੀਜ਼ ਸ਼ਲਾਘਾਯੋਗ ਹੈ, ਜਿੱਥੇ ਯੂਨੀਵਰਸਿਟੀਆਂ, ਬੈਂਕਾਂ, ਉਦਯੋਗਪਤੀਆਂ, ਖੇਤੀ ਮਾਹਿਰਾਂ, ਏਪੀਡਾ ਅਤੇ ਨਾਬਾਰਡ ਨੂੰ ਇੱਕੋ ਛੱਤ ਹੇਠ ਲਿਆਂਦਾ ਜਾਵੇ। ਕਿਸੇ ਵੀ ਛੋਟੇ ਕਾਰੋਬਾਰੀ ਨੂੰ ਦਫ਼ਤਰਾਂ ਦੇ ਗੇੜੇ ਮਾਰਨ ਦੀ ਲੋੜ ਨਾ ਪਵੇ, ਸਗੋਂ ਸਾਰੀਆਂ ਸਰਕਾਰੀ ਪ੍ਰਵਾਨਗੀਆਂ ਅਤੇ ਸਹੂਲਤਾਂ ਉਸ ਦੇ ਬੂਹੇ ’ਤੇ ਮਿਲਣ।

**‘ਅੰਮ੍ਰਿਤਸਰ ਤੋਂ ਐੱਲ.ਏ.’ ਦਾ ਸੁਪਨਾ ਹੋਵੇਗਾ ਸਾਕਾਰ**

ਪੰਜਾਬੀ ਖਾਣੇ ਦੇ ਸੁਆਦ ਦਾ ਡੰਕਾ ਅੱਜ ਦੁਨੀਆ ਦੇ ਹਰ ਕੋਨੇ ਵਿੱਚ ਵੱਜਦਾ ਹੈ। ਲੰਡਨ ਹੋਵੇ, ਟੋਰਾਂਟੋ ਜਾਂ ਨਿਊਯਾਰਕ, ਸਰ੍ਹੋਂ ਦਾ ਸਾਗ ਅਤੇ ਮੱਕੀ ਦੀ ਰੋਟੀ ਹਰ ਥਾਂ ਲੱਭਦੀ ਹੈ। ਪਰ ਦੁੱਖ ਦੀ ਗੱਲ ਇਹ ਰਹੀ ਕਿ ਇਸ ਸੁਆਦ ਦਾ ਅਰਬਾਂ ਰੁਪਏ ਦਾ ਮੁਨਾਫ਼ਾ ਹਮੇਸ਼ਾ ਬਹੁ-ਰਾਸ਼ਟਰੀ ਕੰਪਨੀਆਂ ਜਾਂ ਬਾਹਰਲੇ ਵਪਾਰੀ ਹੀ ਖੱਟਦੇ ਰਹੇ। ਪੰਜਾਬ ਦੇ ਕਿਸਾਨ ਦੇ ਪੱਲੇ ਸਿਰਫ਼ ਮਿੱਟੀ ਹੀ ਪਈ।

ਹੁਣ ਸੋਚ ਬਦਲ ਚੁੱਕੀ ਹੈ। ਨਾਅਰਾ ਹੈ—‘ਬੱਲੇ-ਬੱਲੇ, ਅੰਮ੍ਰਿਤਸਰ ਤੋਂ ਐੱਲ.ਏ.’। ਇਸ ਦਾ ਮਕਸਦ ਇਹ ਹੈ ਕਿ ਸੁਆਦ ਦੇ ਨਾਲ-ਨਾਲ ਬ੍ਰਾਂਡ, ਕਮਾਈ, ਰੁਜ਼ਗਾਰ ਤੇ ਆਰਥਿਕ ਤਾਕਤ ਵੀ ਪੰਜਾਬ ਦੀ ਧਰਤੀ ਨਾਲ ਹੀ ਜੁੜੀ ਰਹੇ। ਜੇਕਰ ਅਸੀਂ ਖੇਤਾਂ ਤੋਂ ਲੈ ਕੇ ਏਅਰ ਕਾਰਗੋ ਤੱਕ ਦੀ ਲੜੀ ਨੂੰ ਮਜ਼ਬੂਤ ਕਰ ਲਈਏ, ਤਾਂ ਅੰਮ੍ਰਿਤਸਰ ਦੇ ਇੱਕ ਨੌਜਵਾਨ ਲਈ ਲਾਸ ਏਂਜਲਸ, ਦੁਬਈ ਜਾਂ ਸਿਡਨੀ ਮਾਲ ਭੇਜਣਾ ਓਨਾ ਹੀ ਸੌਖਾ ਹੋਵੇਗਾ ਜਿੰਨਾ ਲੁਧਿਆਣੇ ਭੇਜਣਾ। ਇਹੋ ਪੰਜਾਬ ਦੀ ਖੇਤੀ-ਆਰਥਿਕਤਾ ਦਾ ਅਸਲ ਤੇ ਸੁਨਹਿਰੀ ਭਵਿੱਖ ਹੈ।

# ਸਿਆਸੀ ਰੈਲੀਆਂ ਅਤੇ ਯਾਤਰਾਵਾਂ ਨੇ ਭਖ਼ਾਈ ਪੰਜਾਬ ਦੀ ਸਿਆਸਤ

### ਵਿਧਾਨ ਸਭਾ ਚੋਣਾਂ ਲਈ ਸਿਆਸੀ ਪਾਰਟੀਆਂ ਚੋਣ ਮੈਦਾਨ ’ਚ ਨਿੱਤਰੀਆਂ

ਚੰਡੀਗੜ੍ਹ/ਏ.ਟੀ.ਨਿਊਜ਼: ਪੰਜਾਬ ਵਿਧਾਨ ਸਭਾ ਚੋਣਾਂ ਹੋਣ ਲਈ ਕਰੀਬ ਤਿੰਨ ਮਹੀਨਿਆਂ ਦਾ ਸਮਾਂ ਬਾਕੀ ਹੈ, ਪਰ ਸਿਆਸੀ ਪਾਰਟੀਆਂ ਨੇ ਆਪਣੀਆਂ ਸਰਗਰਮੀਆਂ ਤੇਜ਼ ਕਰਕੇ ਸਿਆਸੀ ਮਾਹੌਲ ਭਖ਼ਾ ਦਿੱਤਾ ਹੈ। ਭਾਜਪਾ ਨੇ ‘ਨਸ਼ੇ’ ਨੂੰ ਮੁੜ ਚੋਣ ਮੁੱਦਾ ਬਣਾਉਣ ਦੀ ਰਣਨੀਤੀ ਤਹਿਤ ਸੂਬੇ ’ਚ ‘ਨਸ਼ਾ ਮੁਕਤ ਪੰਜਾਬ’ ਦੇ ਬੈਨਰ ਹੇਠ ਚਾਰ ਯਾਤਰਾਵਾਂ ਸ਼ੁਰੂ ਕਰ ਦਿੱਤੀਆਂ ਹਨ। ਇਹ ਯਾਤਰਾਵਾਂ ਸੂਬੇ ਦੇ ਸਾਰੇ 117 ਵਿਧਾਨ ਸਭਾ ਹਲਕਿਆਂ ’ਚ ਜਾਣਗੀਆਂ।

ਭਾਜਪਾ ਦੀਆਂ ਯਾਤਰਾਵਾਂ ਦੇ ਜਵਾਬ ’ਚ ਆਮ ਆਦਮੀ ਪਾਰਟੀ ਨੇ ਵੀ ਆਪਣੀ ਸਰਕਾਰ ਦੀਆਂ ਪ੍ਰਾਪਤੀਆਂ ਲੋਕਾਂ ਤੱਕ ਪਹੁੰਚਾਉਣ ਦੀ ਮੁਹਿੰਮ ਸ਼ੁਰੂ ਕਰਨ ਦਾ ਐਲਾਨ ਕੀਤਾ ਹੈ। ‘ਆਪ’ ਵੱਲੋਂ ਮੈਂਬਰਸ਼ਿਪ ਮੁਹਿੰਮ ਅਤੇ ਡੋਰ ਟੂ ਡੋਰ ਮੁਹਿੰਮ ਸ਼ੁਰੂ ਕੀਤੀ ਗਈ ਹੈ। ਪਾਰਟੀ ਦੇ ਪੰਜਾਬ ਮਾਮਲਿਆਂ ਦੇ ਇੰਚਾਰਜ਼ ਮੁਨੀਸ਼ ਸਿਸੋਦੀਆ ਅਨੁਸਾਰ 2,68,553 ਬੂਥ ਕਮੇਟੀ ਮੈਂਬਰ ਘਰ-ਘਰ ਜਾ ਕੇ ਸਰਕਾਰ ਦੇ ਕੰਮਾਂ ਤੇ ਪ੍ਰਾਪਤੀਆਂ ਲੋਕਾਂ ਤੱਕ ਪਹੁੰਚਾਉਣਗੇ।




ਉਧਰ, ਸ਼੍ਰੋਮਣੀ ਅਕਾਲੀ ਦਲ ਨੇ ਵੀ ਸੂਬੇ ’ਚ ਸਿਆਸੀ ਰੈਲੀਆਂ ਦਾ ਸਿਲਸਿਲਾ ਸ਼ੁਰੂ ਕੀਤਾ ਹੋਇਆ ਹੈ। ਪਾਰਟੀ ਹੁਣ ਤੱਕ ਵੱਖ-ਵੱਖ ਵਿਧਾਨ ਸਭਾ ਹਲਕਿਆਂ ’ਚ ਕਰੀਬ 60 ਰੈਲੀਆਂ ਕਰ ਚੁੱਕੀ ਹੈ। ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੀ ਵੱਖ-ਵੱਖ ਹਲਕਿਆਂ ’ਚ ਰੈਲੀਆਂ ਕਰਕੇ ਪਾਰਟੀ ਦੇ ਆਧਾਰ ਨੂੰ ਮਜ਼ਬੂਤ ਕਰਨ ’ਚ ਲੱਗੇ ਹੋਏ ਹਨ। ‘ਪੰਜਾਬ ਬਚਾਓ’ ਰੈਲੀਆਂ ਰਾਹੀਂ ਅਕਾਲੀ ਦਲ ਵੱਲੋਂ ‘ਆਪ’ ਸਰਕਾਰ ਦੀ ਕਾਰਗੁਜ਼ਾਰੀ ’ਤੇ ਸਵਾਲ ਉਠਾਏ ਜਾ ਰਹੇ ਹਨ। ਇਸ ਦੇ ਨਾਲ ਹੀ ਅਕਾਲੀ ਦਲ ਦੀ ਸਰਕਾਰ ਦੌਰਾਨ ਕੀਤੇ ਵਿਕਾਸ ਕਾਰਜਾਂ ਅਤੇ ਸ਼ੁਰੂ ਕੀਤੀਆਂ ਸਕੀਮਾਂ ਬਾਰੇ ਵੀ ਲੋਕਾਂ ਨੂੰ ਜਾਣੂ ਕਰਵਾਇਆ ਜਾ ਰਿਹਾ ਹੈ।

ਭਾਜਪਾ ਨੇ ‘ਨਸ਼ਾ ਮੁਕਤ ਪੰਜਾਬ ਯਾਤਰਾ’ ਰਾਹੀਂ ਨਸ਼ੇ ਨੂੰ ਵੱਡਾ ਸਿਆਸੀ ਮੁੱਦਾ ਬਣਾਉਣ ਲਈ ਮੁਹਿੰਮ ਤੇਜ਼ ਕੀਤੀ ਹੈ। ਪਾਰਟੀ ਵੱਲੋਂ ਬੀਤੇ ਦਿਨੀਂ ਅਜਿਹੀਆਂ ਔਰਤਾਂ ਨੂੰ ਵੀ ਚੰਡੀਗੜ੍ਹ ਬੁਲਾਇਆ ਗਿਆ, ਜਿਨ੍ਹਾਂ ਦੇ ਪੁੱਤ ਜਾਂ ਭਰਾ ਨਸ਼ੇ ਦੀ ਲਪੇਟ ’ਚ ਆ ਕੇ ਜਾਨ ਗੁਆ ਚੁੱਕੇ ਹਨ। ਸ਼ੁਰੂ ਹੋਈਆਂ ਚਾਰ ਯਾਤਰਾਵਾਂ 117 ਵਿਧਾਨ ਸਭਾ ਹਲਕਿਆਂ ’ਚੋਂ ਲੰਘਣਗੀਆਂ (**ਬਾਕੀ ਸਫ਼ਾ 26 ’ਤੇ**)

# ‘ਵੰਦੇ ਮਾਤਰਮ’ ਨੂੰ ਲਾਜ਼ਮੀ ਬਣਾਉਣ ਵਾਲੀ ਸੋਧ ’ਤੇ ਸੁਪਰੀਮ ਕੋਰਟ ਵਿੱਚ ਬਹਿਸ ਤੇਜ਼

### ਵੰਦੇ ਮਾਤਰਮ ਰਾਸ਼ਟਰੀ ਗੀਤ ਦਾ ਸਨਮਾਨ ਜ਼ਰੂਰੀ, ਪਰ ਗਾਉਣ ਲਈ ਮਜਬੂਰ ਨਹੀਂ ਕੀਤਾ ਜਾ ਸਕਦਾ: ਸਰਵਉੱਚ ਅਦਾਲਤ

ਰਾਸ਼ਟਰੀ ਗੀਤ ‘ਵੰਦੇ ਮਾਤਰਮ’ ਨੂੰ ਲੈ ਕੇ ਦੇਸ਼ ਦੀ ਸਰਵਉੱਚ ਅਦਾਲਤ ਵਿੱਚ ਇੱਕ ਵਾਰ ਫਿਰ ਗੰਭੀਰ ਸੰਵਿਧਾਨਕ ਬਹਿਸ ਛਿੜ ਗਈ ਹੈ। ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਦੇ ਰੁਖ਼ ’ਤੇ ਸਖ਼ਤ ਅਤੇ ਸਪੱਸ਼ਟ ਟਿੱਪਣੀ ਕਰਦਿਆਂ ਕਿਹਾ ਹੈ ਕਿ ਜੇਕਰ ਕੋਈ ਵਿਅਕਤੀ ਆਪਣੀ ਧਾਰਮਿਕ ਆਸਥਾ ਜਾਂ ਅੰਤਰ-ਆਤਮਾ ਦੀ ਆਵਾਜ਼ ਕਾਰਨ ‘ਵੰਦੇ ਮਾਤਰਮ’ ਨਹੀਂ ਗਾਉਂਦਾ, ਤਾਂ ਉਸ ਵਿਰੁੱਧ ਕੋਈ ਵੀ ਕਨੂੰਨੀ ਕਾਰਵਾਈ ਨਹੀਂ ਹੋਣੀ ਚਾਹੀਦੀ। ਚੀਫ਼ ਜਸਟਿਸ ਸੂਰਿਆ ਕਾਂਤ, ਜਸਟਿਸ ਜੋਇਮਾਲਿਆ ਬਾਗਚੀ ਅਤੇ ਜਸਟਿਸ ਵੀ. ਮੋਹਨਾ ਦੇ ਤਿੰਨ ਮੈਂਬਰੀ ਬੈਂਚ ਨੇ ਸਪੱਸ਼ਟ ਕੀਤਾ ਕਿ ਅਦਾਲਤ ਇਸ ਮਾਮਲੇ ਵਿੱਚ ਸੰਵਿਧਾਨਕ ਅਧਿਕਾਰਾਂ ਦੀ ਵਿਆਖਿਆ ਕਰ ਰਹੀ ਹੈ ਅਤੇ ਰਾਸ਼ਟਰੀ ਪ੍ਰਤੀਕਾਂ ਦੇ ਸਤਿਕਾਰ ਅਤੇ ਨਾਗਰਿਕਾਂ ਦੀ ਧਾਰਮਿਕ ਆਜ਼ਾਦੀ ਵਿਚਕਾਰ ਸੰਤੁਲਨ ਪਰਖਣਾ ਲਾਜ਼ਮੀ ਹੈ।

**ਮਾਮਲੇ ਦਾ ਪਿਛੋਕੜ ਅਤੇ ਨਵੇਂ ਕਾਨੂੰਨ ਦਾ ਵਿਵਾਦ**

ਇਹ ਵਿਵਾਦ ਕਰਨਾਟਕ ਸੰਗੀਤ ਦੇ ਪ੍ਰਸਿੱਧ ਗਾਇਕ ਟੀ.ਐੱਮ. ਕ੍ਰਿਸ਼ਨਾ ਵੱਲੋਂ ਦਾਇਰ ਕੀਤੀ ਗਈ ਪਟੀਸ਼ਨ ਤੋਂ ਸ਼ੁਰੂ ਹੋਇਆ ਹੈ। ਪਟੀਸ਼ਨ ਵਿੱਚ ‘ਰਾਸ਼ਟਰੀ ਸਨਮਾਨ ਦੇ ਅਪਮਾਨ ਦੀ ਰੋਕਥਾਮ ਐਕਟ’ ਵਿੱਚ ਸਾਲ 2026 ਦੌਰਾਨ ਕੀਤੇ ਗਏ ਤਾਜ਼ਾ ਸੋਧ ਦੀ ਸੰਵਿਧਾਨਕ ਮਾਨਤਾ ਨੂੰ ਚੁਣੌਤੀ ਦਿੱਤੀ ਗਈ ਹੈ।

ਨਵੀਂ ਸੋਧ ਤਹਿਤ ‘ਵੰਦੇ ਮਾਤਰਮ’ ਨੂੰ ਰਾਸ਼ਟਰੀ ਗਾਨ (ਜਨ ਗਨ ਮਨ) ਦੇ ਬਰਾਬਰ ਕਾਨੂੰਨੀ ਸੁਰੱਖਿਆ ਦੇ ਘੇਰੇ ਵਿੱਚ ਲਿਆਂਦਾ ਗਿਆ ਹੈ। ਇਸ ਕਾਨੂੰਨ ਮੁਤਾਬਕ, ਕਿਸੇ ਇਕੱਠ ਵਿੱਚ ਇਸ ਗੀਤ ਨੂੰ ਗਾਉਣ ਤੋਂ ਰੋਕਣ ਜਾਂ ਜਾਣਬੁੱਝ ਕੇ ਵਿਘਨ ਪਾਉਣ ਨੂੰ ਗ਼ੈਰ-ਜ਼ਮਾਨਤੀ ਅਪਰਾਧ ਬਣਾਉਂਦਿਆਂ ਤਿੰਨ ਸਾਲ ਤੱਕ ਦੀ ਕੈਦ ਅਤੇ ਜੁਰਮਾਨੇ ਦਾ ਪ੍ਰਬੰਧ ਕੀਤਾ ਗਿਆ ਹੈ।

ਪਟੀਸ਼ਨਰ ਵੱਲੋਂ ਪੇਸ਼ ਹੋਏ ਉੜੀਸਾ ਹਾਈ ਕੋਰਟ ਦੇ ਸਾਬਕਾ ਚੀਫ਼ ਜਸਟਿਸ ਅਤੇ ਸੀਨੀਅਰ ਵਕੀਲ ਐੱਸ. ਮੁਰਲੀਧਰ ਨੇ ਦਲੀਲ ਦਿੱਤੀ ਕਿ ਕਾਨੂੰਨ ਵਿੱਚ ਇਹ ਸਪੱਸ਼ਟ ਨਹੀਂ ਕੀਤਾ ਗਿਆ ਕਿ ਰਾਸ਼ਟਰੀ ਗੀਤ ਦਾ ਅਸਲ ਸਰੂਪ ਕੀ ਹੈ, ਜਿਸ ਕਾਰਨ ਪ੍ਰਸ਼ਾਸਨ ਵੱਲੋਂ ਇਸ ਕਾਨੂੰਨ ਦੀ ਵੱਡੇ ਪੱਧਰ ’ਤੇ ਦੁਰਵਰਤੋਂ ਹੋਣ ਦਾ ਖ਼ਦਸ਼ਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੇ ਬਿਨਾਂ ਵਿਆਪਕ ਵਿਚਾਰ-ਵਟਾਂਦਰੇ ਦੇ ਇਹ ਕਾਨੂੰਨ ਬਣਾਉਣ ਵਿੱਚ ਬੇਲੋੜੀ ਕਾਹਲ ਦਿਖਾਈ ਹੈ।

ਸੁਣਵਾਈ ਦੌਰਾਨ ਅਦਾਲਤ ਦਾ ਮਾਹੌਲ ਉਸ ਸਮੇਂ ਬੇਹੱਦ ਭਖ ਗਿਆ ਜਦੋਂ ਕੇਂਦਰ ਵੱਲੋਂ ਪੇਸ਼ ਹੋਏ ਸਾਲਿਸਟਰ ਜਨਰਲ (ਐੱਸ.ਜੀ.) ਤੁਸ਼ਾਰ ਮਹਿਤਾ ਨੇ ਦਲੀਲ ਦਿੱਤੀ ਕਿ ਕਾਨੂੰਨ ਬਣਾਉਣਾ ਸੰਸਦ ਦਾ ਸੰਵਿਧਾਨਕ ਅਧਿਕਾਰ ਹੈ ਅਤੇ ਕਾਨੂੰਨ ‘ਨਕਸਲੀਆਂ ਦੀ ਸੋਚ’ ਮੁਤਾਬਕ ਨਹੀਂ ਬਣਾਏ ਜਾ ਸਕਦੇ।

ਸੀਨੀਅਰ ਵਕੀਲ ਮੁਰਲੀਧਰ ਨੇ ਅਦਾਲਤ ਵਿੱਚ ਸਰਕਾਰੀ ਵਕੀਲ ਵੱਲੋਂ ਵਰਤੇ ਗਏ ਸ਼ਬਦ ‘ਨਕਸਲੀ’ ’ਤੇ ਸਖ਼ਤ ਇਤਰਾਜ਼ ਪ੍ਰਗਟ ਕੀਤਾ ਅਤੇ ਕਿਹਾ ਕਿ ਲਾਈਵ ਕਾਰਵਾਈ ਦੌਰਾਨ ਅਜਿਹੀ ਸ਼ਬਦਾਵਲੀ ਦੇਸ਼ ਦੇ ਇੱਕ ਕਾਨੂੰਨ ਅਧਿਕਾਰੀ ਨੂੰ ਸ਼ੋਭਾ ਨਹੀਂ ਦਿੰਦੀ। (**ਬਾਕੀ ਸਫ਼ਾ 26 ’ਤੇ**)

# ਬੰਦੀ ਸਿੰਘਾਂ ਨੂੰ ਰਿਹਾਅ ਕਰੇ ਸਰਕਾਰ: ਜਗਦੀਸ਼ ਸਿੰਘ ਝੀਂਡਾ

## ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ 'ਜੇਲ੍ਹ ਭਰੋ ਅੰਦੋਲਨ' ਸ਼ੁਰੂ ਕਰਕੇ 'ਬੰਦੀ ਸਿੰਘਾਂ' ਦੀ ਰਿਹਾਈ ਲਈ ਸੰਘਰਸ਼ ਤੇਜ਼ ਕਰਨ ਦਾ ਸੱਦਾ

ਕੁਰੂਕਸ਼ੇਤਰ/ਏ.ਟੀ.ਨਿਊਜ਼: ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਗਦੀਸ਼ ਸਿੰਘ ਝੀਂਡਾ ਨੇ ਕਿਹਾ ਕਿ ਕੌਮੀ ਇਨਸਾਫ਼ ਮੋਰਚਾ ਅਤੇ ਸਿੱਖ ਕੌਮ ਦੇ ਆਗੂਆਂ ਨੂੰ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ 'ਜੇਲ੍ਹ ਭਰੋ ਅੰਦੋਲਨ' ਸ਼ੁਰੂ ਕਰਕੇ 'ਬੰਦੀ ਸਿੰਘਾਂ' ਦੀ ਰਿਹਾਈ ਲਈ ਸੰਘਰਸ਼ ਤੇਜ਼ ਕਰਨਾ ਚਾਹੀਦਾ ਹੈ।

ਕੌਮੀ ਇਨਸਾਫ਼ ਮੋਰਚੇ ਨਾਲ ਇਕਜੁੱਟਤਾ ਪ੍ਰਗਟ ਕਰਦਿਆਂ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਗੂ ਅਤੇ ਸਮਰਥਕ ਕਈ ਦਿਨਾਂ ਤੋਂ ਕੁਰੂਕਸ਼ੇਤਰ ਦੇ ਮੀਰੀ ਪੀਰੀ ਚੌਂਕ ਵਿਖੇ ਰੋਜ਼ਾਨਾ ਇੱਕ ਘੰਟੇ ਦਾ ਪ੍ਰਤੀਕਾਤਮਕ ਧਰਨਾ ਦੇ ਰਹੇ ਹਨ।

ਕਮੇਟੀ ਨੇ 30 ਸਤੰਬਰ ਤੱਕ ਰੋਜ਼ਾਨਾ ਧਰਨਾ ਜਾਰੀ ਰੱਖਣ, 1 ਅਕਤੂਬਰ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਨਾਂ ਡਿਪਟੀ ਕਮਿਸ਼ਨਰ ਕੁਰੂਕਸ਼ੇਤਰ ਨੂੰ ਮੰਗ ਪੱਤਰ ਸੌਂਪਣ ਅਤੇ 'ਬੰਦੀ ਸਿੰਘਾਂ' ਦੀ ਰਿਹਾਈ ਦੀ ਮੰਗ ਕਰਨ ਦਾ ਫ਼ੈਸਲਾ ਕੀਤਾ ਹੈ। ਕਮੇਟੀ ਮੈਂਬਰ ਅਤੇ ਸਮਰਥਕ 2 ਅਕਤੂਬਰ ਨੂੰ ਪੰਜਾਬ ਵਿੱਚ ਮੋਰਚੇ ਵੱਲੋਂ ਦਿੱਤੇ ਗਏ ਮਾਰਚ ਦੇ ਸੱਦੇ ਵਿੱਚ ਵੀ ਸ਼ਾਮਲ ਹੋਣਗੇ।

ਐੱਚ ਐੱਸ ਜੀ ਐੱਮ ਸੀ ਪ੍ਰਧਾਨ ਜਗਦੀਸ਼ ਸਿੰਘ ਝੀਂਡਾ ਨੇ ਕਿਹਾ, 'ਆਪਣੀਆਂ ਸਜ਼ਾਵਾਂ ਪੂਰੀਆਂ ਕਰ ਚੁੱਕੇ ਸਿੱਖਾਂ ਦੀ ਰਿਹਾਈ ਕੌਮ ਦੀ ਲੰਮੇ ਸਮੇਂ ਤੋਂ ਲਟਕਦੀ ਆ ਰਹੀ ਜਾਇਜ਼ ਮੰਗ ਹੈ, ਪਰ ਇਸ ਮੰਗ ਨੂੰ ਪੂਰਾ ਨਹੀਂ ਕੀਤਾ ਜਾ ਰਿਹਾ। 'ਬੰਦੀ ਸਿੰਘ' 30 ਸਾਲਾਂ ਤੋਂ ਵੱਧ ਸਮੇਂ ਤੋਂ ਜੇਲ੍ਹਾਂ ਵਿੱਚ ਬੰਦ ਹਨ ਅਤੇ ਉਨ੍ਹਾਂ ਨੂੰ ਰਿਹਾਅ ਨਹੀਂ



ਕੀਤਾ ਜਾ ਰਿਹਾ। ਅਸੀਂ ਮੋਰਚੇ ਦੇ ਸੰਘਰਸ਼ ਨੂੰ ਆਪਣਾ ਪੂਰਾ ਸਮਰਥਨ ਦਿੱਤਾ ਹੈ ਅਤੇ ਅਸੀਂ ਸਰਕਾਰ ਨੂੰ 'ਬੰਦੀ ਸਿੰਘਾਂ' ਨੂੰ ਰਿਹਾਅ ਕਰਨ ਦੀ ਬੇਨਤੀ ਕਰਦੇ ਹਾਂ। ਸਿਰਫ਼ ਧਰਨੇ ਅਤੇ ਮਾਰਚ ਨਾਲ ਕੇਂਦਰ ਸਰਕਾਰ 'ਤੇ ਬਹੁਤਾ ਦਬਾਅ ਨਹੀਂ ਬਣੇਗਾ, ਇਸ ਲਈ ਮੈਂ ਮੋਰਚੇ ਦੇ ਆਗੂਆਂ ਨੂੰ ਦਬਾਅ ਬਣਾਉਣ ਅਤੇ ਸਿੱਖ ਕੈਦੀਆਂ ਦੀ ਰਿਹਾਈ ਯਕੀਨੀ ਬਣਾਉਣ ਲਈ ਜੇਲ੍ਹ ਭਰੋ ਅੰਦੋਲਨ ਸ਼ੁਰੂ ਕਰਨ ਦਾ ਸੁਝਾਅ ਦਿੱਤਾ ਹੈ।

ਉਨ੍ਹਾਂ ਕਿਹਾ, 'ਸਜ਼ਾਵਾਂ ਪੂਰੀਆਂ ਹੋਣ ਤੋਂ ਬਾਅਦ ਵੀ ਸਿੱਖ ਕੈਦੀਆਂ ਨੂੰ ਲਗਾਤਾਰ ਹਿਰਾਸਤ ਵਿੱਚ ਰੱਖਣਾ ਮੰਦਭਾਗਾ ਹੈ। ਇੱਕ ਪਾਸੇ ਸਿੱਖ ਕੌਮ ਅਤੇ ਕੌਮੀ ਇਨਸਾਫ਼ ਮੋਰਚਾ 'ਬੰਦੀ ਸਿੰਘਾਂ' ਦੀ ਰਿਹਾਈ ਲਈ ਸੰਘਰਸ਼ ਕਰ ਰਹੇ ਹਨ, ਉੱਥੇ ਹੀ ਗੁਰਮੀਤ ਰਾਮ ਰਹੀਮ ਸਿੰਘ ਵਰਗੇ ਲੋਕਾਂ ਨੂੰ ਸਿਆਸੀ ਲਾਭਾਂ ਲਈ ਵਾਰ-ਵਾਰ ਫਰਲੋ ਮਿਲਦੀ ਹੈ। ਮੋਰਚੇ ਨੂੰ ਜੇਲ੍ਹ ਭਰੋ ਅੰਦੋਲਨ ਦਾ ਸੱਦਾ ਦੇਣਾ ਚਾਹੀਦਾ ਹੈ ਅਤੇ ਸਾਰੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਤੇ ਸਿਆਸੀ ਪਾਰਟੀਆਂ ਦੇ ਮੈਂਬਰਾਂ ਅਤੇ ਆਗੂਆਂ ਨੂੰ ਗ੍ਰਿਫ਼ਤਾਰੀਆਂ ਦੇਣ ਲਈ ਅੱਗੇ ਆਉਣਾ ਚਾਹੀਦਾ ਹੈ। ਇਹ ਅੰਦੋਲਨ ਪੰਜਾਬ ਵਿੱਚ ਜਲਦ ਤੋਂ ਜਲਦ ਸ਼ੁਰੂ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਪੰਜਾਬ ਚੋਣਾਂ ਤੋਂ ਪਹਿਲਾਂ 'ਬੰਦੀ ਸਿੰਘਾਂ' ਦੀ ਰਿਹਾਈ ਯਕੀਨੀ ਬਣਾਈ ਜਾ ਸਕੇ।'

ਉੱਥੇ ਹੀ ਹਰਿਆਣਾ ਕਮੇਟੀ ਮੈਂਬਰ ਅਤੇ ਪੰਥਕ ਅਕਾਲ ਮੋਰਚਾ ਦੇ ਆਗੂ ਹਰਮਨਪ੍ਰੀਤ ਸਿੰਘ ਨੇ ਕਿਹਾ, 'ਮੋਰਚੇ ਨਾਲ ਇਕਜੁੱਟਤਾ ਪ੍ਰਗਟ ਕਰਦੇ ਹੋਏ, ਅਸੀਂ ਕੁਰੂਕਸ਼ੇਤਰ ਵਿੱਚ ਰੋਜ਼ਾਨਾ ਇੱਕ ਘੰਟੇ ਦਾ ਪ੍ਰਤੀਕਾਤਮਕ ਧਰਨਾ ਦੇ ਰਹੇ ਹਾਂ। ਅਸੀਂ 1 ਅਕਤੂਬਰ ਨੂੰ ਡੀ ਸੀ ਕੁਰੂਕਸ਼ੇਤਰ ਨੂੰ ਮੰਗ ਪੱਤਰ ਸੌਂਪਾਂਗੇ ਅਤੇ 2 ਅਕਤੂਬਰ ਨੂੰ ਪੰਜਾਬ ਵਿੱਚ ਹੋਣ ਵਾਲੇ ਮਾਰਚ ਵਿੱਚ ਹਿੱਸਾ ਲਵਾਂਗੇ। ਅਸੀਂ ਸਰਕਾਰ ਨੂੰ ਇਹ ਵੀ ਬੇਨਤੀ ਕਰਦੇ ਹਾਂ ਕਿ ਕੌਮ ਵੱਲੋਂ ਉਠਾਈਆਂ ਜਾ ਰਹੀਆਂ ਜਾਇਜ਼ ਮੰਗਾਂ 'ਤੇ ਵਿਚਾਰ ਕੀਤਾ ਜਾਵੇ।

## ਬੰਦੀ ਸਿੰਘ ਬਲਵੰਤ ਸਿੰਘ ਰਾਜੋਆਣਾ ਨੇ ਕੇਂਦਰੀ ਜੇਲ੍ਹ ਪਟਿਆਲਾ ਤੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਲਿਖਿਆ ਪੱਤਰ

# ਰਾਜੋਆਣਾ ਵੱਲੋਂ ਰਹਿਮ ਦੀ ਅਪੀਲ 'ਤੇ ਫ਼ੈਸਲੇ ਨੂੰ ਜਲਦੀ ਸੁਣਾਉਣ ਦੀ ਮੰਗ

ਪਟਿਆਲਾ/ਏ.ਟੀ.ਨਿਊਜ਼: ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਕਤਲ ਕਾਂਡ ਵਿੱਚ ਫਾਂਸੀ ਦੀ ਸਜ਼ਾ ਦਾ ਸਾਹਮਣਾ ਕਰ ਰਹੇ ਬੰਦੀ ਸਿੰਘ ਬਲਵੰਤ ਸਿੰਘ ਰਾਜੋਆਣਾ ਨੇ ਕੇਂਦਰੀ ਜੇਲ੍ਹ ਪਟਿਆਲਾ ਤੋਂ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਇੱਕ ਪੱਤਰ ਲਿਖਿਆ ਹੈ। ਇਸ ਪੱਤਰ ਰਾਹੀਂ ਉਨ੍ਹਾਂ ਆਪਣੀ ਰਹਿਮ ਦੀ ਅਪੀਲ 'ਤੇ ਪਿਛਲੇ 15 ਸਾਲਾਂ ਤੋਂ ਲਟਕ ਰਹੇ ਫ਼ੈਸਲੇ ਨੂੰ ਜਲਦ ਸੁਣਾਉਣ ਦੀ ਪੁਰਜ਼ੋਰ ਮੰਗ ਕੀਤੀ ਹੈ।

ਰਾਜੋਆਣਾ ਨੇ ਲਿਖਿਆ ਕਿ ਉਹ ਪਿਛਲੇ 31 ਸਾਲਾਂ ਤੋਂ ਜੇਲ੍ਹ ਵਿੱਚ ਬੰਦ ਹਨ ਅਤੇ ਬੀਤੇ 20 ਸਾਲਾਂ ਤੋਂ ਫਾਂਸੀ ਦੀ ਚੱਕੀ ਵਿੱਚ ਬੰਦ ਰਹਿ ਕੇ ਅੰਤਿਮ ਫ਼ੈਸਲੇ ਦਾ ਇੰਤਜ਼ਾਰ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਅਦਾਲਤ ਵਿੱਚ ਉਨ੍ਹਾਂ ਆਪਣੇ ਕੀਤੇ ਕੰਮ ਨੂੰ ਕਦੇ ਨਹੀਂ ਲੁਕਾਇਆ ਅਤੇ ਹੱਸ ਕੇ ਫਾਂਸੀ ਦੀ ਸਜ਼ਾ ਕਬੂਲ ਕੀਤੀ ਸੀ। ਸਾਲ 2012 ਵਿੱਚ ਜਦੋਂ ਅਦਾਲਤ ਨੇ ਉਨ੍ਹਾਂ ਦੇ ਫਾਂਸੀ ਦੇ ਵਾਰੰਟ ਜਾਰੀ ਕੀਤੇ ਸਨ, ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਰਾਸ਼ਟਰਪਤੀ ਕੋਲ ਰਹਿਮ ਦੀ ਅਪੀਲ ਦਾਇਰ



ਕੀਤੀ ਗਈ ਸੀ, ਜਿਸ 'ਤੇ ਕੇਂਦਰੀ ਗ੍ਰਹਿ ਮੰਤਰਾਲੇ ਨੇ ਰੋਕ ਲਗਾ ਦਿੱਤੀ ਸੀ। ਉਨ੍ਹਾਂ ਅਫ਼ਸੋਸ ਜਤਾਇਆ ਕਿ ਦੇਸ਼ ਦੀ ਸੁਪਰੀਮ ਕੋਰਟ ਦੇ ਵਾਰ-ਵਾਰ ਹੁਕਮਾਂ ਦੇ ਬਾਵਜੂਦ ਕੇਂਦਰ ਸਰਕਾਰ ਇਸ 'ਤੇ ਕੋਈ ਫ਼ੈਸਲਾ ਨਹੀਂ ਲੈ ਰਹੀ ਕੇਂਦਰ ਵੱਲੋਂ ਸੁਪਰੀਮ ਕੋਰਟ ਵਿੱਚ ਉਨ੍ਹਾਂ ਦੇ ਫ਼ੈਸਲੇ ਨਾਲ 'ਦੇਸ਼ ਦੀ ਸੁਰੱਖਿਆ ਨੂੰ ਖ਼ਤਰਾ' ਦੱਸੇ ਜਾਣ 'ਤੇ ਸਵਾਲ ਚੁੱਕਦਿਆਂ ਰਾਜੋਆਣਾ ਨੇ ਕਿਹਾ ਕਿ ਤਿੰਨ ਦਹਾਕਿਆਂ ਤੋਂ ਨਜ਼ਰਬੰਦ ਇੱਕ ਇਕੱਲੇ ਕੈਦੀ ਨਾਲ ਪ੍ਰਮਾਣੂ ਸ਼ਕਤੀ ਸੰਪੰਨ ਦੇਸ਼ ਦੀ ਸੁਰੱਖਿਆ ਕਿਵੇਂ ਖ਼ਤਰੇ ਵਿੱਚ ਪੈ ਸਕਦੀ ਹੈ? ਉਨ੍ਹਾਂ ਦੋਸ਼ ਲਾਇਆ ਕਿ ਫ਼ੈਸਲੇ ਨੂੰ ਬਿਨਾਂ ਕਾਰਨ ਲਟਕਾਉਣਾ ਮੌਤ ਨਾਲੋਂ ਵੀ ਵੱਡੀ ਸਜ਼ਾ ਹੈ। ਉਨ੍ਹਾਂ ਪੰਜਾਬ ਅੰਦਰ ਏਜੰਸੀਆਂ ਦੀ ਕਾਰਗੁਜ਼ਾਰੀ ਅਤੇ ਰਾਜਸੀ ਖੇਡਾਂ 'ਤੇ ਵੀ ਸਖ਼ਤ ਨਿਸ਼ਾਨੇ ਵਿੰਨ੍ਹੇ।

ਅਖ਼ੀਰ ਵਿੱਚ ਰਾਜੋਆਣਾ ਨੇ ਪ੍ਰਧਾਨ ਮੰਤਰੀ ਨੂੰ ਚੇਤੇ ਕਰਵਾਇਆ ਕਿ ਜੇਕਰ ਸਰਕਾਰ ਉਨ੍ਹਾਂ ਨੂੰ ਫਾਂਸੀ ਦੇ ਕੇ ਆਪਣੀ ਕੋਈ ਤਸੱਲੀ ਕਰਨਾ ਚਾਹੁੰਦੀ ਹੈ ਤਾਂ ਬੇਸ਼ੱਕ ਕਰੇ, ਪਰ ਇਸ ਲੰਮੇ ਸਮੇਂ ਤੋਂ ਲਟਕ ਰਹੇ ਮਾਮਲੇ 'ਤੇ ਸਰਕਾਰ ਬਿਨਾਂ ਕਿਸੇ ਹੋਰ ਦੇਰੀ ਤੋਂ ਤੁਰੰਤ ਅੰਤਿਮ ਫ਼ੈਸਲਾ ਸੁਣਾਏ।

# 1.46 ਲੱਖ ਰੁਪਏ ਦੀ ਕੀਮਤ ਵਾਲੀ 'ਗੋਲਡਨ ਟੈਂਪਲ' ਬਾਰੇ ਕਿਤਾਬ ਜਾਰੀ

## ਕਿਤਾਬ ਦੀ ਕੀਮਤ ਘਟਾਈ ਜਾਵੇ: ਤਰਨਜੀਤ ਸਿੰਘ ਸੰਧੂ

ਚੰਡੀਗੜ੍ਹ/ਏ.ਟੀ.ਨਿਊਜ਼ : ਦਿੱਲੀ ਦੇ ਉਪ-ਰਾਜਪਾਲ ਤਰਨਜੀਤ ਸਿੰਘ ਸੰਧੂ ਨੇ ਪਿਛਲੇ ਦਿਨੀਂ ਸ੍ਰੀ ਹਰਿਮੰਦਰ ਸਾਹਿਬ (ਗੋਲਡਨ ਟੈਂਪਲ) ਬਾਰੇ ਤਸਵੀਰਾਂ ਵਾਲੀ ਇੱਕ ਵਿਸਤ੍ਰਿਤ ਕਿਤਾਬ ਜਾਰੀ ਕੀਤੀ। ਇਸ ਕਿਤਾਬ ਨੂੰ ਮਸ਼ਹੂਰ ਫੋਟੋਗ੍ਰਾਫਰ ਤਰੁਣ ਚੋਪੜਾ ਨੇ ਤਿਆਰ ਕੀਤਾ ਹੈ, ਜਿਨ੍ਹਾਂ ਨੇ ਇਸ ਪ੍ਰੋਜੈਕਟ 'ਤੇ ਕਈ ਸਾਲ ਕੰਮ ਕੀਤਾ।

ਸ੍ਰੀ ਹਰਿਮੰਦਰ ਸਾਹਿਬ ਨਾਲ ਡੂੰਘਾ ਭਾਵਨਾਤਮਕ ਲਗਾਓ ਰੱਖਣ ਵਾਲੇ ਸੰਧੂ ਨੇ 'ਸਪੀਕਿੰਗ ਟਾਈਗਰ' (ਪ੍ਰਕਾਸ਼ਕ) ਦੇ ਇਸ ਪ੍ਰੋਜੈਕਟ ਦੀ ਸ਼ਲਾਘਾ ਕੀਤੀ, ਪਰ ਨਾਲ ਹੀ ਇਹ ਵੀ ਕਿਹਾ ਕਿ ਇਸ 'ਲਿਮਿਟੇਡ-ਐਡੀਸ਼ਨ' (ਸੀਮਤ ਗਿਣਤੀ ਵਾਲੀ) ਕਿਤਾਬ ਦੀ ਕੀਮਤ ਘਟਾਈ ਜਾਣੀ ਚਾਹੀਦੀ ਹੈ ਤਾਂ ਜੋ ਆਮ ਲੋਕ ਵੀ ਇਸ ਤੱਕ ਪਹੁੰਚ ਸਕਣ।

ਇਸ ਕਿਤਾਬ ਦੀ ਕੀਮਤ 1.46 ਲੱਖ ਰੁਪਏ ਪ੍ਰਤੀ ਕਾਪੀ ਹੈ ਅਤੇ ਇਸ ਦੀਆਂ 1,000 ਸੀਮਤ-ਐਡੀਸ਼ਨ ਕਾਪੀਆਂ ਉਪਲਬਧ ਹਨ।

ਲੋਕਾਂ ਨਾਲ ਖਚਾਖਚ ਭਰੇ ਹਾਲ ਵਿੱਚ ਸੰਧੂ ਨੇ ਕਿਹਾ, 'ਇਹ ਇੱਕ ਬਹੁਤ ਵਧੀਆ ਕਿਤਾਬ ਹੈ ਜੋ ਸ੍ਰੀ ਹਰਿਮੰਦਰ ਸਾਹਿਬ ਨੂੰ ਲੋਕਾਂ ਦੇ ਹੋਰ




ਨੇੜੇ ਲਿਆਉਂਦੀ ਹੈ, ਪਰ ਪ੍ਰਕਾਸ਼ਕਾਂ ਅਤੇ ਲੇਖਕ ਨੂੰ ਮੇਰਾ ਸੁਝਾਅ ਹੈ ਕਿ ਇਸ ਦੀ ਕੀਮਤ ਘਟਾਈ ਜਾਵੇ।

ਚੋਪੜਾ ਨੇ ਇਸ ਮਿਹਨਤ-ਭਰੇ ਪ੍ਰੋਜੈਕਟ ਦੀਆਂ ਬਾਰੀਕੀਆਂ ਦਾ ਹਵਾਲਾ ਦਿੰਦੇ ਹੋਏ ਇਸ ਕੀਮਤ ਨੂੰ ਜਾਇਜ਼ ਠਹਿਰਾਇਆ। ਇਸ ਪ੍ਰੋਜੈਕਟ ਨੂੰ ਪੂਰਾ ਕਰਨ ਵਿੱਚ ਉਨ੍ਹਾਂ ਨੂੰ ਕਈ ਸਾਲ ਲੱਗੇ ਅਤੇ ਇਸ ਦੌਰਾਨ ਉਨ੍ਹਾਂ ਨੂੰ ਦਿਨ ਦੇ ਹਰ ਪਹਿਰ ਸ੍ਰੀ ਹਰਿਮੰਦਰ ਸਾਹਿਬ ਦੀਆਂ ਤਸਵੀਰਾਂ ਖਿੱਚਣ ਦਾ ਮੌਕਾ ਮਿਲਿਆ।

ਇਸ ਤੋਂ ਪਹਿਲਾਂ, ਸੰਧੂ ਨੇ ਦੱਸਿਆ ਕਿ ਉਨ੍ਹਾਂ ਦੇ ਦਾਦਾ, ਤੇਜਾ ਸਿੰਘ ਸਮੁੰਦਰੀ, ਇੱਕੋ-ਇੱਕ ਅਜਿਹੇ ਆਮ ਸਿੱਖ ਹਨ ਜਿਨ੍ਹਾਂ ਦੀ ਯਾਦ ਵਿੱਚ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਵਿੱਚ ਐਸ.ਜੀ.ਪੀ.ਸੀ. ਦਾ ਇੱਕ ਹਾਲ ਸਮਰਪਿਤ ਕੀਤਾ ਗਿਆ ਹੈ।

ਦਰਬਾਰ ਸਾਹਿਬ, ਜਿਸ ਨੂੰ ਆਮ ਤੌਰ 'ਤੇ 'ਗੋਲਡਨ ਟੈਂਪਲ' ਵਜੋਂ ਜਾਣਿਆ ਜਾਂਦਾ ਹੈ ਅਤੇ ਇਸ ਦਾ ਪਵਿੱਤਰ ਸਰੋਵਰ ਭਾਰਤ ਅਤੇ ਵਿਦੇਸ਼ਾਂ ਵਿੱਚ ਸ਼ਰਧਾਲੂਆਂ ਲਈ ਪ੍ਰੇਰਨਾ ਦਾ ਸਰੋਤ ਬਣੇ ਹੋਏ ਹਨ।

1604 ਵਿੱਚ ਗੁਰੂ ਅਰਜਨ ਦੇਵ ਜੀ ਦੁਆਰਾ ਸੰਕਲਿਤ ਪਵਿੱਤਰ ਗ੍ਰੰਥ ਦੀ ਸਥਾਪਨਾ ਦੇ ਨਾਲ, ਦਰਬਾਰ ਸਾਹਿਬ ਭਾਰਤ ਅਤੇ ਵਿਦੇਸ਼ਾਂ ਵਿੱਚ ਸਿੱਖਾਂ ਲਈ ਅਧਿਆਤਮਿਕ ਕੇਂਦਰ ਬਣਿਆ ਹੋਇਆ ਹੈ।

ਕਿਤਾਬ ਬਾਰੇ ਜਾਣਕਾਰੀ ਦਿੰਦਿਆਂ, ਸੰਧੂ ਨੇ ਸ੍ਰੀ ਦਰਬਾਰ ਸਾਹਿਬ (ਗੁਰਦੁਆਰਾ ਸਾਹਿਬ) ਦੇ ਚਾਰ ਦਰਵਾਜ਼ਿਆਂ ਦੇ ਪ੍ਰਤੀਕਾਤਮਕ ਅਰਥਾਂ ਬਾਰੇ ਗੱਲ ਕੀਤੀ।

ਦਿੱਲੀ ਦੇ ਉਪ ਰਾਜਪਾਲ ਨੇ ਕਿਹਾ, 'ਇਹ ਦਰਸਾਉਂਦਾ ਹੈ ਕਿ ਅਧਿਆਤਮਿਕਤਾ ਅਤੇ ਸੱਚੀ ਦੈਵੀ ਸ਼ਕਤੀ ਜਾਤ, ਨਸਲ ਜਾਂ ਧਰਮ ਦੇ ਭੇਦਭਾਵ ਤੋਂ ਬਿਨਾਂ ਸਾਰਿਆਂ ਲਈ ਬਰਾਬਰ ਹੈ।' ਉਨ੍ਹਾਂ ਨੇ ਸਿੱਖਾਂ ਦੇ ਬਰਾਬਰੀ ਅਤੇ 'ਸਰਬੱਤ ਦਾ ਭਲਾ' (ਸਾਰਿਆਂ ਦੀ ਭਲਾਈ) ਦੇ ਸਿਧਾਂਤ 'ਤੇ ਜ਼ੋਰ ਦਿੱਤਾ।

## ਸ੍ਰੀ ਗੁਰੂ ਨਾਨਕ ਦੇਵ ਜੀ ਦੇ 539ਵੇਂ ਵਿਆਹ ਪੁਰਬ ਸਮਾਗਮ ਦੌਰਾਨ ਨਗਰ ਕੀਰਤਨ ਸਜਾਇਆ



ਬਟਾਲਾ/ਏ.ਟੀ.ਨਿਊਜ਼: ਗੁਰੂ ਨਾਨਕ ਦੇਵ ਜੀ ਦਾ 539ਵਾਂ ਵਿਆਹ ਪੁਰਬ ਸਮਾਗਮ ਸੰਗਤਾਂ ਵੱਲੋਂ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਸਮਾਗਮ ਦੇ ਅੰਤਿਮ ਦਿਨ ਇਤਿਹਾਸਕ ਗੁਰਦੁਆਰਾ ਡੇਹਰਾ ਸਾਹਿਬ ਤੋਂ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ। ਗੁਰੂ ਗ੍ਰੰਥ ਸਾਹਿਬ ਦੀ ਛਤਰ ਛਾਇਆ ਅਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਸਜਾਏ ਨਗਰ ਕੀਰਤਨ ਵਿੱਚ ਸਭ ਧਰਮਾਂ ਦੇ ਲੋਕਾਂ ਨੇ ਸ਼ਰਧਾ ਭਾਵਨਾ ਨਾਲ ਸ਼ਿਰਕਤ ਕੀਤੀ। ਇਸੇ ਤਰ੍ਹਾਂ ਇਤਿਹਾਸਕ ਗੁਰਦੁਆਰਾ ਕੰਧ ਸਾਹਿਬ, ਗੁਰਦੁਆਰਾ ਡੇਹਰਾ ਸਾਹਿਬ, ਗੁਰਦੁਆਰਾ ਸਤਿਕਰਤਾਰੀਆ ਸਾਹਿਬ ਵਿਖੇ ਲੱਖਾਂ ਦੀ ਤਾਦਾਦ 'ਚ ਸੰਗਤਾਂ ਨਤਮਸਤਕ ਹੋਈਆਂ। ਇਸ ਤੋਂ ਪਹਿਲਾਂ ਗੁਰਦੁਆਰਾ ਕੰਧ ਸਾਹਿਬ, ਗੁਰਦੁਆਰਾ ਡੇਹਰਾ ਸਾਹਿਬ ਅਤੇ ਗੁਰਦੁਆਰਾ ਸਤਿਕਰਤਾਰੀਆ 'ਚ ਅਖੰਡ ਪਾਠ ਦੇ ਭੋਗ ਪਾਏ ਗਏ। ਅੱਜ ਵਿਸ਼ਾਲ ਨਗਰ ਕੀਰਤਨ ਮੌਕੇ ਨੇੜਲੇ ਪਿੰਡਾਂ, ਕਸਬਿਆਂ ਤੋਂ ਇਲਾਵਾ ਦੇਸ਼ਾਂ-ਵਿਦੇਸ਼ਾਂ ਤੋਂ ਸੰਗਤਾਂ ਪੁੱਜੀਆਂ। ਨਗਰ ਕੀਰਤਨ ਵਿੱਚ ਧਾਰਮਿਕ ਸ਼ਖ਼ਸੀਅਤਾਂ, ਰਾਜਸੀ ਆਗੂ, ਸਮਾਜ ਸੇਵੀ ਜਥੇਬੰਦੀਆਂ ਦੇ ਆਗੂਆਂ ਨੇ ਸ਼ਿਰਕਤ ਕੀਤੀ। ਇਸ ਮੌਕੇ ਗਤਕਾ ਪਾਰਟੀਆਂ ਨੇ ਹੈਰਾਨੀਜਨਕ ਕਰਤੱਬ ਕਰਕੇ ਸੰਗਤਾਂ ਨੂੰ ਜਿੱਥੇ ਹੈਰਾਨ ਕੀਤਾ, ਉਥੇ ਬੈਂਡ ਪਾਰਟੀਆਂ ਨੇ ਵੀ ਸੰਗਤਾਂ ਦਾ ਧਿਆਨ ਖਿੱਚਿਆ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

## ਸੰਪਾਦਕੀ

# ਜਮਹੂਰੀਅਤ ’ਚ ਪ੍ਰਚੱਲਿਤ ਨਵੀਂ ‘ਸਿਆਸੀ ਥੈਰੇਪੀ’

ਆਂਡੇ ਅਤੇ ਟਮਾਟਰ ਹੁਣ ਖਾਣੇ ਦੀ ਮੇਜ਼ ਤੋਂ ਨਿਕਲ ਕੇ ਸਿਆਸੀ ਵਿਵਾਦਾਂ ਦਾ ਹਿੱਸਾ ਬਣ ਗਏ ਹਨ। ਪੱਛਮੀ ਬੰਗਾਲ ਤੋਂ ਸ਼ੁਰੂ ਹੋਈ ਆਂਡਿਆਂ ਦੀ ਸਿਆਸਤ ਹੁਣ ਪੰਜਾਬ ਵਿੱਚ ਵੀ ਪਹੁੰਚ ਗਈ ਹੈ, ਇਸ ਦਾ ਮਤਲਬ ਇਹ ਨਿਕਲਦਾ ਹੈ ਕਿ ਆਂਡੇ ਅਤੇ ਟਮਾਟਰਾਂ ਨੂੰ ਵੱਖ-ਵੱਖ ਸੂਬਿਆਂ ਦੀਆਂ ਸਰਹੱਦਾਂ ਦੀ ਵੀ ਪਰਵਾਹ ਨਹੀਂ ਹੈ। ਸਾਬਕਾ ਰੇਲ ਰਾਜ ਮੰਤਰੀ ਅਤੇ ਭਾਜਪਾ ਦੇ ਆਗੂ ਰਵਨੀਤ ਸਿੰਘ ਬਿੱਟੂ ਨੇ ਦੋਸ਼ ਲਗਾਇਆ ਹੈ ਕਿ ਲੰਘੇ ਦਿਨੀਂ ਭਾਜਪਾ ਦੀ ‘ਨਸ਼ਾ ਮੁਕਤ ਪੰਜਾਬ’ ਯਾਤਰਾ ’ਚ ਹਿੱਸਾ ਲੈਣ ਜਾਂਦਿਆਂ ਉਨ੍ਹਾਂ ’ਤੇ ਬਟਾਲਾ ਨੇੜੇ ਅੰਮ੍ਰਿਤਸਰ-ਗੁਰਦਾਸਪੁਰ ਕੌਮੀ ਮਾਰਗ ’ਤੇ ਆਂਡਿਆਂ ਅਤੇ ਟਮਾਟਰਾਂ ਨੂੰ ਸੁੱਟਿਆ ਗਿਆ। ਰਵਨੀਤ ਸਿੰਘ ਬਿੱਟੂ ਨੇ ਸਪਸ਼ਟ ਦੋਸ਼ ਲਗਾਇਆ ਕਿ ਉਹਨਾਂ ਦੇ ਕਾਫ਼ਲੇ ’ਤੇ ਆਮ ਆਦਮੀ ਪਾਰਟੀ ਦੇ ਵਰਕਰਾਂ ਵੱਲੋਂ ਆਂਡੇ ਅਤੇ ਟਮਾਟਰ ਸੁੱਟੇ ਗਏ। ਇਸ ਤੋਂ ਬਾਅਦ ਰਵਨੀਤ ਬਿੱਟੂ ਵੱਲੋਂ ਇਸ ਘਟਨਾ ਦਾ ਬਦਲਾ ਲੈਣ ਲਈ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਕਾਫ਼ਲੇ ’ਤੇ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਮੁੱਖ ਗੇਟ ਨੇੜੇ ਸ਼ਰਾਬ ਦੀ ਬੋਤਲ, ਆਂਡੇ ਅਤੇ ਟਮਾਟਰ ਸੁੱਟੇ ਗਏ। ਇਸ ਤਰ੍ਹਾਂ ਆਂਡੇ ਅਤੇ ਟਮਾਟਰ ਪੰਜਾਬ ਦੀ ਸਿਆਸਤ ਵਿੱਚ ਦਾਖ਼ਲ ਹੋ ਗਏ।

ਆਂਡਿਆਂ ਅਤੇ ਟਮਾਟਰਾਂ ਦੀ ਸਿਆਸਤ ਪੱਛਮੀ ਬੰਗਾਲ ਤੋਂ ਸ਼ੁਰੂ ਹੋਈ ਮੰਨੀ ਜਾਂਦੀ ਹੈ। ਪੱਛਮੀ ਬੰਗਾਲ ਵਿੱਚ ਤ੍ਰਿਣਮੂਲ ਕਾਂਗਰਸ ਦੀ ਸੰਸਦ ਮੈਂਬਰ ਮਹੂਆ ਮੋਇਤਰਾ ਨੇ ਕੁਝ ਦਿਨ ਪਹਿਲਾਂ ਦੋਸ਼ ਲਗਾਇਆ ਸੀ ਕਿ ਭਾਜਪਾ ਵਰਕਰਾਂ ਨੇ ਉਨ੍ਹਾਂ ’ਤੇ ਆਂਡੇ ਸੁੱਟੇ ਸਨ। ਤ੍ਰਿਣਮੂਲ ਕਾਂਗਰਸ ਦੀ ਸੰਸਦ ਮੈਂਬਰ ਮਹੂਆ ਮੋਇਤਰਾ ਦੀ ਇੱਕ ਵੀਡੀਓ ਸੋਸ਼ਲ ਮੀਡੀਆ ’ਤੇ ਖ਼ੂਬ ਵਾਇਰਲ ਹੋਈ, ਜਿਸ ਵਿੱਚ ਉਹ ਆਪਣੇ ਲੋਕ ਸਭਾ ਹਲਕੇ ਵਿੱਚ ਗੱਡੀ ’ਚ ਬੈਠ ਕੇ ਇੱਕ ਵੀਡੀਓ ਬਣਾ ਰਹੀ ਹੈ ਤੇ ਉਸ ਦੇ ਮੂੰਹ, ਸਿਰ ਅਤੇ ਵਾਲਾਂ ’ਤੇ ਆਂਡੇ ਦੀ ਜ਼ਰਦੀ ਪਈ ਨਜ਼ਰ ਆ ਰਹੀ ਹੈ। ਵਾਲਾਂ ਵਿੱਚ ਆਂਡਿਆਂ ਦੇ ਛਿਲਕੇ ਫਸੇ ਵੀ ਨਜ਼ਰ ਆ ਰਹੇ ਹਨ। ਭੁਲੇਖਾ ਨਾ ਖਾਓ! ਉਸ ਦੇ ਚਿਹਰੇ ’ਤੇ ਦਿਸਦੀ ਆਂਡੇ ਦੀ ਸਫ਼ੈਦੀ ਉਸ ਦੀ ਕਿਸੇ ਸਕਿਨ ਕੇਅਰ ਜਾਂ ਫੇਸ਼ੀਅਲ ਥੈਰੇਪੀ ਦਾ ਹਿੱਸਾ ਨਹੀਂ ਸਗੋਂ ਇਹ ਤਾਂ ਅੱਜ-ਕੱਲ੍ਹ ਦੇਸ਼ ਦੀ ਜਮਹੂਰੀਅਤ ’ਚ ਪ੍ਰਚੱਲਿਤ ਨਵੀਂ ‘ਸਿਆਸੀ ਥੈਰੇਪੀ’ ਹੈ। ਦਿਲਚਸਪ ਗੱਲ ਇਹ ਹੈ ਕਿ ਪੱਛਮੀ ਬੰਗਾਲ ਵਿੱਚ ਭਾਜਪਾ ’ਤੇ ਆਂਡੇ ਸੁੱਟਣ ਦੇ ਦੋਸ਼ ਲੱਗੇ ਹਨ ਜਦੋਂ ਕਿ ਪੰਜਾਬ ਵਿੱਚ ਭਾਜਪਾ ਖੁਦ ਅਜਿਹੇ ਦੋਸ਼ ਆਮ ਆਦਮੀ ਪਾਰਟੀ ’ਤੇ ਲਗਾ ਰਹੀ ਹੈ। ਦੋਵੇਂ ਘਟਨਾਵਾਂ ਦੀ ਡੂੰਘਾਈ ਨਾਲ ਜਾਂਚ ਕੀਤੀ ਜਾਣੀ ਚਾਹੀਦੀ ਹੈ ਤਾਂ ਕਿ ਅਸਲੀਅਤ ਸਾਹਮਣੇ ਆ ਸਕੇ। ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਕੀ ਆਮ ਲੋਕਾਂ ਨੇ ਵੋਟਾਂ ਪਾ ਕੇ ਸਿਆਸੀ ਆਗੂਆਂ ਦੀ ਚੋਣ ਸਿਰਫ਼ ਆਂਡਿਆਂ ਦੀ ਖੇਡ ਖੇਡਣ ਲਈ ਕੀਤੀ ਸੀ।

ਭਾਰਤ ਵਿੱਚ ਦੁਨੀਆਂ ਦਾ ਸਭ ਤੋਂ ਵੱਡਾ ਲੋਕਤੰਤਰ ਸਥਾਪਿਤ ਹੈ ਅਤੇ ਲੋਕਤੰਤਰ ਵਿੱਚ ਸਿਆਸੀ ਆਗੂਆਂ ਵੱਲੋਂ ਸੱਤਾਧਾਰੀ ਪਾਰਟੀ ਦਾ ਵਿਰੋਧ ਕਰਨਾ ਲੋਕਤੰਤਰੀ ਪ੍ਰਣਾਲੀ ਦਾ ਹੀ ਹਿੱਸਾ ਹੁੰਦਾ ਹੈ ਪਰ ਆਂਡੇ, ਟਮਾਟਰ ਅਤੇ ਪੱਥਰ ਸੁੱਟਣ ਵਰਗੀਆਂ ਘਟਨਾਵਾਂ ਸੁਰੱਖਿਆ ਅਤੇ ਕਾਨੂੰਨ ਵਿਵਸਥਾ ਦੇ ਸਵਾਲ ਖੜੇ ਕਰਦੀਆਂ ਹਨ। ਕੀ ਹੁਣ ਸਿਆਸੀ ਆਗੂਆਂ ਦਾ ਕਿਰਦਾਰ ਏਨਾ ਗਿਰ ਗਿਆ ਹੈ ਕਿ ਉਹ ਆਂਡੇ ਤੇ ਟਮਾਟਰ ਵਰਗੀਆਂ ਘਟਨਾਵਾਂ ਨੂੰ ਅੰਜਾਮ ਦੇਣ ਲੱਗੇ ਹਨ। ਆਂਡੇ ਅਤੇ ਟਮਾਟਰ ਭਾਵੇਂ ਕਿਸੇ ਵੀ ਪਾਰਟੀ ਦੇ ਵਰਕਰਾਂ ਵੱਲੋਂ ਕਿਸੇ ਵੀ ਆਗੂ ’ਤੇ ਸੁੱਟੇ ਜਾਣ, ਇਸ ਨੂੰ ਮੰਦਭਾਗਾ ਹੀ ਕਿਹਾ ਜਾ ਸਕਦਾ ਹੈ। ਵਿਰੋਧੀ ਸਿਆਸੀ ਆਗੂਆਂ ’ਤੇ ਆਂਡੇ ਤੇ ਟਮਾਟਰ ਸੁੱਟਣਾ ਸਿਆਸਤ ਦਾ ਮਾੜਾ ਰੁਝਾਨ ਹੈ। ਪੰਜਾਬ ਵਿੱਚ ਇਸ ਰੁਝਾਨ ਦੀ ਸ਼ੁਰੂਆਤ ਰਵਨੀਤ ਸਿੰਘ ਬਿੱਟੂ ’ਤੇ ਆਂਡੇ ਤੇ ਟਮਾਟਰ ਸੁੱਟਣ ਤੋਂ ਮੰਨੀ ਜਾ ਰਹੀ ਹੈ। ਇਹ ਵੀ ਜਾਂਚ ਦਾ ਵਿਸ਼ਾ ਹੈ ਕਿ ਰਵਨੀਤ ਬਿੱਟੂ ’ਤੇ ਆਂਡੇ ਅਤੇ ਟਮਾਟਰ ਕਿਸ ਨੇ ਸੁੱਟੇ ? ਦੂਜੇ ਪਾਸੇ ਰਵਨੀਟ ਬਿੱਟੂ ਨੇ ਮੀਡੀਆ ਸਾਹਮਣੇ ਖੁਦ ਸ਼ਰਾਬ ਦੀ ਬੋਤਲ, ਆਂਡੇ ਅਤੇ ਟਮਾਟਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਗੱਡੀ ’ਤੇ ਸੁੱਟੇ। ਰਵਨੀਤ ਬਿੱਟੂ ਸੀਨੀਅਰ ਰਾਜਸੀ ਆਗੂ ਹਨ ਅਤੇ ਸਿਆਸਤ ਦਾ ਉਨ੍ਹਾਂ ਨੂੰ ਲੰਬਾ ਤਜਰਬਾ ਹੈ, ਇਸ ਲਈ ਉਹ ਜੋ ਵੀ ਕੰਮ ਕਰਦੇ ਹਨ, ਉਹ ਸੋਚ ਸਮਝ ਕੇ ਹੀ ਕਰਦੇ ਹੋਣਗੇ। ਜਦੋਂ ਰਵਨੀਤ ਬਿੱਟੂ ’ਤੇ ਆਂਡੇ ਤੇ ਟਮਾਟਰ ਸੁੱਟੇ ਗਏ ਸਨ ਤਾਂ ਉਨ੍ਹਾਂ ਨੇ ਕਿਹਾ ਸੀ ਕਿ ਉਹ ਇਸ ਮਾਮਲੇ ਨੂੰ ਸੁਪਰੀਮ ਕੋਰਟ ਤੱਕ ਲੈ ਕੇ ਜਾਣਗੇ ਪਰ ਅਗਲੇ ਦਿਨ ਹੀ ਉਨ੍ਹਾਂ ਨੇ ਸੁਪਰੀਮ ਕੋਰਟ ਵਿੱਚ ਜਾਣ ਦੀ ਥਾਂ ਖੁਦ ਹੀ ਮੁੱਖ ਮੰਤਰੀ ’ਤੇ ਆਂਡੇ ਤੇ ਟਮਾਟਰ ਸੁੱਟਣ ਦੀ ਘਟਨਾ ਨੂੰ ਅੰਜਾਮ ਦੇ ਦਿੱਤਾ।

ਪੱਛਮੀ ਬੰਗਾਲ ਅਤੇ ਪੰਜਾਬ ਦੇ ਗ਼ਰੀਬਾਂ ਕੋਲ ਤਾਂ ਏਨੀ ਪੁੱਜਤ ਵੀ ਨਹੀਂ ਕਿ ਉਹ ਆਪਣੇ ਬੱਚਿਆਂ ਨੂੰ ਮਹਿੰਗੇ ਭਾਅ ਮਿਲਦੇ ਆਂਡੇ ਖੁਆ ਸਕਣ ਅਤੇ ਓਧਰ ਸਰਦੇ ਪੁੱਜਦੇ ਸਿਆਸਤਦਾਨਾਂ ’ਤੇ ਅੰਨ੍ਹੇਵਾਹ ਆਂਡਿਆਂ ਦਾ ਮੀਂਹ ਵਰ੍ਹਾਇਆ ਜਾ ਰਿਹਾ ਹੈ। ਸਿਆਸੀ ਨੇਤਾਵਾਂ ’ਤੇ ਆਂਡੇ ਸੁੱਟਣ ਦੀ ਥਾਂ ਇਹ ਆਂਡੇ ਤੇ ਟਮਾਟਰ ਗਰੀਬਾਂ ਵਿੱਚ ਵੀ ਵੰਡੇ ਜਾ ਸਕਦੇ ਸਨ ਤਾਂ ਕਿ ਉਹ ਵੀ ਆਪਣੀ ਅਤੇ ਆਪਣੇ ਬੱਚਿਆਂ ਦੇ ਪੇਟ ਦੀ ਅੱਗ ਬੁਝਾ ਸਕਣ ਪਰ ਸਿਆਸੀ ਆਗੂਆਂ ਨੂੰ ਗਰੀਬਾਂ ਦੀ ਭੁੱਖ ਦਿਖਾਈ ਨਹੀਂ ਦਿੰਦੀ ਅਤੇ ਉਹ ਹੁਣ ਇੱਕ ਦੂਜੇ ’ਤੇ ਆਂਡੇ ਸੁੱਟਣ ਦੀ ਸਿਆਸਤ ਵਿੱਚ ਸ਼ਾਮਲ ਹੋ ਰਹੇ ਹਨ।

ਸਿਆਸਤ ਵਿੱਚ ਵਿਰੋਧੀ ਆਗੂਆਂ ਵੱਲੋਂ ਇੱਕ ਦੂਜੇ ’ਤੇ ਆਂਡੇ ਸੁੱਟਣ ਦੇ ਨਵੇਂ ਪ੍ਰਚਲਿਤ ਹੋਏ ਰੁਝਾਨ ਦੀ ਜਿੰਨੀ ਨਿਖੇਧੀ ਕੀਤੀ ਜਾਵੇ, ਉਹ ਘੱਟ ਹੈ। ਸਿਆਸੀ ਆਗੂਆਂ ਨੂੰ ਲੋਕਤੰਤਰ ਦੀ ਮਰਿਆਦਾ ਦਾ ਖ਼ਿਆਲ ਰੱਖਣਾ ਚਾਹੀਦਾ ਹੈ ਅਤੇ ਇੱਕ ਦੂਜੇ ’ਤੇ ਆਂਡੇ ਤੇ ਟਮਾਟਰ ਸੁੱਟੇ ਜਾਣ ਦੀ ਥਾਂ ਲੋਕਤੰਤਰੀ ਤਰੀਕਿਆਂ ਨਾਲ ਆਪਣਾ ਵਿਰੋਧ ਪ੍ਰਗਟਾਉਣਾ ਚਾਹੀਦਾ ਹੈ।

# ਪੰਜਾਬ ਦੀ ਸੱਤਾ ਅਤੇ ਮੁੱਦੇ

ਡਾ. ਕੇਸਰ ਸਿੰਘ ਭੰਗੂ



ਪੰਜਾਬ ’ਚ ਪਿਛਲੇ 25 ਸਾਲਾਂ ਤੋਂ ਵੱਖ-ਵੱਖ ਰਾਜਨੀਤਿਕ ਪਾਰਟੀਆਂ ਦੀਆਂ ਸਰਕਾਰਾਂ ਬਣਦੀਆਂ ਰਹੀਆਂ ਹਨ ਪਰ ਸੂਬੇ ਦੀਆਂ ਬੁਨਿਆਦੀ ਸਮੱਸਿਆਵਾਂ, ਸਰਕਾਰੀ ਕਰਜ਼ਾ, ਖੇਤੀ ਸੰਕਟ, ਬੇਰੁਜ਼ਗਾਰੀ ਖ਼ਾਸਕਰ ਨੌਜਵਾਨਾਂ ਦੀ, ਨਸ਼ਿਆਂ ਦੀ ਸਮੱਸਿਆ, ਉਦਯੋਗਾਂ ਦੀ ਕਮਜ਼ੋਰੀ ਤੇ ਸਰਕਾਰੀ ਖ਼ਜ਼ਾਨੇ ’ਤੇ ਸਬਸਿਡੀਆਂ ਤੇ ਮੁਫ਼ਤ ਸਹੂਲਤਾਂ ਦਾ ਵਧਦਾ ਬੋਝ, ਅੱਜ ਵੀ ਸੂਬੇ ਦੀਆਂ ਮੁੱਖ ਸਮੱਸਿਆਵਾਂ ਬਣੀਆਂ ਹੋਈਆਂ ਹਨ।

ਸਾਲ 2002 ਤੋਂ 2007 ਤੱਕ ਪੰਜਾਬ ’ਚ ਕਾਂਗਰਸ ਦੀ ਸਰਕਾਰ ਰਹੀ। ਇਸ ਸਰਕਾਰ ਦੀ ਕਾਰਗੁਜ਼ਾਰੀ ਨੂੰ ਮਿਲੀ-ਜੁਲੀ ਮੰਨਿਆ ਜਾਂਦਾ ਹੈ। ਸਰਕਾਰ ਨੇ ਪੰਜਾਬ ਦੀ ਆਰਥਿਕ ਸਥਿਤੀ ਸੁਧਾਰਨ, ਉਦਯੋਗ ਅਤੇ ਨਿਵੇਸ਼ ਨੂੰ ਉਤਸ਼ਾਹਿਤ ਕਰਨ ਤੇ ਬੁਨਿਆਦੀ ਢਾਂਚੇ ਦੇ ਵਿਕਾਸ ਵੱਲ ਧਿਆਨ ਦਿੱਤਾ। ਸਰਕਾਰੀ ਪ੍ਰਬੰਧ ’ਚ ਪਾਰਦਰਸ਼ਤਾ ਤੇ ਭ੍ਰਿਸ਼ਟਾਚਾਰ ਨੂੰ ਘਟਾਉਣ ਦੇ ਮੁੱਦੇ ਵੀ ਚਰਚਾ ’ਚ ਰਹੇ। ਕਿਸਾਨੀ ਪੰਜਾਬ ਦੀ ਅਰਥਵਿਵਸਥਾ ਦਾ ਮਹੱਤਵਪੂਰਨ ਹਿੱਸਾ ਹੋਣ ਕਰਕੇ ਖੇਤੀਬਾੜੀ ਨਾਲ ਜੁੜੇ ਮਸਲਿਆਂ ਉੱਤੇ ਵੀ ਸਰਕਾਰ ਨੇ ਕਦਮ ਚੁੱਕੇ ਪਰ ਇਸ ਦੇ ਬਾਵਜੂਦ ਸਰਕਾਰ ਦੀ ਕਾਰਗੁਜ਼ਾਰੀ ਵਾਦਿਆ ਮੁਤਾਬਕ ਬਹੁਤੀ ਵਧੀਆ ਨਹੀਂ ਰਹੀ ਕਿਉਂਕਿ ਸਰਕਾਰ, ਬੇਰੁਜ਼ਗਾਰੀ, ਕਿਸਾਨੀ ਸੰਕਟ, ਵਧਦਾ ਸਰਕਾਰੀ ਕਰਜ਼ਾ ਅਤੇ ਬਿਜਲੀ-ਪਾਣੀ ਨਾਲ ਜੁੜੀਆਂ ਸਮੱਸਿਆਵਾਂ ਦਾ ਕੋਈ ਢੁਕਵਾਂ ਅਤੇ ਕਾਰਗਰ ਹੱਲ ਨਹੀਂ ਕਰ ਸਕੀ। ਸਾਲ 2007-17 ਦਾ ਅਕਾਲੀ-ਭਾਜਪਾ ਦੌਰ ਪੰਜਾਬ ਦੇ ਬੁਨਿਆਦੀ ਢਾਂਚੇ ਦੇ ਵਿਕਾਸ ਤੇ ਪਸਾਰ ਲਈ ਯਾਦ ਕੀਤਾ ਜਾ ਸਕਦਾ ਹੈ। ਸੜਕਾਂ, ਫ਼ਲਾਈਓਵਰਾਂ, ਸ਼ਹਿਰੀ ਬੁਨਿਆਦੀ ਢਾਂਚੇ ਤੇ ਬਿਜਲੀ ਉਤਪਾਦਨ ਵਿੱਚ ਨਿਵੇਸ਼ ਹੋਇਆ। ਨਵੇਂ ਪਾਵਰ ਪਲਾਂਟ ਅਤੇ ਸੜਕੀ ਪ੍ਰੋਜੈਕਟ ਉਸ ਸਮੇਂ ਦੀ ਸਰਕਾਰ ਦੇ ਵੱਡੇ ਦਾਅਵਿਆਂ ’ਚ ਰਹੇ। ਇਸ ਦੌਰ ’ਚ ਉਦਯੋਗ ਨੂੰ ਸਸਤੀ ਬਿਜਲੀ ਦੇਣ ਅਤੇ ਬੁਨਿਆਦੀ ਢਾਂਚਾ ਮਜ਼ਬੂਤ ਕਰਨ ਦੀ ਕੋਸ਼ਿਸ਼ ਵੀ ਹੋਈ ਪਰ ਇਸ ਵਿਕਾਸ ਅਤੇ ਪਸਾਰ ਦੀ ਭਾਰੀ ਕੀਮਤ ਵੀ ਚੁਕਾਉਣੀ ਪਈ। ਕਿਉਂਕਿ 2002 ’ਚ ਪੰਜਾਬ ਦਾ ਸਰਕਾਰੀ ਕਰਜ਼ਾ ਲਗਭਗ 36,854 ਕਰੋੜ ਰੁਪਏ ਸੀ, ਜੋ 2007 ਤੱਕ 51,155 ਕਰੋੜ ਹੋਇਆ ਅਤੇ 2017 ਵਿੱਚ ਲਗਭਗ 2.08 ਲੱਖ ਕਰੋੜ ਤੱਕ ਪਹੁੰਚ ਗਿਆ। ਇਹ ਸਿਰਫ਼ ਇੱਕ ਸਰਕਾਰ ਦੀ ਦੇਣ ਨਹੀਂ ਸੀ, ਕਰਜ਼ੇ ਦੀ ਸਮੱਸਿਆ ਦਹਾਕਿਆਂ ਪੁਰਾਣੀ ਹੈ ਪਰ ਅਕਾਲੀ-ਭਾਜਪਾ ਦੌਰ ਨੇ ਇਸ ਨੂੰ ਕਾਬੂ ਕਰਨ ਦੀ ਬਜਾਏ ਵੱਡੇ ਪੱਧਰ ’ਤੇ ਕਰਜ਼ੇ ਨਾਲ ਵਿਕਾਸ ਤੇ ਭਲਾਈ ਨੂੰ ਚਲਾਉਣ ਦਾ ਮਾਡਲ ਅਪਣਾਇਆ।

ਨਸ਼ਿਆਂ ਦੀ ਸਮੱਸਿਆ ਉਸ ਸਮੇਂ ਇੰਨੀ ਵੱਡੀ ਰਾਜਨੀਤਿਕ ਚਰਚਾ ਬਣੀ ਕਿ 2017 ਦੀਆਂ ਚੋਣਾਂ ’ਚ ਇਹ ਮੁੱਖ ਮੁੱਦਿਆਂ ’ਚੋਂ ਇੱਕ ਸੀ। ਇਸ ਦੇ ਨਾਲ ਹੀ ਧਾਰਮਿਕ ਮੁੱਦੇ ਆਰਥਿਕ ਅਤੇ ਰਾਜਨੀਤਕ ਮੁੱਦਿਆਂ ਤੇ ਭਾਰੀ ਰਹੇ ਅਤੇ ਬਹੁਤੇ ਫ਼ੈਸਲੇ ਧਰਮ ਦੀ ਰਾਜਨੀਤੀ ਨੂੰ ਸਾਹਮਣੇ ਰੱਖ ਕੇ ਕੀਤੇ ਜਾਂਦੇ ਰਹੇ ਸਨ ਅਤੇ ਜਿਸ ਕਾਰਨ ਸੱਤਾਧਾਰੀ ਪਾਰਟੀ ਨੂੰ ਖਮਿਆਜ਼ਾ ਵੀ ਭੁਗਤਣਾ ਪਿਆ। ਸਭ ਤੋਂ ਵੱਡਾ ਸਬਕ ਇਹ ਸੀ ਕਿ ਸੜਕਾਂ ਅਤੇ ਇਮਾਰਤਾਂ ਬਣਾਉਣਾ ਕਾਫ਼ੀ ਨਹੀਂ ਹੁੰਦਾ। ਜੇ ਪ੍ਰਸ਼ਾਸਨਿਕ ਭਰੋਸਾ, ਕਾਨੂੰਨ-ਵਿਵਸਥਾ ਅਤੇ ਲੋਕਾਂ ਦੀ ਧਾਰਮਿਕ-ਸਮਾਜਿਕ ਸੰਵੇਦਨਾ ਨਾਲ ਨਜਿੱਠਣ ਦੀ ਸਮਰੱਥਾ ਕਮਜ਼ੋਰ ਹੋ ਜਾਵੇ ਤਾਂ ਬੁਨਿਆਦੀ ਢਾਂਚੇ ਦੀਆਂ ਪ੍ਰਾਪਤੀਆਂ ਵੀ ਸਿਆਸੀ ਪੂੰਜੀ ਨਹੀਂ ਬਚਾ ਸਕਦੀਆਂ। ਇਕ ਵਾਰ ਫ਼ੇਰ ਤੋਂ 2017 ਵਿੱਚ ਕਾਂਗਰਸ ਨੂੰ ਵੱਡਾ ਬਹੁਮੱਤ ਮਿਲਿਆ। ਲੋਕਾਂ ਨੇ ਅਕਾਲੀ-ਭਾਜਪਾ ਸਰਕਾਰ ਖ਼ਿਲਾਫ਼ ਨਾਰਾਜ਼ਗੀ ਜ਼ਾਹਰ ਕਰਦਿਆਂ ਬਦਲਾਅ ਦੀ ਉਮੀਦ ਕੀਤੀ। ਕਿਸਾਨ ਕਰਜ਼ਾ ਮੁਆਫ਼ੀ, ਨਸ਼ਾ ਖ਼ਤਮ ਕਰਨ, ਨੌਜਵਾਨਾਂ ਨੂੰ ਰੁਜ਼ਗਾਰ ਅਤੇ ਉਦਯੋਗ ਨੂੰ ਮੁੜ ਖੜ੍ਹਾ ਕਰਨਾ ਮੁੱਖ ਦੇ ਵਾਅਦੇ ਸਨ। 2017 ’ਚ ਲਗਭਗ 9,500 ਕਰੋੜ ਰੁਪਏ ਦੀ ਯੋਜਨਾ ਦਾ ਐਲਾਨ ਕੀਤਾ ਗਿਆ ਸੀ, ਜਿਸ ਨਾਲ 10.25 ਲੱਖ ਛੋਟੇ ਅਤੇ ਸੀਮਾਂਤ ਕਿਸਾਨਾਂ ਨੂੰ ਲਾਭ ਦੇਣ ਦੀ ਗੱਲ ਸੀ ਪਰ ਵਾਅਦੇ ਅਤੇ ਅਸਲ ਰਾਹਤ ਵਿਚਕਾਰ ਵੱਡਾ ਫ਼ਰਕ ਰਿਹਾ, ਕਿਉਂਕਿ ਇਹ ਕਰਜ਼ਾ ਰਾਹਤ ਸਕੀਮ ਅੱਧ-ਵਿਚਾਲੇ ਦਮ ਤੋੜ ਗਈ ਤੇ ਇਹ ਕਿਸਾਨੀ ਸੰਕਟ ਦਾ ਸਥਾਈ ਹੱਲ ਨਾ ਬਣ ਸਕੀ।

ਕਾਂਗਰਸ ਦੇ ਦੌਰ ’ਚ ਉਦਯੋਗਿਕ ਨਿਵੇਸ਼ ਦੇ ਪ੍ਰਸਤਾਵ ਤੇ ਸਮਝੌਤੇ ਕੁਝ ਹੱਦ ਤੱਕ ਠੀਕ ਰਹੇ। 2021 ਵਿਚ ਸਰਕਾਰ ਨੇ ਦੱਸਿਆ ਸੀ ਕਿ ਪਿਛਲੇ ਚਾਰ ਸਾਲਾਂ ਦੌਰਾਨ 1,779 ਨਿਵੇਸ਼ ਪ੍ਰਸਤਾਵਾਂ ਰਾਹੀਂ 71,551 ਕਰੋੜ ਰੁਪਏ ਦੇ ਨਿਵੇਸ਼ ਦੀ ਸੰਭਾਵਨਾ ਬਣੀ ਤੇ ਲਗਭਗ 2.8 ਲੱਖ ਰੁਜ਼ਗਾਰ ਦੇ ਮੌਕੇ ਪ੍ਰਸਤਾਵਿਤ ਸਨ ਪਰ ਇੱਥੇ ਵੀ ‘ਪ੍ਰਸਤਾਵਿਤ ਨਿਵੇਸ਼’ ਅਤੇ ਜ਼ਮੀਨ ’ਤੇ ਲੱਗੇ ਪ੍ਰੋਜੈਕਟਾਂ ਵਿਚਕਾਰ ਬਹੁਤ ਵੱਡਾ ਪਾੜਾ ਵੇਖਣ ਨੂੰ ਮਿਲਿਆ। ਵਿੱਤੀ ਮੋਰਚੇ ’ਤੇ ਕਾਂਗਰਸ ਨੂੰ ਵੀ ਕੋਈ ਵੱਡਾ ਬਦਲਾਅ ਲਿਆਉਣ ਵਿੱਚ ਸਫ਼ਲਤਾ ਨਹੀਂ ਮਿਲੀ। ਕੈਗ ਦੇ ਅਨੁਸਾਰ 2016-17 ਤੋਂ 2020-21 ਤੱਕ ਪੰਜਾਬ ਦਾ ਬਕਾਇਆ ਸਰਕਾਰੀ ਕਰਜ਼ਾ 1,53,773 ਕਰੋੜ ਤੋਂ ਵਧ ਕੇ 2,15,035 ਕਰੋੜ ਹੋ ਗਿਆ। ਇਸੇ ਦੌਰ ਵਿੱਚ ਸਬਸਿਡੀਆਂ ਰਾਜ ਦੇ ਮਾਲੀ ਘਾਟੇ ’ਤੇ ਵੱਡਾ ਬੋਝ ਬਣੀਆਂ ਰਹੀਆਂ। ਸਾਲ 2022 ਵਿਚ ਆਮ ਆਦਮੀ ਪਾਰਟੀ ਨੂੰ 92 ਸੀਟਾਂ ਦਾ ਭਾਰੀ ਬਹੁਮਤ ਪੰਜਾਬੀ ਵੋਟਰ ਦੀ ਬਦਲਾਅ ਲਈ ਬੇਮਿਸਾਲ ਇੱਛਾ ਦਾ ਪ੍ਰਗਟਾਵਾ ਸੀ। ਜੇਕਰ ਇਸ ਸਰਕਾਰ ਦੀ ਗੱਲ ਕਰੀਏ ਤਾਂ ਕਿਹਾ ਜਾ ਸਕਦਾ ਹੈ ਕਿ ਸਰਕਾਰ ਨੇ ਸ਼ੁਰੂ ਤੋਂ ਹੀ ਤਿੰਨ ਖੇਤਰਾਂ ’ਚ ਆਪਣੀ ਵੱਖਰੀ ਪਛਾਣ ਬਣਾਉਣ ਦੀ ਕੋਸ਼ਿਸ਼ ਕੀਤੀ, ਸਿਹਤ, ਸਿੱਖਿਆ ਅਤੇ ਰੁਜ਼ਗਾਰ। ਮੁਹੱਲਾ ਕਲੀਨਿਕ ‘ਆਪ’ ਸਰਕਾਰ ਦੀ ਸਭ ਤੋਂ ਦਿਖਣਯੋਗ ਨੀਤੀ ਬਣੀ। 2026 ਤੱਕ ਅਜਿਹੇ ਕਲੀਨਿਕਾਂ ਦੀ ਗਿਣਤੀ ਲਗਭਗ 990 ਤੱਕ ਪਹੁੰਚਣ ਦੀ ਰਿਪੋਰਟ ਹੈ ਪਰ ਇਸ ਸਬੰਧੀ ਇਸ ਸਰਕਾਰ ਦਾ ਕੇਂਦਰ ਸਰਕਾਰ ਰੇੜਕਾ ਰਿਹਾ ਹੈ ਕਿਉਂਕਿ ਮੌਜੂਦਾ ਸਰਕਾਰ ਕੇਂਦਰ ਦੀ ਆਇਸ਼ੂਮਨ ਅਰੋਗਿਆ ਮੰਦਰ ਸਕੀਮ ਦੇ ਫ਼ੰਡਾਂ ਨੂੰ ਮੁਹੱਲਾ ਕਲੀਨਿਕਾਂ ਉਪਰ ਖਰਚ ਕਰਨਾ ਚਹੁੰਦੀ ਸੀ ਪਰ ਕੇਂਦਰ ਸਰਕਾਰ ਅਜਿਹਾ ਨਹੀਂ ਹੋਣ ਦਿੱਤਾ। ਸਰਕਾਰੀ ਨੌਕਰੀਆਂ ਦੇ ਮੋਰਚੇ ’ਤੇ ਵੀ ‘ਆਪ’ ਕੋਲ ਦਿਖਾਉਣ ਲਈ ਅੰਕੜੇ ਹਨ। ਸਾਲ 2024 ਤੱਕ ਸਰਕਾਰ ਦੇ ਦਾਵਿਆਂ ਮੁਤਾਬਕ 42,924 ਸਰਕਾਰੀ ਨੌਕਰੀਆਂ ਦਿੱਤੀਆਂ ਜਿਨ੍ਹਾਂ ਵਿੱਚ ਸਿੱਖਿਆ, ਗ੍ਰਹਿ, ਸਥਾਨਕ ਸਰਕਾਰ, ਬਿਜਲੀ ਅਤੇ ਸਿਹਤ ਵਿਭਾਗਾਂ ਦਾ ਵੱਡਾ ਹਿੱਸਾ ਸੀ। ਸਾਲ 2026 ਵਿੱਚ ਸਰਕਾਰ ਵੱਲੋਂ ਇਹ ਗਿਣਤੀ 68,228 ਤੱਕ ਪਹੁੰਚਣ ਦਾ ਦਾਅਵਾ ਕੀਤਾ ਗਿਆ। ਪਰ ਜਦੋਂ ਧਰਾਤਲ ਤੇ ਨਿਗਾਹ ਮਾਰੀ ਜਾਵੇ ਤਾਂ ਪਤਾ ਲੱਗਦਾ ਹੈ ਕਿ ਇਹ ਸਭ ਕੁੱਝ ਸਹੀ ਨਹੀਂ ਹੈ ਕਿਉਂਕਿ ਸੂਬੇ ਵਿੱਚ ਬੇਰੁਜ਼ਗਾਰਾਂ, ਘੱਟ ਤਨਖਾਹਾਂ ਤੇ ਅਤੇ ਠੇਕੇਦਾਰੀ ਸਿਸਟਮ ਤਹਿਤ ਰੱਖੇ ਕਰਮਚਾਰੀ ਹਰ ਰੋਜ਼ ਧਰਨੇ ਮੁਜ਼ਾਹਰੇ ਕਰ ਰਹੇ ਹਨ।

ਉਦਯੋਗਾਂ ’ਚ ਨਿਵੇਸ਼ ਦੇ ਮਾਮਲੇ ਵਿੱਚ ਤਸਵੀਰ ਮਿਲੀ-ਜੁਲੀ ਹੈ। ਸਾਲ 2022-23 ਵਿੱਚ ਪੰਜਾਬ ਵਿੱਚ ਨਿਵੇਸ਼ 3,492 ਕਰੋੜ ਰੁਪਏ ਰਿਹਾ, ਜੋ ਪਿਛਲੇ ਸਾਲ ਦੇ 23,655 ਕਰੋੜ ਦੇ ਮੁਕਾਬਲੇ ਕਾਫ਼ੀ ਘੱਟ ਸੀ। ਬਾਅਦ ਵਿੱਚ ਸਰਕਾਰ ਨੇ ਤੇਜ਼ੀ ਨਾਲ ਵੱਡੇ ਨਿਵੇਸ਼ ਪ੍ਰਸਤਾਵ ਆਉਣ ਦਾ ਦਾਅਵਾ ਕੀਤਾ। ਦਸੰਬਰ 2025 ਤੱਕ ਸਰਕਾਰ ਨੇ 1.50 ਲੱਖ ਕਰੋੜ ਰੁਪਏ ਦੇ ਨਿਵੇਸ਼ ਅਤੇ ਪੰਜ ਲੱਖ ਤੋਂ ਵੱਧ ਰੁਜ਼ਗਾਰ ਮੌਕਿਆਂ ਦੀ ਗੱਲ ਕੀਤੀ। ਇੱਥੇ ਵੀ ਅਸਲ ਕਸੌਟੀ ਇਹ ਹੋਵੇਗੀ ਕਿ ਇਨ੍ਹਾਂ ਪ੍ਰਸਤਾਵਾਂ ਵਿੱਚੋਂ ਕਿੰਨੇ ਪੂਰੇ ਹੋਏ ਤੇ ਕਿੰਨੀਆਂ ਨੌਕਰੀਆਂ ਅਸਲ ਵਿੱਚ ਪੈਦਾ ਹੋਈਆਂ ਵੇਖਣ ਦੀ ਲੋੜ ਹੈ। ਉਪਰੋਕਤ ਤੋਂ ਸਪੱਸ਼ਟ ਹੁੰਦਾ ਹੈ ਕਿ ਸਾਰੀਆਂ ਸਰਕਾਰਾਂ ਦੀਆਂ ਨੀਤੀਆਂ ਇੱਕੋ ਸਮੱਸਿਆ ਨਾਲ ਟਕਰਾਉਂਦੀਆਂ ਹਨ। ਪੰਜਾਬ ਦਾ ਵਿੱਤੀ ਮਾਡਲ ਲੰਬੇ ਸਮੇਂ ਤੋਂ ਅਜਿਹੇ ਖਰਚਿਆਂ ’ਤੇ ਨਿਰਭਰ ਹੈ ਜੋ ਤੁਰੰਤ ਸਿਆਸੀ ਲਾਭ ਤਾਂ ਦਿੰਦੇ ਹਨ ਪਰ ਉਤਪਾਦਕ ਸਮਰੱਥਾ ਨਹੀਂ ਵਧਾਉਂਦੇ।

ਕੈਗ ਨੇ 2017-22 ਦੌਰਾਨ ਦਰਸਾਇਆ ਕਿ ਸਬਸਿਡੀਆਂ ਅਤੇ ਮੁਫ਼ਤ ਸਹੂਲਤਾਂ ਸੂਬੇ ਦੇ ਮਾਲੀ ਖਰਚੇ ਦਾ 11 ਤੋਂ 18 ਫ਼ੀਸਦੀ ਅਤੇ ਮਾਲੀ ਘਾਟੇ ਦਾ 56 ਤੋਂ 102 ਫ਼ੀਸਦੀ ਤੱਕ ਹਿੱਸਾ ਰਹੀਆਂ। ਬਿਜਲੀ ਸਬਸਿਡੀ ਕੁੱਲ ਸਬਸਿਡੀਆਂ ਦਾ 68 ਤੋਂ 99 ਫ਼ੀਸਦੀ ਤੱਕ ਸੀ। ‘ਆਪ’ ਸਰਕਾਰ ਨੇ ਇਸ ਮਾਡਲ ਨੂੰ ਖਤਮ ਕਰਨ ਦੀ ਬਜਾਏ ਇਸ ਦਾ ਘੇਰਾ ਹੋਰ ਵਧਾਇਆ। 2022-23 ਤੋਂ 2024-25 ਤੱਕ ਹਰ ਸਾਲ ਲਗਭਗ 20,200 ਕਰੋੜ ਰੁਪਏ ਬਿਜਲੀ ਸਬਸਿਡੀ ’ਤੇ ਖਰਚ ਹੋਏ; 2025-26 ਵਿੱਚ ਇਹ ਰਕਮ 19,372 ਕਰੋੜ ਰਹੀ। 2026-27 ਲਈ 15,550 ਕਰੋੜ ਰੁਪਏ ਦਾ ਪ੍ਰਬੰਧ ਕੀਤਾ ਗਿਆ ਹੈ। ਇਸਦਾ ਮਤਲਬ ਇਹ ਨਹੀਂ ਕਿ ਹਰ ਸਬਸਿਡੀ ਗਲਤ ਹੈ। ਅੱਜ ਪੰਜਾਬ ਦੇ ਖਜ਼ਾਨੇ ਤੇ ਵਿੱਤੀ ਦਬਾਅ ਬਹੁਤ ਗੰਭੀਰ ਹੈ। 2024-25 ਵਿੱਚ ਅਸਲ ਵਿੱਤੀ ਘਾਟ ਕੁੱਲ ਘਰੇਲੂ ਪੈਦਾਵਾਰ ਦਾ 4.7 ਫ਼ੀਸਦੀ ਰਿਹਾ, ਜਦਕਿ 2026-27 ਲਈ ਇਹ 4.1 ਫ਼ੀਸਦੀ ਅੰਦਾਜ਼ਾ ਹੈ। ਸੂਬੇ ਦੀਆਂ ਬਕਾਇਆ ਦੇਣਦਾਰੀਆਂ 2026-27 ਦੇ ਅੰਤ ਤੱਕ ਕੁੱਲ ਘਰੇਲੂ ਪੈਦਾਵਾਰ ਦਾ ਲਗਭਗ 45.1 ਫ਼ੀਸਦੀ ਰਹਿਣ ਦਾ ਅਨੁਮਾਨ ਹੈ । ਜੇ ਸਿਆਸੀ ਪਾਰਟੀਆਂ ਸੱਚਮੁੱਚ ਪੰਜਾਬ ਨੂੰ ਬਚਾਉਣਾ ਚਾਹੁੰਦੀਆਂ ਹਨ ਤਾਂ ਉਨ੍ਹਾਂ ਨੂੰ ਪੰਜ ਗੱਲਾਂ ’ਤੇ ਸਹਿਮਤੀ ਬਣਾਉਣੀ ਪਵੇਗੀ, ਪਹਿਲਾਂ, ਖੇਤੀ ਵਿੱਚ ਵੰਨਸੁਵੰਨਤਾ, ਦੂਜਾ, ਉਦਯੋਗੀਕਰਨ, ਤੀਜਾ, ਤਰਕਸੰਗਤ ਅਤੇ ਨਿਸ਼ਾਨਾਬੱਧ ਸਬਸਿਡੀਆਂ ਅਤੇ ਮੁਫ਼ਤ ਸਹੂਲਤਾਂ, ਚੌਥਾ, ਨਸ਼ਿਆਂ ਵਿਰੁੱਧ ਸਪਲਾਈ ਅਤੇ ਮੰਗ ਦੋਵਾਂ ਪਾਸਿਆਂ ਤੋਂ ਲੜਾਈ, ਅਤੇ ਪੰਜਵਾਂ, ਸਰਕਾਰੀ ਵਿੱਤ ਵਿੱਚ ਪਾਰਦਰਸ਼ਤਾ। ਜੇਕਰ ਅਜਿਹਾ ਨਹੀਂ ਹੁੰਦਾ ਤਾਂ ਸਰਕਾਰਾਂ ਬਦਲਦੀਆਂ ਰਹਿਣਗੀਆਂ, ਨਾਅਰੇ ਬਦਲਦੇ ਰਹਿਣਗੇ, ਪਰ ਪੰਜਾਬ ਦਾ ਕਰਜ਼ਾ, ਨੌਜਵਾਨ ਦੀ ਬੇਚੈਨੀ ਤੇ ਕਿਸਾਨ ਦੀ ਚਿੰਤਾ, ਪੰਜਾਬ ਨੂੰ ਮੁੜ ਖੁਸ਼ਹਾਲੀ ਦੀ ਲੀਹ ’ਤੇ ਲਿਆਉਣਾ ਅਗਲੀਆਂ ਚੋਣ ਤੱਕ ਵੀ ਜਿਉਂ ਦੇ ਤਿਉਂ ਰਹਿਣਗੇ।

**(ਲੇਖਕ ਪੰਜਾਬੀ ਯੂਨੀਵਰਸਿਟੀ ਦੇ ਸਾਬਕਾ ਪ੍ਰੋਫ਼ੈਸਰ ਅਤੇ ਡੀਨ ਹਨ)।**

# ਭਾਰਤ ਦੀ ਗੁੱਟ-ਨਿਰਲੇਪਤਾ ਵੱਲ ਵਾਪਸੀ

## ਅਮਰੀਕਾ ਤੇ ਚੀਨ ਨੂੰ ਭਾਰਤ ਦਾ ਕੂਟਨੀਤਕ ਸੁਨੇਹਾ





ਆਸ਼ੂਤੋਸ਼ ਸੀਨੀਅਰ ਪੱਤਰਕਾਰ

ਬ੍ਰਿਕਸ ਸੰਮੇਲਨ ਨਾਲ ਇੱਕ ਗੱਲ ਸਪੱਸ਼ਟ ਹੋ ਗਈ ਹੈ ਕਿ ਵਿਦੇਸ਼ ਨੀਤੀ ਸਿਰਫ਼ ਜੱਫੀਆਂ ਨਾਲ ਨਹੀਂ ਚੱਲਦੀ ਅਤੇ ਨਾ ਹੀ ਇਹ ਦੇਸ਼ ਦੇ ਮਾਣ ਨੂੰ ਵਧਾਉਂਦੀ ਹੈ। ਦੇਸ਼ ਦੀ ਵਿਦੇਸ਼ ਨੀਤੀ ਦੂਰ-ਦ੍ਰਿਸ਼ਟੀ, ਠੋਸ ਯੋਜਨਾਬੰਦੀ ਤੇ ਬੌਧਿਕ ਪਹਿਲਕਦਮੀ ਨਾਲ ਚੱਲਦੀ ਹੈ। ਦੇਸ਼ ਨੂੰ ਅੱਗੇ ਲਿਜਾਣ ਅਤੇ ਆਪਣੇ ਹਿੱਤਾਂ ਦੀ ਪੂਰਤੀ ਲਈ ਢੁਕਵੀਆਂ ਰਣਨੀਤੀਆਂ ਹੀ ਸਭ ਤੋਂ ਅਹਿਮ ਰੋਲ ਅਦਾ ਕਰਦੀਆਂ ਹਨ। ਵਿਦੇਸ਼ ਨੀਤੀ ਵਿੱਚ ਨਾ ਕੋਈ ਕਿਸੇ ਦਾ ਸਥਾਈ ਦੋਸਤ ਹੁੰਦਾ ਹੈ ਤੇ ਨਾ ਹੀ ਸਥਾਈ ਦੁਸ਼ਮਣ। ਸਭ ਤੋਂ ਮਹੱਤਵਪੂਰਨ ਦੇਸ਼ ਦੇ ਹਿੱਤ ਹੁੰਦੇ ਹਨ, ਅਤੇ ਜਿਸ ਵੀ ਦੇਸ਼ ਦੇ ਸਹਿਯੋਗ ਨਾਲ ਇਹ ਅੱਗੇ ਵਧਣ, ਉਹੀ ਦੋਸਤ ਹੁੰਦਾ ਹੈ। ਕੂਟਨੀਤੀ ਅਨੁਸਾਰ ਕੋਸ਼ਿਸ਼ ਇਹੀ ਹੋਣੀ ਚਾਹੀਦੀ ਹੈ ਕਿ ਕਿਸੇ ਨਾਲ ਵੀ ਦੁਸ਼ਮਣੀ ਨਾ ਹੋਵੇ। ਬ੍ਰਿਕਸ ਸੰਮੇਲਨ ਤੋਂ ਭਾਰਤ ਨੂੰ ਕੀ ਲਾਭ ਹੋਇਆ ਹੈ, ਇਸ ਬਾਰੇ ਬਹਿਸ ਅਰਥਹੀਣ ਹੈ। ਮਹੱਤਵਪੂਰਨ ਗੱਲ ਇਹ ਹੈ ਕਿ ਭਾਰਤ ਦੀ ਵਿਦੇਸ਼ ਨੀਤੀ ਡੋਨਾਲਡ ਟਰੰਪ ਤੇ ਨੇਤਨਯਾਹੂ ਦੇ ਕਾਲੇ ਪਰਛਾਵੇਂ ਤੋਂ ਬਾਹਰ ਨਿਕਲਦੀ ਦਿਖਾਈ ਦੇ ਰਹੀ ਹੈ।

ਟਰੰਪ ਦੇ ਰਾਸ਼ਟਰਪਤੀ ਬਣਨ ਤੋਂ ਬਾਅਦ ਅੰਤਰਰਾਸ਼ਟਰੀ ਕੂਟਨੀਤੀ ਵਿੱਚ ਜੋ ਉਥਲ-ਪੁਥਲ ਹੋਈ, ਉਸ ਨਾਲ ਦੁਨੀਆ ਭਰ ਵਿੱਚ ਮਚੇ ਕੋਹਰਾਮ ਤੋਂ ਭਾਰਤ ਵੀ ਨਹੀਂ ਬਚ ਸਕਿਆ। ਇਸ ਕਾਰਨ ਵਿਦੇਸ਼ ਨੀਤੀ ਦੇ ਮਾਮਲੇ ਵਿੱਚ ਭਾਰਤ ਸਮੇਤ ਹਰ ਦੇਸ਼ ਉਲਝਣ ਦਾ ਸ਼ਿਕਾਰ ਹੋਇਆ। ਟਰੰਪ ਜੋ ਕਰ ਰਿਹਾ ਸੀ, ਉਹ ਅਣਕਿਆਸਿਆ ਹੋਣ ਕਰਕੇ ਇਸ ਦੀ ਕਲਪਨਾ ਕਿਸੇ ਨੇ ਵੀ ਨਹੀਂ ਕੀਤੀ ਸੀ ਅਤੇ ਸਾਰੇ ਦੇਸ਼ ਆਪਣੇ-ਆਪਣੇ ਪੱਧਰ 'ਤੇ ਹਿਸਾਬ-ਕਿਤਾਬ ਲਗਾਉਣ ਲੱਗੇ ਹੋਏ ਸਨ। ਚੀਨ ਤੇ ਕੈਨੇਡਾ ਟਰੰਪ ਦੀਆਂ ਧਮਕੀਆਂ ਅੱਗੇ ਝੁਕਣ ਲਈ ਤਿਆਰ ਨਾ ਹੋਏ, ਤਾਂ ਰੂਸ ਤੇ ਈਰਾਨ ਵੀ ਆਪਣੀ ਜਗ੍ਹਾ 'ਤੇ ਅਡੋਲ ਖੜ੍ਹੇ ਰਹੇ। ਬਹੁਤ ਸਾਰੇ ਯੂਰਪੀਅਨ ਦੇਸ਼ਾਂ ਨੇ ਪਹਿਲਾਂ ਟਰੰਪ ਨਾਲ ਦੋਸਤੀ ਦੀ ਕੋਸ਼ਿਸ਼ ਕੀਤੀ, ਪਰ ਉਹ ਸਮਝ ਗਏ ਕਿ ਟਰੰਪ ਦੀਆਂ ਚਾਲਾਂ ਨਾਲ ਨਜਿੱਠਣਾ ਆਸਾਨ ਨਹੀਂ ਹੈ, ਇਸ ਲਈ ਉਨ੍ਹਾਂ ਨੇ ਅਮਰੀਕਾ ਤੋਂ ਵੱਖਰਾ ਰਸਤਾ ਚੁਣਨਾ ਹੀ ਠੀਕ ਸਮਝਿਆ। ਭਾਰਤ ਟਰੰਪ ਦੇ ਪ੍ਰਭਾਵ ਤੋਂ ਨਹੀਂ ਬਚ ਸਕਿਆ, ਕਿਉਂਕਿ ਪ੍ਰਧਾਨ ਮੰਤਰੀ ਮੋਦੀ ਖ਼ੁਦ ਅਮਰੀਕਾ ਜਾ ਕੇ 'ਅਬ ਕੀ ਬਾਰ, ਟਰੰਪ ਸਰਕਾਰ' ਦਾ ਨਾਅਰਾ ਲਗਾ ਆਏ ਸਨ। ਇਜ਼ਰਾਈਲ ਹਮੇਸ਼ਾ ਸੰਘ ਪਰਿਵਾਰ ਦੀ ਵੱਡੀ ਕਮਜ਼ੋਰੀ ਰਿਹਾ ਹੈ, ਕਿਉਂਕਿ ਇਜ਼ਰਾਈਲ ਜਿਸ ਤਰ੍ਹਾਂ ਮੁਸਲਿਮ ਦੇਸ਼ਾਂ ਨਾਲ ਪੇਸ਼ ਆਉਂਦਾ ਹੈ ਤੇ ਅੱਤਵਾਦ ਨੂੰ ਜਵਾਬ ਦਿੰਦਾ ਹੈ, ਉਹ ਸੰਘ ਪਰਿਵਾਰ ਨੂੰ ਆਕਰਸ਼ਿਤ ਕਰਦਾ ਹੈ। ਮੋਦੀ ਦੀ ਟਰੰਪ ਤੇ ਨੇਤਨਯਾਹੂ ਦੋਹਾਂ ਨਾਲ ਨੇੜਤਾ ਨੂੰ ਦੇਖ ਕੇ ਦੁਨੀਆ ਨੂੰ ਲੱਗਿਆ ਕਿ ਭਾਰਤ, ਅਮਰੀਕਾ ਦੀ ਗੋਦ ਵਿੱਚ ਬੈਠ ਗਿਆ ਹੈ। ਅਸਲੀਅਤ ਇਹ ਹੈ ਕਿ ਟਰੰਪ ਤੇ ਨੇਤਨਯਾਹੂ ਕਿਸੇ ਦੇ ਵੀ ਸਕੇ ਨਹੀਂ ਹਨ।

ਟਰੰਪ ਵਾਰ-ਵਾਰ ਮੋਦੀ ਨੂੰ ਆਪਣਾ ਦੋਸਤ ਦੱਸਦੇ ਹਨ, ਪਰ ਉਨ੍ਹਾਂ ਨੇ ਭਾਰਤ ਨੂੰ ਅਪਮਾਨਿਤ ਕਰਨ ਦਾ ਕੋਈ ਮੌਕਾ ਨਹੀਂ ਛੱਡਿਆ। ਉਨ੍ਹਾਂ ਨੇ ਬ੍ਰਾਜ਼ੀਲ ਦੇ ਨਾਲ-ਨਾਲ ਭਾਰਤ 'ਤੇ ਵੀ ਸਭ ਤੋਂ ਵੱਧ ਟੈਰਿਫ ਲਗਾਏ। ਅਮਰੀਕੀ ਸਰਕਾਰ ਨੇ ਭਾਰਤੀ ਪ੍ਰਵਾਸੀਆਂ ਨੂੰ ਹੱਥਕੜੀਆਂ ਤੇ ਬੇੜੀਆਂ ਲਗਾ ਕੇ ਵਾਪਸ ਭਾਰਤ ਭੇਜਿਆ। ਟਰੰਪ ਨੇ ਵਾਰ-ਵਾਰ ਦਾਅਵਾ ਕੀਤਾ ਕਿ ਅਪਰੇਸ਼ਨ ਸਿੰਧੂਰ ਤੋਂ ਬਾਅਦ ਉਨ੍ਹਾਂ ਨੇ ਭਾਰਤ-ਪਾਕਿ ਵਿਚਾਲੇ ਜੰਗਬੰਦੀ ਕਰਵਾਈ ਹੈ। ਉਨ੍ਹਾਂ ਨੇ ਭਾਰਤ ਨੂੰ 'ਟੈਰਿਫ ਕਿੰਗ' ਦੱਸਦਿਆਂ 'ਮੋਦੀ ਦੇ ਕਰੀਅਰ ਨੂੰ ਖ਼ਤਮ ਕਰ ਸਕਦਾ ਹਾਂ' ਜਿਹੇ ਬਿਆਨ ਦੇ ਕੇ ਭਾਰਤ ਵਰਗੀ ਪ੍ਰਾਚੀਨ ਸੱਭਿਅਤਾ ਦਾ ਅਪਮਾਨ ਕਰਨ ਦੀ ਕੋਸ਼ਿਸ਼ ਵੀ ਕੀਤੀ। ਮੋਦੀ ਸਰਕਾਰ ਇਸ ਦਾ ਢੁਕਵਾਂ ਜਵਾਬ ਨਹੀਂ ਦੇ ਸਕੀ, ਜੋ ਉਸ ਦੀ ਕਮਜ਼ੋਰੀ ਸੀ। ਇਰਾਨ ਯੁੱਧ ਸ਼ੁਰੂ ਹੋਣ ਤੋਂ ਸਿਰਫ਼ ਦੋ ਦਿਨ ਪਹਿਲਾਂ ਪ੍ਰਧਾਨ ਮੰਤਰੀ ਮੋਦੀ ਦਾ ਇਜ਼ਰਾਇਲ ਜਾ ਕੇ ਨੇਤਨਯਾਹੂ ਨੂੰ ਗਲੇ ਲਗਾਉਣਾ, ਇਰਾਨ ਦੇ ਸੁਪਰੀਮ ਲੀਡਰ ਦੀ ਹੱਤਿਆ ਤੋਂ ਬਾਅਦ ਚੁੱਪ ਰਹਿਣਾ ਅਤੇ ਅਮਰੀਕਾ ਤੇ ਇਜ਼ਰਾਇਲ ਦੇ ਇਰਾਨ ਖ਼ਿਲਾਫ਼ ਇਕਪਾਸੜ ਯੁੱਧ ਦੀ ਆਲੋਚਨਾ ਤੱਕ ਨਾ ਕਰਨ ਕਾਰਨ ਭਾਰਤ ਵਿਸ਼ਵ ਪੱਧਰ 'ਤੇ ਅਲੱਗ-ਥਲੱਗ ਪੈ ਗਿਆ। ਗਾਜ਼ਾ ਵਿੱਚ ਹਮਾਸ ਨੂੰ ਕੁਚਲਣ ਦੇ ਨਾਂ 'ਤੇ ਇਜ਼ਰਾਇਲ ਵੱਲੋਂ ਕੀਤੇ ਗਏ ਕਤਲੇਆਮ 'ਤੇ ਮੋਦੀ ਸਰਕਾਰ ਦੀ ਚੁੱਪੀ ਦੁਨੀਆ ਨੂੰ ਪਸੰਦ ਨਹੀਂ ਆਈ। ਦੁਨੀਆ ਇਸ ਲਈ ਹੈਰਾਨ ਸੀ ਕਿਉਂਕਿ ਭਾਰਤ ਦੀ ਪਛਾਣ ਇੱਕ ਨੈਤਿਕਤਾਵਾਦੀ ਦੇਸ਼ ਵਜੋਂ ਰਹੀ ਸੀ, ਜੋ ਅੰਤਰਰਾਸ਼ਟਰੀ ਕਦਰਾਂ-ਕੀਮਤਾਂ ਵਿਰੋਧੀ ਕਿਸੇ ਵੀ ਕਾਰਵਾਈ ਦਾ ਹਮੇਸ਼ਾ ਵਿਰੋਧ ਕਰਦਾ ਰਿਹਾ ਹੈ। ਇਸ ਨਾਲ ਭਾਰਤ ਦੀ ਲੀਡਰਸ਼ਿਪ ਦੇ ਨੈਤਿਕ ਅਕਸ ਨੂੰ ਵੱਡਾ ਧੱਕਾ ਲੱਗਾ।

ਅਸੀਂ ਅਮਰੀਕਾ ਜਾਂ ਇਜ਼ਰਾਈਲ ਨਾਲ ਦੋਸਤੀ ਦੇ ਵਿਰੁੱਧ ਨਹੀਂ ਹਾਂ। ਮੋਦੀ ਸਰਕਾਰ ਨੂੰ ਬਸ ਇੰਨੀ ਬੇਨਤੀ ਹੈ ਕਿ ਇਕ ਮਹਾਨ ਸੱਭਿਅਤਾ ਤੇ ਸੱਭਿਆਚਾਰ ਦੇ ਵਾਹਕ ਹੋਣ ਦੇ ਨਾਤੇ ਉਸ ਦੀਆਂ ਕੁਝ ਜ਼ਿੰਮੇਵਾਰੀਆਂ ਵੀ ਹਨ। ਦੁਨੀਆ ਇਹ ਦੇਖ ਕੇ ਹੈਰਾਨ ਸੀ ਕਿ ਭਾਰਤ ਇਕ ਨਸਲਕੁਸ਼ੀ ਕਰਨ ਵਾਲੇ ਦੇਸ਼ (ਇਜ਼ਰਾਇਲ) ਨਾਲ ਕਿਵੇਂ ਖੜ੍ਹਾ ਹੋ ਸਕਦਾ ਹੈ। ਇਸ ਸੰਦਰਭ ਵਿੱਚ ਬ੍ਰਿਕਸ ਸੰਮੇਲਨ ਦੇ ਦਿੱਲੀ ਐਲਾਨਨਾਮੇ ਅੰਦਰ ਗਾਜ਼ਾ ਵਿੱਚ ਨਸਲਕੁਸ਼ੀ ਦੀ ਨਿੰਦਾ ਕਰਨ ਵਾਲੇ ਮਤੇ ਅਤੇ ਫ਼ਲਸਤੀਨ ਮੁੱਦੇ ਨੂੰ ਸੁਲਝਾਉਣ ਲਈ 'ਟੂ-ਸਟੇਟ ਫ਼ਾਰਮੂਲੇ 'ਤੇ ਦਸਤਖ਼ਤ ਕਰਨਾ ਇਕ ਸਹੀ ਕਦਮ ਹੈ। ਇਹ ਕਿਹਾ ਜਾ ਸਕਦਾ ਹੈ ਕਿ ਭਾਰਤ ਨੇ ਇੱਕ ਵੱਡੀ ਗ਼ਲਤੀ ਸੁਧਾਰਨ ਵੱਲ ਅਹਿਮ ਕਦਮ ਪੁੱਟਿਆ ਹੈ। ਇਜ਼ਰਾਈਲ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਜੇਕਰ ਉਹ ਭਾਰਤ ਦਾ ਸਮਰਥਨ ਚਾਹੁੰਦਾ ਹੈ, ਤਾਂ ਉਸ ਨੂੰ ਭਾਰਤ ਦੀ ਮਹਾਨ ਵਿਰਾਸਤ ਦੇ ਯੋਗ ਬਣਨਾ ਪਵੇਗਾ। ਬ੍ਰਿਕਸ ਐਲਾਨਨਾਮੇ ਵਿੱਚ ਬਿਨਾਂ ਕਿਸੇ ਦਾ ਨਾਂ ਲਿਆਂ ਇਕਪਾਸੜ ਟੈਰਿਫਾਂ ਦੀ ਵੀ ਤਿੱਖੀ ਆਲੋਚਨਾ ਕੀਤੀ ਗਈ ਹੈ। ਇਸ ਤੋਂ ਪਹਿਲਾਂ ਐੱਸ.ਸੀ.ਓ. ਦੀ ਬੈਠਕ ਵਿੱਚ ਵੀ ਈਰਾਨ ਵਿਰੁੱਧ ਅਮਰੀਕਾ ਤੇ ਇਜ਼ਰਾਈਲ ਦੀ ਇਕਪਾਸੜ ਜੰਗ ਦੀ ਨਿੰਦਾ ਕਰਦਿਆਂ ਮਤਾ ਪਾਸ ਕੀਤਾ ਗਿਆ ਸੀ। ਭਾਰਤ ਨੇ ਵੀ ਉਸ ਮਤੇ 'ਤੇ ਦਸਤਖ਼ਤ ਕਰਕੇ ਅਮਰੀਕਾ ਨੂੰ ਇਕ ਸਪੱਸ਼ਟ ਸੁਨੇਹਾ ਦਿੱਤਾ ਹੈ।ਦੁਨੀਆ ਜਾਣਦੀ ਹੈ ਕਿ ਭਾਰਤ ਤੇ ਚੀਨ ਵਿਚਾਲੇ ਇਕ ਯੁੱਧ ਹੋ ਚੁੱਕਾ ਹੈ ਅਤੇ ਉਸ ਤੋਂ ਬਾਅਦ ਦੋਵਾਂ ਦੇਸ਼ਾਂ ਵਿਚਕਾਰ ਕਈ ਸਰਹੱਦੀ ਝੜਪਾਂ ਹੋ ਚੁੱਕੀਆਂ ਹਨ। ਤਾਜ਼ਾ ਘਟਨਾ 2020 ਵਿੱਚ ਗਲਵਾਨ ਘਾਟੀ ਵਿੱਚ ਹੋਈ ਸੀ, ਜਦੋਂ ਸਾਡੇ 20 ਸੈਨਿਕ ਸ਼ਹੀਦ ਹੋ ਗਏ ਸਨ। ਚੀਨ ਵਪਾਰਕ ਪੱਧਰ 'ਤੇ ਭਾਰਤ ਨੂੰ ਕਮਜ਼ੋਰ ਕਰਨ ਦਾ ਕੋਈ ਮੌਕਾ ਨਹੀਂ ਛੱਡਦਾ। ਉਸ ਨੇ ਆਰਡੀਨੈਂਸ 834/835 ਜਾਰੀ ਕਰਕੇ ਭਾਰਤੀ ਦਰਾਮਦ ਲਈ ਮੁਸ਼ਕਿਲਾਂ ਪੈਦਾ ਕੀਤੀਆਂ ਹਨ। ਉਸ ਨੇ ਦੁਰਲੱਭ ਧਰਤੀ ਧਾਤਾਂ ਅਤੇ ਰਸਾਇਣਕ ਖਾਦਾਂ ਦੀ ਭਾਰਤ ਨੂੰ ਹੋਣ ਵਾਲੀ ਸਪਲਾਈ ਦੇ ਰਸਤੇ ਵਿੱਚ ਰੁਕਾਵਟ ਪਾਈ ਹੈ। ਚੀਨ ਨੇ ਫ਼ੌਕਸਕੌਨ ਵਿੱਚੋਂ ਆਪਣੇ 300 ਇੰਜੀਨੀਅਰਾਂ ਨੂੰ ਵਾਪਸ ਬੁਲਾ ਲਿਆ ਹੈ; ਅਜਿਹੀਆਂ ਹਰਕਤਾਂ ਕਿਸੇ ਮਿੱਤਰ ਦੇਸ਼ ਦੀਆਂ ਨਹੀਂ ਹੁੰਦੀਆਂ। ਸ਼ਾਇਦ ਇਸੇ ਲਈ ਦਿੱਲੀ ਐਲਾਨਨਾਮੇ ਤੋਂ ਬਾਅਦ ਆਪਣੇ ਭਾਸ਼ਣ ਵਿੱਚ ਪ੍ਰਧਾਨ ਮੰਤਰੀ ਮੋਦੀ ਨੇ ਦੁਰਲੱਭ ਧਾਤਾਂ ਤੇ ਤਕਨਾਲੋਜੀ ਨੂੰ ਹਥਿਆਰਾਂ ਵਜੋਂ ਵਰਤਣ ਦੀ ਆਲੋਚਨਾ ਕੀਤੀ ਹੈ। ਇਹ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਲਈ ਇਕ ਸਿੱਧਾ ਸੁਨੇਹਾ ਹੈ। ਦੂਜੇ ਸ਼ਬਦਾਂ ਵਿੱਚ ਮੋਦੀ ਸਰਕਾਰ ਨੇ ਅਮਰੀਕਾ ਅਤੇ ਚੀਨ ਦੋਵਾਂ ਨੂੰ ਸਪੱਸ਼ਟ ਸੁਨੇਹਾ ਦੇ ਦਿੱਤਾ ਹੈ ਕਿ ਭਾਰਤ ਸਭ ਦੇ ਨਾਲ ਜੁੜਨਾ ਚਾਹੁੰਦਾ ਹੈ ਪਰ ਆਪਣੀਆਂ ਸ਼ਰਤਾਂ 'ਤੇ, ਅਤੇ ਕੋਈ ਵੀ ਦੇਸ਼ ਭਾਰਤ ਨੂੰ ਕਮਜ਼ੋਰ ਸਮਝ ਕੇ ਦਬਾਉਣ ਜਾਂ ਬਲੈਕਮੇਲ ਕਰਨ ਦੀ ਕੋਸ਼ਿਸ਼ ਨਾ ਕਰੇ।ਬ੍ਰਿਕਸ ਐਲਾਨਨਾਮੇ ਵਿੱਚ ਮੋਦੀ ਸਰਕਾਰ ਨੇ ਸਪੱਸ਼ਟ ਰਣਨੀਤਕ ਰੁਖ਼ ਦਿਖਾਇਆ ਹੈ ਕਿ ਭਾਰਤ ਸਭ ਨੂੰ ਨਾਲ ਲੈ ਕੇ ਚੱਲਣਾ ਚਾਹੁੰਦਾ ਹੈ। ਇਹ ਰਣਨੀਤੀ ਕਾਰਗਰ ਦਿਖਾਈ ਦਿੱਤੀ ਹੈ ਅਤੇ ਭਵਿੱਖ ਵਿੱਚ ਵੀ ਇਸ 'ਤੇ ਦ੍ਰਿੜ੍ਹਤਾ ਨਾਲ ਚੱਲਣ ਨਾਲ ਭਾਰਤੀ ਵਿਦੇਸ਼ ਨੀਤੀ ਵਿੱਚ ਆਈ ਖੜੋਤ ਦਾ ਅੰਤ ਹੋ ਸਕੇਗਾ।

ਭਾਰਤ ਇੱਕ ਵਾਰ ਫਿਰ ਤੋਂ ਪੁਰਾਣੇ ਨਹਿਰੂਵਾਦੀ ਦ੍ਰਿਸ਼ਟੀਕੋਣ ਨੂੰ ਅਪਣਾਉਂਦਾ ਹੋਇਆ ਦੇਖਿਆ ਜਾਵੇਗਾ। ਭਾਰਤ ਦੀ ਹਮੇਸ਼ਾ 'ਨਾ ਕਿਸੇ ਨਾਲ ਦੋਸਤੀ, ਨਾ ਕਿਸੇ ਨਾਲ ਵੈਰ' ਦੀ ਨੀਤੀ ਰਹੀ ਹੈ। (ਬਾਕੀ ਸਫ਼ਾ 27 'ਤੇ)

# ਹਿਜ਼ਬੁਲਾ, ਹੂਤੀ, ਹਮਾਸ ਇਰਾਨ ਦੇ ਪ੍ਰੌਕਸੀ ਸੰਗਠਨ ਨਹੀਂ



ਡਾ. ਸੁਰਿੰਦਰ ਮੰਡ

ਲਿਬਨਾਨ ਦੇ 'ਹਿਜ਼ਬੁਲਾ', ਯਮਨ ਦੇ 'ਹੂਤੀ' ਅਤੇ ਫ਼ਲਸਤੀਨੀ ਗਾਜ਼ਾ ਦੇ 'ਹਮਾਸ' ਸੰਗਠਨਾਂ ਨੂੰ ਮੀਡੀਏ ਵਿੱਚ ਇਰਾਨ ਦੇ ਪਰੌਕਸੀ ਵਜੋਂ ਸੰਬੋਧਿਤ ਕੀਤਾ ਜਾਂਦਾ ਹੈ। ਮਤਲਬ ਇਹ ਇਰਾਨ ਦੇ ਬਣਾਏ, ਉਸ ਦੇ ਇਸ਼ਾਰੇ ਉੱਤੇ ਚੱਲਦੇ, ਓਸੇ ਲਈ ਹਰ ਕੰਮ ਕਰਨ ਵਾਲੇ ਇੱਕ ਤਰ੍ਹਾਂ ਦੇ ਇਰਾਨੀ ਸੰਗਠਨ। ਇਸ ਲੇਖ ਦਾ ਮਕਸਦ ਇਸ ਕੂੜ ਪ੍ਰਚਾਰ ਦੀ ਅਸਲ ਸੱਚਾਈ ਸਾਹਮਣੇ ਲਿਆਉਣਾ ਹੈ।

ਇਰਾਨ ਅਮਰੀਕਾ ਇਜ਼ਰਾਇਲ ਅਤੇ ਪੱਛਮ ਦਾ ਵਿਰੋਧੀ ਹੈ ਕਿਉਂਕਿ ਇਰਾਨ ਉੱਤੇ ਅਮਰੀਕੀ ਹਮਲਾ 1953 ਤੋਂ ਜਾਰੀ ਹੈ। ਇਰਾਨ ਵਿੱਚ ਡਾ. ਮੁਹੰਮਦ ਮੌਸਾਦੇਹ ਦੀ ਚੁਣੀ ਸਰਕਾਰ ਸੀ। ਉਸ ਨੂੰ 'ਟਾਈਮ' ਮੈਗਜ਼ੀਨ ਨੇ 1951 ਵਿੱਚ

'ਮੈਨ ਆਫ ਦਾ ਯੀਅਰ' ਵੀ ਐਲਾਨਿਆਂ ਸੀ। ਓਦੋਂ ਇਰਾਨੀ ਤੇਲ ਨੂੰ 85% ਇੰਗਲੈਂਡ ਲੁੱਟ ਰਿਹਾ ਸੀ। ਮੌਸਾਦੇਹ ਨੇ ਤੇਲ ਦਾ ਕੌਮੀਕਰਨ ਕਰ ਦਿੱਤਾ, ਕਿ ਤੇਲ ਹੁਣ ਸਾਡਾ ਹੈ। ਇੰਗਲੈਂਡ ਨੇ ਭੜਕ ਕੇ ਇਰਾਨ ਉੱਤੇ ਸਖ਼ਤ ਪਾਬੰਦੀਆਂ ਲਾਈਆਂ। ਤੇ ਅਮਰੀਕਾ ਦੀ ਸੀ. ਆਈ. ਏ ਨੇ 1953 ਵਿੱਚ ਮੌਸਾਦੇਹ ਵਿਰੁੱਧ ਰਾਜਪਲਟਾ ਕੀਤਾ। ਆਪਣੀ ਕਠਪੁਤਲੀ 'ਸ਼ਾਹ ਰਜ਼ਾ ਪਹਿਲਵੀ' ਨੂੰ ਗੱਦੀ ਸੌਂਪੀ ਤੇ ਅਮਰੀਕਾ ਇੰਗਲੈਂਡ ਨੇ 40-40 % ਤੇਲ ਵੰਡ ਲਿਆ, 26 ਸਾਲ ਲੁੱਟਿਆ। ਮੌਸਾਦੇਹ ਨੂੰ ਕੈਦ ਕਰ ਲਿਆ। 1967 ਵਿੱਚ ਉਹ ਜੇਲ੍ਹ ਵਿੱਚ ਹੀ ਮਰ ਗਿਆ। ਸ਼ਾਹ ਰਜ਼ਾ ਪਹਿਲਵੀ ਦੀ ਸਰਕਾਰ ਨੂੰ ਇਰਾਨੀ ਲੋਕਾਂ ਨੇ 1979 ਵਿੱਚ ਗੱਦੀਓਂ ਲਾਹਿਆ। ਅਮਰੀਕਾ ਨੇ 47 ਸਾਲਾਂ ਤੋਂ ਇਰਾਨ ਉੱਤੇ ਸਖ਼ਤ ਪਾਬੰਦੀਆਂ ਲਾਈਆਂ ਹਨ। ਸਰਕਾਰ ਬਦਲ ਕੇ ਤੇਲ ਉੱਤੇ ਕਬਜਾ ਕਰਨ ਲਈ ਹੁਣ ਫਿਰ ਹਮਲੇ ਅਤੇ ਘੇਰਬੰਦੀ ਜਾਰੀ ਹੈ। ਦੂਜੇ ਬਹੁਤੇ ਅਰਬ ਦੇਸ਼ਾਂ ਦਾ ਤੇਲ ਅਤੇ ਨੀਤੀਆਂ ਅਮਰੀਕਾ ਦੇ ਕਹਿਣੇ ਵਿੱਚ ਹਨ।

ਦੂਜੇ ਜੋਟੀਦਾਰ ਇਜ਼ਰਾਇਲ ਨੂੰ ਅਮਰੀਕਾ ਨੇ 1948 ਵਿੱਚ ਯੂ. ਐਨ. ਓ ਰਾਹੀਂ ਫ਼ਲਸਤੀਨ (ਓਦੋਂ ਇੰਗਲੈਂਡ ਦਾ ਗ਼ੁਲਾਮ) ਦੇਸ਼ ਦਾ ਲਗਭਗ ਅੱਧਾ ਹਿੱਸਾ ਦਿਵਾਇਆ ਸੀ, ਉਸਨੇ ਸਾਰੇ ਉੱਤੇ ਕਬਜਾ ਕਰ ਲਿਆ ਹੈ। ਇਸ ਵੇਲੇ ਫ਼ਲਸਤੀਨ ਨਾਮ ਦਾ ਕੋਈ ਪ੍ਰਭੂਸੱਤਾ ਸੰਪੰਨ ਦੇਸ਼ ਨਹੀਂ ਹੈ। ਇਜ਼ਰਾਇਲ ਵੱਲੋਂ ਫ਼ਲਸਤੀਨੀਆਂ ਨੂੰ ਉਜਾੜਨ, ਮਾਰਨ, ਲਿਤਾੜਨ, ਲੁੱਟਣ, ਧਿਰਕਾਰਨ ਦਾ ਸਿਲਸਿਲਾ 78 ਸਾਲਾਂ ਤੋਂ ਜਾਰੀ ਹੈ। ਆਂਢ ਗਵਾਂਢ ਦੇ ਦੇਸ਼ਾਂ ਹੋਰ ਧਰਤੀ ਉੱਤੇ ਕਬਜਾ ਕਰਕੇ 'ਗਰੇਟਰ ਇਜ਼ਰਾਇਲ' ਬਣਾਉਣਾ ਇਜ਼ਰਾਇਲ ਦੀ ਰਣਨੀਤੀ ਹੈ। ਇਸ ਸਾਰੀ ਕਬਜਾ ਅਤੇ ਲੁੱਟ ਨੀਤੀ ਨੂੰ ਸਿਰੇ ਚੜ੍ਹਾਉਣ ਲਈ ਇਰਾਨ ਦੇ ਆਲੇ ਦੁਆਲੇ ਸਾਰੇ ਮੁਲਕਾਂ ਵਿੱਚ ਅਮਰੀਕਾ, ਇਜ਼ਰਾਇਲ ਅਤੇ ਪੱਛਮੀ ਦੇਸ਼ਾਂ ਦੇ ਫੌਜੀ ਅੱਡੇ ਹਨ।

ਲੇਕਿਨ ਇਸ ਖਿੱਤੇ ਵਿੱਚ ਅਮਰੀਕੀ ਇਜ਼ਰਾਇਲੀ ਨੀਤੀ ਦਾ ਵਿਰੋਧ ਵੀ ਹੋਇਆ ਕਰਦਾ ਸੀ। ਜਿਸ ਵਿਚੋਂ ਇਰਾਕ ਦੇ ਰਾਸ਼ਟਰਪਤੀ ਸੱਦਾਮ ਹੁਸੈਨ ਨੂੰ 2003 ਵਿੱਚ ਹਮਲਾ ਕਰਕੇ ਫਾਂਸੀ ਲਾ ਦਿੱਤਾ ਗਿਆ। ਲਿਬੀਆ ਦੇ ਰਾਸ਼ਟਰਪਤੀ ਕਰਨਲ ਗੱਦਾਫ਼ੀ ਨੂੰ ਮਾਰ ਦਿੱਤਾ ਕਿ ਇਹ ਤਾਨਾਸ਼ਾਹ ਹੈ ਤੇ ਅਸੀਂ ਜਮਹੂਰੀਅਤ ਬਹਾਲ ਕਰਨੀ ਹੈ। ਸੀਰੀਆ ਦੇ ਰਾਸ਼ਟਰਪਤੀ ਬਸ਼ਰ ਅਲ ਅਸਦ ਨੂੰ ਗੱਦੀਓਂ ਲਾਹ ਕੇ ਉਥੇ ਇੱਕ ਅਮਰੀਕਾ ਵੱਲੋਂ ਹੀ ਐਲਾਨੇ ਵੱਡੇ ਇਨਾਮੀ ਅੱਤਵਾਦੀ 'ਅਹਿਮਦ ਅਲ ਸ਼ਰਾ' ਨੂੰ ਖ਼ੁਦ ਰਾਸ਼ਟਰਪਤੀ ਥਾਪ ਦਿੱਤਾ ਗਿਆ ਹੈ। ਇਸ ਤਰ੍ਹਾਂ ਸਾਮਰਾਜ ਵਿਰੋਧ ਦੀਆਂ ਅਵਾਜ਼ਾਂ ਨੂੰ ਖ਼ਤਮ ਕਰਕੇ ਇਹਨਾਂ ਮੁਲਕਾਂ ਦੇ ਤੇਲ ਗੈਸ ਉੱਤੇ ਵੀ ਇੱਕ ਤਰ੍ਹਾਂ ਅਮਰੀਕੀ ਕਬਜਾ ਹੋ ਚੁੱਕਿਆ ਹੈ।

ਐਪਰ ਲਿਬਨਾਨ ਅਤੇ ਯਮਨ ਵਿੱਚ ਅਮਰੀਕੀ ਇਜ਼ਰਾਇਲੀ ਨੀਤੀ ਵਿਰੁੱਧ ਓਥੋਂ ਦੇ ਲੋਕ ਲਾਮਬੰਦ ਹੋਏ।

ਲਿਬਨਾਨ ਵਿੱਚ 128 ਮੈਂਬਰੀ ਪਾਰਲੀਮੈਂਟ ਹੈ। ਦੋ ਮੁੱਖ ਸਿਆਸੀ ਫਰੰਟ ਹਨ—ਇੱਕ ਹਿਜ਼ਬੁਲਾ ਪੱਖੀ ਅਤੇ ਦੂਜਾ ਹਿਜ਼ਬੁਲਾ ਵਿਰੋਧੀ। ਦੋਵਾਂ ਵਿੱਚ ਕਈ ਕਈ ਪਾਰਟੀਆਂ ਹਨ। 64 ਸੀਟਾਂ ਮੁਸਲਿਮ ਤੇ 64 ਇਸਾਈਆਂ ਲਈ ਰਿਜ਼ਰਵ ਹਨ।

ਮੁਸਲਿਮ ਸੀਟਾਂ ਵਿਚੋਂ 27 ਸ਼ੀਆ ਅਤੇ 27 ਸੁੰਨੀ ਮੁਸਲਮਾਨਾ ਲਈ ਰਿਜ਼ਰਵ ਹਨ।ਜੂਨ 1982 ਵਿੱਚ ਇਜ਼ਰਾਇਲ ਨੇ ਦੱਖਣੀ ਲਿਬਨਾਨ ਉੱਤੇ ਹਮਲਾ ਕੀਤਾ ਸੀ। ਜਿਸ ਉਪਰੰਤ ਓਥੋਂ ਦੇ ਲੋਕਾਂ ਮੁਕਾਬਲੇ ਲਈ 'ਹਿਜ਼ਬੁਲਾ' ਹਥਿਆਰਬੰਦ ਸੰਗਠਨ ਬਣਾਇਆ। 2018 ਵਿੱਚ ਹੋਈ ਸੰਸਦੀ ਚੋਣ ਵਿੱਚ ਹਿਜ਼ਬੁਲਾ ਫਰੰਟ ਨੇ 128 ਵਿਚੋਂ 70 ਸੀਟਾਂ ਜਿੱਤ ਕੇ ਚਾਰ ਸਾਲ ਲਿਬਨਾਨ ਦੇਸ਼ ਦੀ ਚੁਣੀ ਸਰਕਾਰ ਚਲਾਈ। 2022 ਦੀ ਚੋਣ ਵਿੱਚ ਵੀ ਹਿਜ਼ਬੁਲਾ ਫਰੰਟ ਨੇ 60 ਸੀਟਾਂ ਜਿੱਤੀਆਂ ਸਨ। ਕਾਬਜ ਗਰੁੱਪ ਦੀਆਂ 68 ਹਨ। ਇੰਝ ਹਿਜ਼ਬੁਲਾ ਲਿਬਨਾਨ ਦੇ ਲੋਕਾਂ ਦਾਆਪਣਾ ਅਣਖੀਲਾ ਦੇਸ਼ ਭਗਤ ਸਿਆਸੀ ਫਰੰਟ ਹੈ, ਇਹ ਕੋਈ ਮਹਿਜ਼ ਇਰਾਨੀ ਪ੍ਰਾਕਸੀ ਨਹੀਂ। ਏਨਾ ਜ਼ਰੂਰ ਹੈ ਕਿ ਇਜ਼ਰਾਇਲੀ ਧੱਕੇਸ਼ਾਹੀ ਵਿਰੁੱਧ ਲੜਾਈ ਵਿੱਚ ਇਰਾਨ ਹਿਜ਼ਬੁਲਾ ਇੱਕ ਦੂਜੇ ਦੀ ਹਮਾਇਤ ਕਰਦੇ ਹਨ।

ਦੱਖਣੀ ਲਿਬਨਾਨ ਉੱਤੇ ਕਬਜਾ ਕਰਨਾ ਇਜ਼ਰਾਇਲ ਦਾ ਮਨਸੂਬਾ ਹੈ, ਹਿਜ਼ਬੁਲਾ ਫਰੰਟ ਅੱਗੇ ਕੰਧ ਬਣਕੇ ਖੜਾ ਹੈ।

ਉਸਨੂੰ ਇਰਾਨੀ ਪ੍ਰਾਕਸੀ/ ਅੱਤਵਾਦੀ ਆਖ ਕੇ ਬਦਨਾਮ ਅਤੇ ਨਿਹੱਥਾ ਕਰਕੇ ਕੁਚਲਣ ਲਈ ਅਮਰੀਕਾ ਇਜ਼ਰਾਇਲ ਨੇ ਮੌਜੂਦਾ ਲਿਬਨਾਨ ਸਰਕਾਰ ਨੂੰ ਅਮਰੀਕਾ ਵਿੱਚ ਸੱਦ ਕੇ ਕਈ ਮੀਟਿੰਗਾਂ ਕੀਤੀਆਂ ਹਨ। ਸਿੱਧਾ ਮਾਰੂ ਹਮਲਾ ਵੀ ਜਾਰੀ ਹੈ।ਯਮਨ ਦੇ 'ਹੂਤੀ' ਵਜੋਂ ਜਾਣੀ ਜਾਂਦੀ ਪਾਰਟੀ 'ਅਨਸਾਰ ਅੱਲਾਹ' (ਸਪੋਰਟਰ ਆਫ਼ ਗੌਡ) ਨੂੰ 'ਹੂਤੀ ਵਿਦਰੋਹੀ' ਦਾ ਨਾਮ ਦੇ ਕੇ ਇੱਕ ਮਹਿਜ਼ ਇਰਾਨ ਦੇ ਪ੍ਰਾਕਸੀ ਸੰਗਠਨ ਵਜੋਂ ਪ੍ਰਚਾਰ ਦਿੱਤਾ ਗਿਆ ਹੈ। ਜਦਕਿ ਉਹ ਦੇਸ਼ ਦੀ ਰਾਜਧਾਨੀ 'ਸਨਾ' ਸਮੇਤ ਮੁਲਕ ਦੀ 70% ਅਬਾਦੀ ਉੱਤੇ ਕਾਬਜ ਹਨ, ਅਤੇ ਬਾਕਾਇਦਾ ਯਮਨ ਸਰਕਾਰ ਚਲਾ ਰਹੇ ਹਨ।ਹੂਤੀ 'ਜ਼ਾਇਦੀ' ਸ਼ੀਆ ਭਾਈਚਾਰੇ ਨਾਲ ਸਬੰਧਿਤ ਹਨ, ਜਿਨ੍ਹਾਂ 1962 ਤਕ ਯਮਨ ਉੱਤੇ ਇਕ ਹਜ਼ਾਰ ਸਾਲ ਤੱਕ ਰਾਜ ਕੀਤਾ ਹੈ। 2004 ਵਿਚ ਹੂਤੀ ਆਗੂ 'ਹੁਸੈਨ ਅਲ ਹੂਤੀ' ਦਾ ਸਰਕਾਰ ਵੱਲੋਂ ਕਤਲ ਕਰ ਦਿੱਤਾ ਗਿਆ, ਖਾਨਾਜੰਗੀ ਛਿੜ ਗਈ।

ਯਮਨ ਵਿਚਲੀ 'ਵਹਾਬੀ' ਭਾਈਚਾਰੇ ਦੀ ਸਊਦੀ ਅਰਬ ਦੀ ਸਮਰਥਕ ਅਮਰੀਕਾ ਪੱਖੀ ਸਰਕਾਰ ਨੂੰ 2014 ਵਿੱਚ ਖਦੇੜ ਕੇ ਹੂਤੀ ਨੇ ਰਾਜਧਾਨੀ 'ਸਨਾ' ਉੱਤੇ ਵੀ ਕਬਜਾ ਕਰ ਲਿਆ। ਸੱਤ ਸਾਲ ਸਊਦੀ ਸਮਰਥਕਾਂ ਨਾਲ ਲੜਾਈ ਚੱਲੀ ਤੇ ਫਿਰਜੰਗਬੰਦੀ ਹੋਗੀ। ਪਰ 70% ਅਬਾਦੀ ਦੀ ਨੁਮਾਇੰਦਾ 'ਹੂਤੀ' ਸਰਕਾਰ ਨੂੰ ਅਜੇ ਤਕ ਯੂ. ਐਨ. ਓ ਵੱਲੋਂ ਮਾਨਤਾ ਨਹੀਂ

ਮਿਲੀ, ਮਾਨਤਾ ਪਹਿਲੀ 15% ਅਬਾਦੀ ਉੱਤੇ ਕਾਬਜ ਖਦੇੜੀ ਜਾ ਚੁੱਕੀ ਸਰਕਾਰ ਨੂੰ ਹੈ। ਬਿਲਕੁਲ ਉਵੇਂ ਜਿਵੇਂ ਚੀਨ ਸਰਕਾਰ ਨੂੰ 1973 ਤਕ ਮਾਨਤਾ ਨਹੀਂ ਸੀ ਸਗੋਂ ਮਾਨਤਾ ਤਾਈਵਾਨ ਵਿੱਚ ਬੈਠੀ ਖਦੇੜੀ ਸਰਕਾਰ ਨੂੰ ਸੀ। ਯਮਨ ਦਾ ਮਾਨਤਾ ਵਾਲਾ ਖਦੇੜਿਆ ਰਾਸ਼ਟਰਪਤੀ ਸਊਦੀ ਅਰਬ ਵਿੱਚ ਰਹਿੰਦਾ ਤੇ ਯਮਨ ਸਰਕਾਰ ਨੂੰ 'ਅਨਸਾਰ ਅੱਲਾਹ' ਪਾਰਟੀ (ਹੂਤੀ) ਚਲਾ ਰਹੀ ਹੈ। ਜੇ ਹੂਤੀ ਮਹਿਜ਼ ਇਰਾਨ ਦੇ ਪ੍ਰਾਕਸੀ ਹੁੰਦੇ ਤਾਂ ਇਰਾਨ ਉੱਤੇ ਹੋਏ ਹਮਲੇ ਵੇਲੇ ਨਾਲ ਹੀ ਜੰਗ ਵਿੱਚਕੁੱਦ ਪੈਂਦੇ। ਇਹ ਸੱਚ ਹੈ ਕਿ ਹੂਤੀ ਅਤੇ ਇਰਾਨ ਦੀ ਸਾਂਝ ਹੈ, ਦੋਵੇਂ ਹੀ ਖਿੱਤੇ ਵਿਚਲੀ ਅਮਰੀਕੀ ਇਜ਼ਰਾਇਲੀ ਕਾਬਜ ਨੀਤੀ ਨੂੰ ਮੁੱਖ ਖ਼ਤਰਾ ਸਮਝਦੇ ਹਨ।ਹੂਤੀ ਅਤੇ ਵਿਰੋਧੀਆਂ ਵਿੱਚ ਤਾਜ਼ਾ ਜੰਗ ਛਿੜ ਪੈਣ ਦਾ ਕਾਰਨ ਬਣੀ ਹੈ ਉਹ ਘਟਨਾ, ਜਦ ਆਇਤੁਲਾ ਅਲੀ ਖ਼ੁਮੇਨਈ ਦੇ ਸਪੁਰਦੇ ਖ਼ਾਕ ਰਸਮ ਤੋਂ ਵਾਪਿਸ ਮੁੜੇ ਹੂਤੀ ਲੀਡਰਾਂ ਦੇ ਜਹਾਜ਼ ਉੱਤੇ ਸਊਦੀ-ਅਮਰੀਕੀ ਨੀਤੀ ਤਹਿਤ ਹਮਲਾ ਕਰ ਦਿੱਤਾ ਗਿਆ, ਤੇ ਇੰਝ ਲੜਾਈ ਦੀ ਛੇੜ ਛੇੜੀ।

ਸਾਊਦੀ ਅਰਬ ਨਾਲ ਹੂਤੀ ਦੀ ਇਸ ਜੰਗ ਦੀ ਛੇੜ ਛੇੜਨੀ ਅਮਰੀਕੀ ਕੁਟਲਨੀਤੀ ਦਾ ਹਿੱਸਾ ਹੈ ਜੋ ਚਾਹੁੰਦਾ ਕਿ 'ਮੱਕਾ ਸਮਝੌਤਾ' ਕਰ ਚੁੱਕੇ ਸਾਊਦੀ ਅਰਬ, ਪਾਕਿਸਤਾਨ ਅਤੇ ਤੁਰਕੀ ਇਕੱਠੇ ਹੂਤੀ ਉੱਤੇ ਮੋੜਵਾਂ ਮਾਰੂ ਹਮਲਾ ਕਰਨਗੇ। (ਬਾਕੀ ਸਫ਼ਾ 27 'ਤੇ)

# ਸੁਤੰਤਰ ਭਾਰਦਵਾਜ: ਭੀੜਤੰਤਰ ਦਾ ਨਵਾਂ ਚਿਹਰਾ ਜਾਂ ਸੱਤਾ ਦਾ ਨਵਾਂ ਜੋੜੀਦਾਰ



ਪ੍ਰੋ. ਅਪੂਰਵਾਨੰਦ

'ਜੰਤਰ-ਮੰਤਰ' 'ਤੇ ਪ੍ਰਦਰਸ਼ਨਕਾਰੀਆਂ ਉੱਤੇ ਹਮਲਾ ਕਰਨ ਦਾ ਦੋਸ਼ੀ ਸੁਤੰਤਰ ਭਾਰਦਵਾਜ ਹਿੰਦੂਤਵੀ ਰਾਜ ਅੰਦਰ ਆਪਣੀ ਪਹੁੰਚ ਅਤੇ ਦਬਦਬਾ ਨੂੰ ਲੈ ਕੇ ਐਨਾ ਬੇਫ਼ਿਕਰ ਸੀ ਕਿ ਉਸ ਨੇ ਸ਼ਰ੍ਹੇਆਮ ਇਹ ਮੰਨਣ ਵਿੱਚ ਕੋਈ ਝਿਜਕ ਨਹੀਂ ਦਿਖਾਈ ਕਿ ਉਸ ਨੇ ਹਿੰਸਾ ਕੀਤੀ ਹੈ ਅਤੇ ਇਸ ਦਾ ਨਤੀਜਾ ਕਤਲ ਵੀ ਹੋ ਸਕਦਾ ਸੀ।

ਸੁਤੰਤਰ ਭਾਰਦਵਾਜ ਅੱਜ ਦੇ ਭਾਰਤ ਵਿੱਚ 'ਉੱਚ ਜਾਤੀ' ਹਿੰਦੂਆਂ ਦਾ ਇੱਕ ਅਜਿਹਾ ਪ੍ਰਮੁੱਖ ਚਿਹਰਾ ਬਣ ਚੁੱਕਾ ਹੈ, ਜਿਸ ਨੂੰ ਮੌਜੂਦਾ ਸਰਕਾਰ ਆਪਣਾ ਸਭ ਤੋਂ ਭਰੋਸੇਮੰਦ ਸਾਥੀ ਮੰਨਦੀ ਹੈ।

ਜ਼ਰਾ ਉਹ ਨਾਅਰਾ ਚੇਤੇ ਕਰੋ: 'ਦਿੱਲੀ ਪੁਲਿਸ ਲੱਠ ਚਲਾਓ, ਹਮ ਤੁਮ੍ਹਾਰੇ ਸਾਥ ਹੈਂ।' ਇਹ ਨਾਅਰਾ 2020 ਵਿੱਚ ਸੁਤੰਤਰ ਭਾਰਦਵਾਜ ਵਰਗੇ ਹਿੰਦੂ ਨੌਜਵਾਨ ਲਗਾ ਰਹੇ ਸਨ, ਜਦੋਂ ਪੁਲਿਸ ਦੀ ਹਿੰਸਾ ਦਾ ਰੁਖ਼ ਮੁਸਲਮਾਨਾਂ ਵੱਲ ਸੀ। ਦਿੱਲੀ ਪੁਲਿਸ ਨੇ ਕਦੇ ਵੀ ਇਸ ਨਾਅਰੇ ਦਾ ਵਿਰੋਧ ਨਹੀਂ ਕੀਤਾ ਅਤੇ ਨਾ ਹੀ ਕਦੇ ਇਹ ਸਾਫ਼ ਕੀਤਾ ਕਿ ਉਹ ਇਨ੍ਹਾਂ ਗੁੰਡਿਆਂ ਦੀ ਸ਼ਹਿ 'ਤੇ ਡਾਂਗਾਂ ਨਹੀਂ ਚਲਾ ਰਹੀ। ਸਗੋਂ ਸ਼ਾਇਦ ਉਸ ਨੇ ਅਜਿਹੇ ਨਾਅਰਿਆਂ ਨੂੰ ਆਪਣੇ ਕੰਮ ਦੀ ਤਾਰੀਫ਼ ਅਤੇ ਥਾਪੜੇ ਵਜੋਂ ਲਿਆ। ਇਸ ਨਾਲ ਮੁਸਲਮਾਨਾਂ ਖ਼ਿਲਾਫ਼ ਪੁਲਿਸ ਦਾ ਰਵੱਈਆ ਹੋਰ ਸਖ਼ਤ ਹੋ ਗਿਆ, ਕਿਉਂਕਿ ਸਮਾਜ ਦਾ ਇੱਕ ਤਬਕਾ ਇਹ ਕਹਿ ਕੇ ਉਹਨਾਂ ਦੀ ਪਿੱਠ ਥਾਪੜ ਰਿਹਾ ਸੀ ਕਿ ਪੁਲਿਸ ਉਹਨਾਂ ਵੱਲੋਂ ਇਹ ਹਿੰਸਾ ਕਰ ਰਹੀ ਹੈ।

ਪੁਲਿਸ ਅਤੇ ਸੁਤੰਤਰ ਭਾਰਦਵਾਜ ਵਰਗੇ ਲੱਠਮਾਰਾਂ ਦਾ ਗੱਠਜੋੜ 5 ਜਨਵਰੀ 2020 ਨੂੰ ਸਾਫ਼ ਦਿਖਾਈ ਦਿੱਤਾ ਸੀ, ਜਦੋਂ ਜਵਾਹਰਲਾਲ ਨਹਿਰੂ ਯੂਨੀਵਰਸਿਟੀ ਦੇ ਅੰਦਰ ਘੰਟਿਆਂ ਬੱਧੀ ਗੁੰਡੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਕੁੱਟਦੇ ਰਹੇ ਤੇ ਪੁਲਿਸ ਤਮਾਸ਼ਬੀਨ ਬਣ ਕੇ ਖੜ੍ਹੀ ਰਹੀ। ਸਾਰਾ ਕੁਝ ਕੈਮਰਿਆਂ ਵਿੱਚ ਰਿਕਾਰਡ ਹੋਇਆ। ਉਹ ਗੁੰਡੇ ਪੁਲਿਸ ਦੀ ਦੇਖ-ਰੇਖ ਵਿੱਚ ਅੰਦਰ ਵੜੇ ਅਤੇ ਆਰਾਮ ਨਾਲ ਡਾਂਗਾਂ ਚਲਾਉਂਦੇ ਰਹੇ। ਪੁਲਿਸ ਨੇ ਉਨ੍ਹਾਂ ਨੂੰ ਰੋਕਣ ਦੀ ਕੋਈ ਕੋਸ਼ਿਸ਼ ਨਾ ਕੀਤੀ। ਫਿਰ ਉਹ ਆਪਣਾ ਕੰਮ ਨਿਬੇੜ ਕੇ ਬਾਹਰ ਨਿਕਲੇ ਅਤੇ ਪੁਲਿਸ ਦੇ ਕੋਲ ਹੀ ਖੜ੍ਹੇ ਰਹੇ। ਹਮਲਾਵਰਾਂ ਦੇ ਚਿਹਰੇ ਬਿਲਕੁਲ ਸਾਫ਼ ਦਿਖ ਰਹੇ ਸਨ, ਪਰ ਅੱਜ 6 ਸਾਲ ਲੰਘ ਜਾਣ ਮਗਰੋਂ ਵੀ ਦਿੱਲੀ ਪੁਲਿਸ ਉਨ੍ਹਾਂ ਨੂੰ ਫੜ ਨਹੀਂ ਸਕੀ। ਸੱਚ ਤਾਂ ਇਹ ਹੈ ਕਿ ਪੁਲਿਸ ਦੀ ਉਨ੍ਹਾਂ ਨੂੰ ਫੜਨ ਵਿੱਚ ਕੋਈ ਦਿਲਚਸਪੀ ਹੀ ਨਹੀਂ ਹੈ। ਪੁਲਿਸ ਨੂੰ ਲੱਗਦਾ ਹੀ ਨਹੀਂ ਕਿ ਇਨ੍ਹਾਂ ਗੁੰਡਿਆਂ ਨੇ ਕੁਝ ਗ਼ਲਤ ਕੀਤਾ ਸੀ। ਕੀ ਪੁਲਿਸ ਇਹੋ ਨਾਅਰਾ ਲਾਉਣਾ ਚਾਹੁੰਦੀ ਸੀ: 'ਗੁੰਡਿਓ, ਤੁਸੀਂ ਲੱਠ ਚਲਾਓ, ਅਸੀਂ ਤੁਹਾਡੇ ਨਾਲ ਹਾਂ'?

ਫਿਰ ਉਹ ਲੱਠ, ਜੋ ਪਹਿਲਾਂ ਪੁਲਿਸ ਚਲਾ ਰਹੀ ਸੀ, ਸੁਤੰਤਰ ਭਾਰਦਵਾਜ ਦੇ ਹੱਥ ਆ ਗਈ। ਪੁਲਿਸ ਦੇ ਬੂਟ ਵੀ ਉਸ ਦੇ ਪੈਰਾਂ ਵਿੱਚ ਆ ਗਏ। ਹੁਣ ਉਹ ਪੁਲਿਸ ਦੀ ਤਰਫ਼ੋਂ ਡਾਂਗਾਂ ਚਲਾ ਰਿਹਾ ਸੀ। ਪਰ ਇਸ ਵਾਰ ਉਸ ਦੇ ਨਿਸ਼ਾਨੇ 'ਤੇ ਮੁਸਲਮਾਨ ਨਹੀਂ, ਸਗੋਂ ਸਰਕਾਰ ਦਾ ਵਿਰੋਧ ਕਰ ਰਹੇ ਨੌਜਵਾਨ ਸਨ; ਸੁਤੰਤਰ ਭਾਰਦਵਾਜ ਹੁਣ ਮੋਦੀ ਸਰਕਾਰ ਵੱਲੋਂ ਉਨ੍ਹਾਂ ਦੇ ਵਿਰੋਧੀਆਂ 'ਤੇ ਡਾਂਗਾਂ ਵਰ੍ਹਾ ਰਿਹਾ ਸੀ।



ਉਸ ਦੇ ਪਿਛੋਕੜ ਨੂੰ ਦੇਖਦੇ ਹੋਏ ਉਸ ਨੂੰ ਇਹ ਗ਼ਲਤ ਨਹੀਂ ਲੱਗਿਆ ਕਿ ਉਹ ਜੋ ਕਰ ਰਿਹਾ ਸੀ, ਉਸ ਨੂੰ ਖੁੱਲ੍ਹ ਕੇ ਜੱਗ-ਜ਼ਾਹਿਰ ਵੀ ਕਰੇ। ਆਖ਼ਰਕਾਰ, ਉਹ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਦੇ ਚਹੇਤੇ ਨੌਜਵਾਨਾਂ ਵਿੱਚੋਂ ਇੱਕ ਸੀ। ਉਸ ਦੀਆਂ ਤਸਵੀਰਾਂ ਭਾਰਤੀ ਜਨਤਾ ਪਾਰਟੀ ਦੇ ਵੱਡੇ-ਵੱਡੇ ਆਗੂਆਂ ਨਾਲ ਹਨ। ਉਹ ਇਹ ਕਹਿ ਸਕਦੇ ਹਨ ਕਿ ਜ਼ਰੂਰੀ ਨਹੀਂ ਕਿ ਫ਼ੋਟੋ ਖਿਚਵਾਉਣ ਵਾਲੇ ਹਰ ਬੰਦੇ ਨੂੰ ਉਹ ਜਾਣਦੇ ਹੋਣ। ਪਰ ਉਹ ਸਾਨੂੰ ਸਬੂਤ ਦਿੰਦਾ ਹੈ ਕਿ ਉਸ ਨੂੰ ਨਰਿੰਦਰ ਮੋਦੀ ਦੇ ਸਹੁੰ ਚੁੱਕ ਸਮਾਗਮ ਵਿੱਚ ਸੱਦਿਆ ਗਿਆ ਸੀ। ਐਨਾ ਹੀ ਨਹੀਂ, ਰੱਖਿਆ ਮੰਤਰਾਲੇ ਦੇ ਪ੍ਰੋਗਰਾਮਾਂ ਵਿੱਚ ਵੀ ਉਸ ਨੂੰ ਸੱਦਾ ਪੱਤਰ ਮਿਲਿਆ ਹੋਇਆ ਸੀ। ਇਸ ਦਾ ਸਾਫ਼ ਮਤਲਬ ਇਹੀ ਹੈ ਕਿ ਸੁਤੰਤਰ ਭਾਰਦਵਾਜ ਨੇ ਸਰਕਾਰੀ ਤੰਤਰ ਦੇ ਅੰਦਰ ਤੱਕ ਆਪਣਾ ਦਬਦਬਾ ਬਣਾ ਲਿਆ ਸੀ। ਸੁਤੰਤਰ ਭਾਰਦਵਾਜ ਹਿੰਦੂਤਵੀ ਨਿਜ਼ਾਮ ਅੰਦਰ ਆਪਣੀ ਸਥਿਤੀ ਨੂੰ ਲੈ ਕੇ ਐਨਾ ਬੇਫ਼ਿਕਰ ਸੀ ਕਿ ਉਸ ਨੇ ਸ਼ਰ੍ਹੇਆਮ ਇਹ ਮੰਨ ਲਿਆ ਕਿ ਉਸ ਨੇ ਹਿੰਸਾ ਕੀਤੀ ਹੈ ਅਤੇ ਇਸ ਵਿੱਚ ਕਿਸੇ ਦੀ ਜਾਨ ਵੀ ਜਾ ਸਕਦੀ ਸੀ। ਪਰ ਐਨਾ ਵੱਡਾ ਜੁਰਮ ਕਬੂਲਣ ਤੋਂ ਬਾਅਦ ਵੀ ਉਸ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਗਿਆ, ਕਿਉਂਕਿ ਉਹ ਨਾ ਸਿਰਫ਼ ਚਿਰਾਗ ਪਾਸਵਾਨ ਅਤੇ ਕਪਿਲ ਮਿਸ਼ਰਾ ਵਰਗੇ ਆਗੂਆਂ ਦਾ ਬੰਦਾ ਹੈ, ਸਗੋਂ ਬਿਨਾਂ ਕਿਸੇ ਇਮਤਿਹਾਨ ਦੇ ਉਹ ਪੁਲਿਸ ਦਾ ਆਪਣਾ ਆਦਮੀ ਵੀ ਬਣ ਚੁੱਕਾ ਹੈ।

ਚਿਰਾਗ ਪਾਸਵਾਨ ਨੂੰ ਫ਼ੌਰਨ ਆਪਣੇ ਆਪ ਨੂੰ ਉਸ ਤੋਂ ਵੱਖ ਕਰਨਾ ਪਿਆ, ਕਿਉਂਕਿ ਉਸ ਨੇ ਜਿਨ੍ਹਾਂ ਪ੍ਰਦਰਸ਼ਨਕਾਰੀਆਂ 'ਤੇ ਹਮਲਾ ਕੀਤਾ ਸੀ, ਉਹ ਦਲਿਤ ਸਨ। ਚਿਰਾਗ ਲਈ ਇਹ ਗੱਲ ਬਹੁਤ ਨੁਕਸਾਨਦੇਹ ਹੋ ਸਕਦੀ ਸੀ ਕਿ ਦਲਿਤਾਂ ਨੂੰ ਲੱਗੇ ਕਿ ਕੋਈ ਦਲਿਤ-ਵਿਰੋਧੀ ਗੁੰਡਾ ਉਨ੍ਹਾਂ ਦੇ ਨੇੜੇ ਹੈ। ਪਰ ਹੁਣ ਤੱਕ ਨਾ ਤਾਂ ਕਪਿਲ ਮਿਸ਼ਰਾ, ਨਾ ਮਨੋਜ ਤਿਵਾੜੀ ਅਤੇ ਨਾ ਹੀ ਭਾਜਪਾ ਨੇ ਖ਼ੁਦ ਨੂੰ ਸੁਤੰਤਰ ਭਾਰਦਵਾਜ ਤੋਂ ਅਲੱਗ ਕਰਨ ਦੀ ਲੋੜ ਸਮਝੀ ਹੈ। ਹਰ ਨਿੱਕੀ-ਮੋਟੀ ਗੱਲ 'ਤੇ ਫ਼ੌਰਨ ਟਵੀਟ ਕਰਨ ਵਾਲੀ ਪਾਰਟੀ ਨੇ ਉਸ ਦੇ ਬਿਆਨ ਦੀ ਨਿੰਦਾ ਤੱਕ ਨਹੀਂ ਕੀਤੀ। ਜਿਸ ਮੁੱਦੇ 'ਤੇ ਪੂਰੇ ਮੁਲਕ ਵਿੱਚ ਰੌਲਾ ਪਿਆ ਹੋਇਆ ਹੈ, ਉਸ 'ਤੇ ਉਹ ਚੁੱਪ ਵੱਟੀ ਬੈਠੀ ਹੈ। ਇਹ ਖ਼ਾਮੋਸ਼ੀ ਅਸਲ ਵਿੱਚ ਸੁਤੰਤਰ ਭਾਰਦਵਾਜ ਦੀ ਹਮਾਇਤ ਦਾ ਹੀ ਸਬੂਤ ਹੈ।

ਜੇਕਰ ਭਾਜਪਾ ਨੂੰ ਏਨੇ ਚਿਰ ਬਾਅਦ ਕਦੇ ਉਸ ਦੀ ਨਿੰਦਾ ਕਰਨੀ ਵੀ ਪਈ, ਤਾਂ ਉਸ ਦਾ ਮਤਲਬ ਇਹੋ ਹੋਵੇਗਾ ਕਿ ਉਹ ਅੰਦਰੋਂ ਅਜਿਹਾ ਕਰਨਾ ਨਹੀਂ ਚਾਹੁੰਦੀ ਸੀ, ਪਰ ਹਿੰਦੂਤਵ ਦੇ ਵਿਰੋਧੀ ਅਜੇ ਵੀ ਐਨੇ ਮਜ਼ਬੂਤ ਹਨ ਕਿ ਮਜਬੂਰੀ ਵੱਸ ਅਜਿਹਾ ਕਰਨਾ ਪਿਆ। ਇਸ ਦਾ ਅਸਿੱਧਾ ਮਤਲਬ ਇਹ ਹੋਵੇਗਾ ਕਿ ਸੁਤੰਤਰ ਭਾਰਦਵਾਜ ਦਾ ਰਾਹ ਗ਼ਲਤ ਨਹੀਂ ਹੈ, ਬੱਸ ਲੋੜ ਅਜਿਹੇ ਲੋਕਾਂ ਲਈ ਇੱਕ ਸੁਰੱਖਿਅਤ ਮਾਹੌਲ ਤਿਆਰ ਕਰਨ ਦੀ ਹੈ। ਇਹ ਤਾਂ ਹੀ ਮੁਮਕਿਨ ਹੋ ਸਕਦਾ ਹੈ ਜਦੋਂ ਭਾਜਪਾ ਨੂੰ ਬਿਨਾਂ ਕਿਸੇ ਰੋਕ-ਟੋਕ ਦੇ ਪੂਰੀ ਸੱਤਾ ਮਿਲ ਜਾਵੇ ਅਤੇ ਉਸ ਦੇ ਰਾਹ ਵਿੱਚੋਂ 'ਦਿਮਾਗ਼ੀ ਨਕਸਲੀ' ਕੰਡੇ ਹਟਾ ਦਿੱਤੇ ਜਾਣ। ਤਦ ਸੁਤੰਤਰ ਵਰਗੇ ਭਾਜਪਾ ਦੇ ਅਸਲ ਯਾਰਾਂ-ਦੋਸਤਾਂ ਨੂੰ ਕੋਈ ਖ਼ਤਰਾ ਨਹੀਂ ਰਹੇਗਾ।

ਪੱਤਰਕਾਰਾਂ ਨੇ ਇਹ ਸਾਫ਼ ਦਿਖਾਇਆ ਹੈ ਕਿ ਸੁਤੰਤਰ ਭਾਰਦਵਾਜ ਕੋਈ ਇਕੱਲਾ ਅਜਿਹਾ ਬੰਦਾ ਨਹੀਂ ਹੈ। ਉਸ ਤੋਂ ਪਹਿਲਾਂ ਦਕਸ਼ ਚੌਧਰੀ, ਪਿੰਕੀ ਚੌਧਰੀ, ਮੋਨੂ ਮਾਨੇਸਰ ਅਤੇ ਰਿਧੀਮਾ ਸ਼ਰਮਾ ਵਰਗੇ ਗੁੰਡੇ ਸ਼ਰ੍ਹੇਆਮ ਹਿੰਸਾ ਕਰਦੇ ਹੋਏ ਖ਼ੁਦ ਵੀਡੀਓ ਬਣਾਉਂਦੇ ਰਹੇ ਹਨ। ਉਨ੍ਹਾਂ ਦਾ ਨਿਸ਼ਾਨਾ ਹਮੇਸ਼ਾ ਮੁਸਲਮਾਨ ਜਾਂ ਈਸਾਈ ਹੁੰਦੇ ਹਨ, ਅਤੇ ਕਈ ਵਾਰ ਉਹ ਹਿੰਦੂ ਵੀ ਜਿਨ੍ਹਾਂ ਨੂੰ ਭਾਜਪਾ ਤੇ ਨਰਿੰਦਰ ਮੋਦੀ 'ਅਰਬਨ ਨਕਸਲ' ਜਾਂ 'ਦਿਮਾਗ਼ੀ ਨਕਸਲੀ' ਕਹਿੰਦੇ ਹਨ। ਇਨ੍ਹਾਂ ਗੁੰਡਿਆਂ ਵਿੱਚੋਂ ਬਹੁਤੇ 'ਉੱਚ ਜਾਤੀ' ਹਿੰਦੂ ਹੁੰਦੇ ਹਨ। ਇਨ੍ਹਾਂ ਦਾ ਹੌਸਲਾ ਵੱਖਰੀ ਕਿਸਮ ਦਾ ਹੈ, ਕਿਉਂਕਿ ਪੀੜ੍ਹੀਆਂ ਤੋਂ ਦਲਿਤਾਂ ਨੂੰ ਗਾਲ੍ਹਾਂ ਕੱਢਣ ਅਤੇ ਉਨ੍ਹਾਂ 'ਤੇ ਤਸ਼ੱਦਦ ਢਾਹੁਣ ਦੀ ਇਨ੍ਹਾਂ ਨੂੰ ਪੂਰੀ ਖੁੱਲ੍ਹ ਰਹੀ ਹੈ। ਸੰਵਿਧਾਨ ਨੇ ਹੁਣ ਉਸ ਹਿੰਸਾ ਨੂੰ, ਜਿਸ ਨੂੰ ਉਹ ਕਦੇ ਆਪਣਾ ਜੱਦੀ ਹੱਕ ਸਮਝਦੇ ਸਨ, ਜੁਰਮ ਕਰਾਰ ਦੇ ਦਿੱਤਾ ਹੈ।

ਅੱਜ 'ਉੱਚ ਜਾਤੀ' ਦੀ ਇਹ ਨਵੀਂ ਪੀੜ੍ਹੀ ਹਿੰਸਾ ਦਾ ਉਹੀ ਪੁਰਾਣਾ ਰਵਾਇਤੀ ਹੱਕ ਮੁੜ ਮੰਗ ਰਹੀ ਹੈ। ਇਹ ਗੱਲ ਭਾਰਤੀ ਜਨਤਾ ਪਾਰਟੀ ਨੂੰ ਬੜੀ ਰਾਸ ਆਉਂਦੀ ਹੈ, ਇਸੇ ਕਰਕੇ ਉਸ ਨੇ ਜੰਤਰ-ਮੰਤਰ 'ਤੇ ਰਾਖਵਾਂਕਰਨ ਵਿਰੋਧੀ ਧਰਨੇ 'ਤੇ ਵੀ ਚੁੱਪ ਵੱਟੀ ਹੋਈ ਹੈ।

ਭਾਜਪਾ ਅਤੇ ਸੁਤੰਤਰ ਭਾਰਦਵਾਜ ਦਾ ਗੱਠਜੋੜ ਦੇਸ਼ ਲਈ ਖ਼ਤਰਨਾਕ ਤਾਂ ਹੈ ਹੀ, ਪਰ ਇਹ ਸੁਭਾਵਿਕ ਵੀ ਹੈ। ਮੁਲਕ ਲਈ ਅਸਲ ਖ਼ਤਰਾ ਭਾਰਤੀ ਸਰਕਾਰੀ ਤੰਤਰ ਨਾਲ ਉਸ ਦਾ ਜੁੜ ਜਾਣਾ ਹੈ। ਇਸ ਲਈ ਜਿੰਨੀ ਭਾਜਪਾ ਜ਼ਿੰਮੇਵਾਰ ਹੈ, ਉਨਾ ਹੀ ਦੇਸ਼ ਦਾ ਪੁਲਿਸ ਅਤੇ ਪ੍ਰਸ਼ਾਸਨਿਕ ਢਾਂਚਾ ਵੀ ਦੋਸ਼ੀ ਹੈ। ਰਾਜ ਦੇ ਇਸ ਗੁੰਡਾਗਰਦੀ ਵੱਲ ਵਧ ਰਹੇ ਕਦਮ ਨੂੰ ਰੋਕਣਾ ਅੱਜ ਸਭ ਤੋਂ ਜ਼ਰੂਰੀ ਲੋੜ ਹੈ।

# ਕਾਰਪੋਰੇਟ ਕਰਜ਼ਿਆਂ ਦਾ 'ਜਲੇਬੀ ਜਾਲ'

ਲੋਕ ਮਿੱਤਰ ਗੌਤਮ

## 22 ਹਜ਼ਾਰ ਕਰੋੜ ਦੇ ਘੁਟਾਲੇ ਦਾ ਬੋਝ ਆਖ਼ਰ ਆਮ ਲੋਕਾਂ ਸਿਰ ਕਿਉਂ?

ਜ਼ੀ-ਮੀਡੀਆ ਗਰੁੱਪ ਦੇ ਮਾਲਕ ਸੁਭਾਸ਼ ਚੰਦਰਾ 'ਤੇ 22,006.57 ਕਰੋੜ ਰੁਪਏ ਦੇ ਕਰਜ਼ੇ ਦਾ ਨੈਸ਼ਨਲ ਕੰਪਨੀ ਲਾਅ ਟ੍ਰਿਬਿਊਨਲ (ਐੱਨ.ਸੀ.ਐੱਲ.ਟੀ.) ਦੁਆਰਾ ਸਿਰਫ਼ 6.25 ਕਰੋੜ ਰੁਪਏ ਵਿੱਚ ਨਿਪਟਾਰਾ ਕਰ ਦੇਣ ਵਰਗੀਆਂ ਘੁਟਾਲੇ ਦੀਆਂ ਸੁਰਖੀਆਂ ਅੱਜ-ਕੱਲ੍ਹ ਮੀਡੀਆ 'ਚ ਛਾਈਆਂ ਹੋਈਆਂ ਹਨ। ਸੁਭਾਸ਼ ਚੰਦਰਾ ਨੇ ਇਨ੍ਹਾਂ ਸਾਰੇ ਦੋਸ਼ਾਂ ਨੂੰ ਨਕਾਰਦਿਆਂ ਭਾਰਤ ਦੇ ਸਭ ਤੋਂ ਵੱਡੇ ਉਦਯੋਗਪਤੀ ਮੁਕੇਸ਼ ਅੰਬਾਨੀ 'ਤੇ ਉਸ ਨੂੰ ਜਨਤਕ ਤੌਰ 'ਤੇ ਬਦਨਾਮ ਕਰਨ ਦੇ ਦੋਸ਼ ਲਗਾਏ ਹਨ। ਉਨ੍ਹਾਂ ਧਮਕੀ ਦਿੱਤੀ ਹੈ ਕਿ ਜੇਕਰ ਅੰਬਾਨੀ ਦੀ ਮਲਕੀਅਤ ਵਾਲੇ ਟੀ.ਵੀ. ਚੈਨਲਾਂ ਨੇ ਉਸ ਨੂੰ ਬਦਨਾਮ ਕਰਨਾ ਬੰਦ ਨਾ ਕੀਤਾ, ਤਾਂ ਉਸ ਦਾ ਤਾਂ ਕੁਝ ਵੀ ਨਹੀਂ ਵਿਗੜੇਗਾ ਕਿਉਂਕਿ ਉਸ ਕੋਲ ਹੁਣ ਗੁਆਉਣ ਲਈ ਕੁਝ ਨਹੀਂ ਬਚਿਆ, ਪਰ ਉਹ ਮੁਕੇਸ਼ ਅੰਬਾਨੀ ਨੂੰ ਨਹੀਂ ਬਖ਼ਸ਼ੇਗਾ ਕਿਉਂਕਿ ਉਸ ਦੇ ਅਪਰਾਧਾਂ ਦੇ ਬਹੁਤ ਸਾਰੇ ਕਾਲੇ ਚਿੱਠੇ ਅਲਮਾਰੀ ਵਿੱਚ ਸਾਂਭੇ ਪਏ ਹਨ। ਦਰਅਸਲ, ਇਹ ਸਾਰਾ ਮਾਮਲਾ ਉਦਯੋਗਪਤੀਆਂ ਦੁਆਰਾ ਕਰਜ਼ੇ ਲੈ ਕੇ ਉਸ ਨੂੰ ਵਾਪਸ ਮੋੜਨ ਦੀ ਬਜਾਏ ਆਪਣੇ ਰਸੂਖ਼ ਨਾਲ ਨਿਪਟਾਰਾ ਕਰਵਾਉਣ (ਐਡਜਸਟ ਕਰਨ) ਦੀ ਸਾਜ਼ਿਸ਼ ਦਾ ਜਲੇਬੀ ਵਰਗਾ ਗੁੰਝਲਦਾਰ ਜਾਲ ਹੈ, ਜਿਸ ਲਈ ਵਰਤੀਆਂ ਗਈਆਂ ਚਾਲਾਂ ਤੁਹਾਨੂੰ ਹੈਰਾਨ ਕਰ ਦੇਣਗੀਆਂ। ਇਹ ਇੰਨੀ ਬਾਰੀਕੀ ਨਾਲ ਬੁਣੀ ਗਈ ਸਾਜ਼ਿਸ਼ ਹੈ ਕਿ ਪਹਿਲੀ ਨਜ਼ਰੇ ਇਹ ਕਿਸੇ ਸਾਜ਼ਿਸ਼ ਦੀ ਥਾਂ ਕਰਜ਼ੇ ਦੇ ਪ੍ਰਬੰਧਾਂ ਵਿੱਚ ਮੌਜੂਦ 'ਲੂਪ-ਹੋਲਜ਼' (ਕਾਨੂੰਨੀ ਚੋਰ-ਮੋਰੀਆਂ) ਵਾਂਗ ਹੀ ਜਾਪਦੀ ਹੈ, ਪਰ ਡੂੰਘਾਈ ਨਾਲ ਵੇਖਣ 'ਤੇ ਪਤਾ ਚੱਲਦਾ ਹੈ ਕਿ ਇਹ ਪਿਛਲੇ ਦਰਵਾਜ਼ੇ ਰਾਹੀਂ ਪੂਰੀ ਚਲਾਕੀ ਨਾਲ ਤਿਆਰ ਕੀਤੀ ਗਈ ਸਾਜ਼ਿਸ਼ ਹੈ। ਆਓ, ਪਹਿਲਾਂ ਇਸ ਪੂਰੇ ਮਾਮਲੇ ਨੂੰ ਸਮਝੀਏ।

ਐੱਸਲ ਗਰੁੱਪ ਤੇ ਜ਼ੀ ਮੀਡੀਆ ਗਰੁੱਪ ਦੇ ਸੰਸਥਾਪਕ ਸੁਭਾਸ਼ ਚੰਦਰਾ ਨੇ ਨਿੱਜੀ ਤੌਰ 'ਤੇ 22,000 ਕਰੋੜ ਰੁਪਏ ਦਾ ਕਰਜ਼ਾ ਨਹੀਂ ਲਿਆ ਸੀ, ਸਗੋਂ ਐੱਸਲ ਗਰੁੱਪ ਦੀਆਂ ਕੰਪਨੀਆਂ ਜਨਤਕ ਖੇਤਰ ਦੀਆਂ ਵਿੱਤੀ ਸੰਸਥਾਵਾਂ ਸਮੇਤ ਕਈ ਹੋਰ ਕਰਜ਼ਦਾਤਾਵਾਂ ਤੋਂ ਲਏ ਕਰਜ਼ਿਆਂ ਨੂੰ ਜਦੋਂ ਵਾਪਸ ਨਾ ਕਰ ਸਕੀਆਂ, ਤਾਂ ਐੱਨ.ਸੀ.ਐੱਲ.ਟੀ. ਨੇ ਇਸ ਕਰਜ਼ੇ ਦੇ ਮੁੱਖ ਗਾਰੰਟਰ ਸੁਭਾਸ਼ ਚੰਦਰਾ ਲਈ ਮੁੜ-ਅਦਾਇਗੀ ਦੇ ਰੂਪ 'ਚ ਇਸ ਰਕਮ ਨੂੰ ਸਿਰਫ਼ 6.25 ਕਰੋੜ ਰੁਪਏ ਵਿੱਚ ਨਿਪਟਾ ਦਿੱਤਾ ਸੀ। ਲੈਣਦਾਰਾਂ ਨੇ ਖ਼ੁਲਾਸਾ ਕੀਤਾ ਹੈ ਕਿ ਅਸਲ ਕਰਜ਼ਾ 22,006.57 ਕਰੋੜ ਰੁਪਏ ਸੀ, ਪਰ ਮੁੜ-ਅਦਾਇਗੀ ਯੋਜਨਾ ਤਹਿਤ ਨਿਰਧਾਰਤ ਭੁਗਤਾਨ ਅਸਲ ਰਕਮ ਦਾ ਸਿਰਫ਼ 0.003 ਫ਼ੀਸਦੀ (6.25 ਕਰੋੜ) ਹੈ, ਜੋ ਅਸਲ ਰਕਮ ਵਿੱਚ 99.97 ਫ਼ੀਸਦੀ ਦੀ




ਕਟੌਤੀ ਨੂੰ ਦਰਸਾਉਂਦਾ ਹੈ। ਇਹ ਮਾਮਲਾ ਮੀਡੀਆ ਵਿੱਚ ਇੱਕ ਸਨਸਨੀਖ਼ੇਜ਼ ਘੁਟਾਲੇ ਵਜੋਂ ਉੱਭਰਿਆ।

ਸਵਾਲ ਇਹ ਹੈ ਕਿ ਜਦੋਂ ਲੈਣਦਾਰਾਂ ਨੂੰ ਇਤਰਾਜ਼ ਸੀ, ਤਾਂ ਫਿਰ ਐੱਨ.ਸੀ.ਐੱਲ.ਟੀ. ਨੇ 6.25 ਕਰੋੜ ਰੁਪਏ ਦੀ ਮੁੜ-ਅਦਾਇਗੀ ਯੋਜਨਾ ਨੂੰ ਕਿਵੇਂ ਮਨਜ਼ੂਰੀ ਦੇ ਦਿੱਤੀ? ਇੰਨੀ ਵੱਡੀ ਦੇਣਦਾਰੀ ਦਾ ਸਿਰਫ਼ 0.003 ਫ਼ੀਸਦੀ ਜਿੰਨੀ ਮਾਮੂਲੀ ਰਕਮ ਨਾਲ ਨਿਪਟਾਰਾ ਕਰਨ ਦੀ ਕੋਈ ਤੁਕ ਨਹੀਂ ਬਣਦੀ, ਕਿਉਂਕਿ ਇਹ ਤਾਂ ਭੁਗਤਾਨਯੋਗ ਰਕਮ ਦਾ ਇੱਕ ਫ਼ੀਸਦੀ ਵੀ ਨਹੀਂ ਹੈ। ਵੱਡਾ ਸਵਾਲ ਇਹ ਹੈ ਕਿ ਐੱਨ.ਸੀ.ਐੱਲ.ਟੀ. ਨੇ ਇਸ ਯੋਜਨਾ ਨੂੰ ਕਿਵੇਂ ਮਨਜ਼ੂਰ ਕਰ ਲਿਆ? ਦਰਅਸਲ, ਇਸ ਪ੍ਰਵਾਨਗੀ ਦੇ ਪਿੱਛੇ ਦਾ ਗਣਿਤ ਇਹ ਹੈ ਕਿ ਮੁੜ-ਅਦਾਇਗੀ ਯੋਜਨਾ ਨੂੰ ਲੈਣਦਾਰਾਂ ਦੀ ਜਿਸ ਕਮੇਟੀ ਨੇ ਮਨਜ਼ੂਰੀ ਦਿੱਤੀ ਹੈ, ਉਸ ਕਮੇਟੀ ਦੇ 77.48 ਫ਼ੀਸਦੀ ਵੋਟ ਉਕਤ ਯੋਜਨਾ ਦੇ ਪੱਖ 'ਚ ਅਤੇ ਸਿਰਫ਼ 18.42 ਫ਼ੀਸਦੀ ਵੋਟ ਇਸ ਦੇ ਖ਼ਿਲਾਫ਼ ਸਨ, ਜਦਕਿ 4.10 ਫ਼ੀਸਦੀ ਲੈਣਦਾਰ ਪੂਰੀ ਵੋਟਿੰਗ ਪ੍ਰਕਿਰਿਆ ਤੋਂ ਦੂਰ ਰਹੇ।

ਇਸ ਵੱਡੀ ਕਰਜ਼ੇ ਦੀ ਰਕਮ ਬਦਲੇ ਸੁਭਾਸ਼ ਚੰਦਰਾ ਨੂੰ ਗਾਰੰਟਰ ਵਜੋਂ 6.25 ਕਰੋੜ ਰੁਪਏ ਅਤੇ ਐੱਸਲ ਗਰੁੱਪ ਦੀਆਂ ਮੂਲ ਕੰਪਨੀਆਂ ਨੂੰ 1,494 ਕਰੋੜ ਰੁਪਏ ਦੀ ਜਿਹੜੀ ਮੁੜ-ਅਦਾਇਗੀ ਯੋਜਨਾ ਨੂੰ ਮਨਜ਼ੂਰੀ ਦਿੱਤੀ ਗਈ ਹੈ, ਉਸ ਦੇ ਪਿੱਛੇ ਦੀ ਸਾਰੀ ਖੇਡ ਇਸ ਯੋਜਨਾ ਨੂੰ ਮਨਜ਼ੂਰੀ ਦੇਣ ਵਾਲੀ ਕਮੇਟੀ ਦੀ ਹੈ।

ਹੁਣ ਸਵਾਲ ਇਹ ਹੈ ਕਿ ਇਹ ਕਮੇਟੀ ਕੌਣ ਹੈ? ਜਦੋਂ ਐੱਨ.ਸੀ.ਐੱਲ.ਟੀ. 'ਤੇ ਦੋਸ਼ ਲੱਗੇ ਕਿ ਉਹ ਕਿਸੇ ਕਰਜ਼ਦਾਰ ਨੂੰ ਇੰਨੀ ਵੱਡੀ ਛੋਟ ਕਿਵੇਂ ਦੇ ਸਕਦਾ ਹੈ, ਤਾਂ ਉਸ ਦੀ ਦਲੀਲ ਸੀ ਕਿ ਅਦਾਲਤ ਲੈਣਦਾਰਾਂ ਦੀ ਵਪਾਰਕ ਸੂਝ-ਬੂਝ ਦੀ ਜਗ੍ਹਾ ਆਪਣਾ ਫ਼ੈਸਲਾ ਨਹੀਂ ਥੋਪ ਸਕਦੀ; ਅਤੇ ਲੈਣਦਾਰਾਂ ਨੂੰ ਲੱਗਦਾ ਹੈ ਕਿ ਸੁਭਾਸ਼ ਚੰਦਰਾ ਦੀਆਂ ਨਿੱਜੀ ਜਾਇਦਾਦਾਂ ਤੋਂ ਦੀਵਾਲੀਆਪਨ ਦੀ ਸਥਿਤੀ ਵਿੱਚ ਮਿਲਣ ਵਾਲੀ ਰਕਮ ਪ੍ਰਸਤਾਵਿਤ ਯੋਜਨਾ ਤੋਂ ਵੀ ਘੱਟ ਹੋ ਸਕਦੀ ਹੈ। ਇਸ ਲਈ ਉਪਲਬਧ ਰਕਮ ਨੂੰ ਸਵੀਕਾਰ ਕਰਨਾ ਹੀ ਸਭ ਤੋਂ ਵਧੀਆ ਮੰਨਿਆ ਗਿਆ। ਜਦਕਿ ਇਸ ਪੂਰੀ ਖੇਡ ਦਾ ਸਭ ਤੋਂ ਗੁੰਝਲਦਾਰ ਹਿੱਸਾ ਇਹ ਹੈ ਕਿ ਜਿਨ੍ਹਾਂ ਲੈਣਦਾਰਾਂ ਤੋਂ ਬਹੁਮਤ ਨਾਲ ਇਸ ਮੁੜ-ਅਦਾਇਗੀ ਯੋਜਨਾ ਲਈ ਸਹਿਮਤੀ ਲਈ ਗਈ, ਉਹ ਅਸਲ ਵਿੱਚ ਕੌਣ ਹਨ? ਵਿਵਾਦ ਦੀ ਅਸਲ ਧੁਰੀ ਵੀ ਉਹੀ ਹਨ। ਸੁਭਾਸ਼ ਚੰਦਰਾ ਦੀ 6.25 ਕਰੋੜ ਰੁਪਏ ਦੀ ਦੇਣਦਾਰੀ ਨੂੰ ਮਨਜ਼ੂਰੀ ਦੇਣ ਵਾਲੇ 5 ਲੈਣਦਾਰ ਹਨ—ਵੀਨਾ ਇਨਵੈਸਟਮੈਂਟ, ਡਾਇਰੈਕਟ ਮੀਡੀਆ ਡਿਸਟ੍ਰੀਬਿਊਸ਼ਨ ਵੈਂਚਰਸ, ਵਰਲਡ ਕ੍ਰੈਸਟ ਐਡਵਾਈਜ਼ਰ, ਲੈਮਨੇਡ ਕੈਪੀਟਲ ਐਡਵਾਈਜ਼ਰ ਅਤੇ ਕ੍ਰੋਪਸ ਸੇਲ ਕੈਪੀਟਲ ਐਡਵਾਈਜ਼ਰ। ਇਨ੍ਹਾਂ ਪੰਜਾਂ ਕੋਲ ਕੁੱਲ ਮਿਲਾ ਕੇ 61.71 ਫ਼ੀਸਦੀ ਵੋਟਿੰਗ ਸ਼ੇਅਰ ਸਨ ਅਤੇ ਉਹ ਚਾਹੁੰਦੇ ਸਨ ਕਿ ਸੁਭਾਸ਼ ਚੰਦਰਾ ਨੂੰ ਸਿਰਫ਼ 6.25 ਕਰੋੜ ਰੁਪਏ ਦੀ ਮੁੜ-ਅਦਾਇਗੀ ਨਾਲ ਮੁਕਤ ਕਰ ਦਿੱਤਾ ਜਾਵੇ। ਇਨ੍ਹਾਂ ਪੰਜਾਂ 'ਚੋਂ ਇਕੱਲੇ ਵਰਲਡ ਕ੍ਰੈਸਟ ਕੋਲ 28.49 ਫ਼ੀਸਦੀ ਵੋਟ ਸ਼ੇਅਰ ਸਨ, ਜਦੋਂ ਕਿ ਲੈਮਨੇਡ ਕੋਲ 16.85 ਫ਼ੀਸਦੀ ਵੋਟ ਸ਼ੇਅਰ ਸਨ।

ਹੁਣ ਸਵਾਲ ਇਹ ਹੈ ਕਿ ਇਨ੍ਹਾਂ ਪੰਜਾਂ ਨੇ ਸੁਭਾਸ਼ ਚੰਦਰਾ ਨੂੰ ਇੰਨੀ ਵੱਡੀ ਛੋਟ ਦੇਣ ਦੀ ਵਕਾਲਤ ਕਿਉਂ ਕੀਤੀ? ਦਰਅਸਲ, ਇਹ ਸਾਰੇ ਐੱਸਲ ਗਰੁੱਪ ਨਾਲ ਹੀ ਸੰਬੰਧਿਤ ਹਨ। ਵੀਨਾ ਇਨਵੈਸਟਮੈਂਟ ਦੀ ਚੇਅਰਮੈਨ ਸੁਸ਼ੀਲਾ ਦੇਵੀ ਗੋਇਲ, ਜਵਾਹਰ ਗੋਇਲ ਦੀ ਪਤਨੀ ਅਤੇ ਸੁਭਾਸ਼ ਚੰਦਰਾ ਦੀ ਭਰਜਾਈ ਹਨ। ਇਸ ਤਰ੍ਹਾਂ ਇਹ ਪੰਜੇ ਲੈਣਦਾਰ ਸੁਭਾਸ਼ ਚੰਦਰਾ ਦੇ ਸਹਿਯੋਗੀ ਜਾਂ ਉਨ੍ਹਾਂ ਦੇ ਪਰਿਵਾਰ ਨਾਲ ਸੰਬੰਧਿਤ ਹਨ। ਇਸ ਲਈ ਜਦੋਂ ਬਾਕੀ ਲੈਣਦਾਰਾਂ—ਐੱਲ.ਆਈ.ਸੀ. ਹਾਊਸਿੰਗ ਫਾਈਨਾਂਸ, ਕੇਨਰਾ ਬੈਂਕ, ਯੂਨੀਅਨ ਬੈਂਕ ਆਫ਼ ਇੰਡੀਆ ਅਤੇ ਐੱਚ.ਡੀ.ਐੱਫ.ਸੀ. ਬੈਂਕ ਨੇ ਵਿਰੋਧ ਕਰਦਿਆਂ ਇਨ੍ਹਾਂ ਦੇ ਵੋਟਿੰਗ ਸ਼ੇਅਰਾਂ ਨੂੰ ਰੱਦ ਕਰਨ ਲਈ ਕਿਹਾ, ਤਾਂ ਐੱਨ.ਸੀ.ਐੱਲ.ਟੀ. ਦਾ ਕਹਿਣਾ ਸੀ ਕਿ ਉਪਲਬਧ ਦਸਤਾਵੇਜ਼ਾਂ ਦੇ ਆਧਾਰ 'ਤੇ ਇਨ੍ਹਾਂ ਲੈਣਦਾਰਾਂ ਦੀ ਚੰਦਰਾ ਨਾਲ ਕਾਨੂੰਨੀ ਸਾਂਝ ਸਾਬਤ ਨਾ ਹੋਣ ਕਾਰਨ ਉਨ੍ਹਾਂ ਨੂੰ ਵੋਟਿੰਗ ਤੋਂ ਬਾਹਰ ਨਹੀਂ ਰੱਖਿਆ ਜਾ ਸਕਦਾ।

(ਬਾਕੀ ਸਫ਼ਾ 27 'ਤੇ)

# ਆਜ਼ਾਦੀ ਦੇ ਨਾਂਅ ਹੇਠ ਮਿਲੀ ਗ਼ੁਲਾਮੀ ਦੀ ਦਾਸਤਾਨ

ਡਾ. ਗੁਰਵਿੰਦਰ ਸਿੰਘ



## ਪੰਜਾਬੀ ਸੂਬੇ ਦੇ ਪਹਿਲੇ ਸ਼ਹੀਦ ਕਾਕਾ ਇੰਦਰਜੀਤ ਸਿੰਘ ਕਰਨਾਲ

ਇਹ ਇਤਿਹਾਸਕ ਘਟਨਾ 21 ਸਤੰਬਰ 1960 ਦੀ ਹੈ। ਉਨੀਂ ਦਿਨੀਂ 'ਪੰਜਾਬੀ ਸੂਬੇ' ਦਾ ਮੋਰਚਾ ਜ਼ੋਰਾਂ 'ਤੇ ਸੀ। 'ਪੰਜਾਬੀ ਬੋਲੀ ਦੀ ਜੈ-ਜੈ ਕਾਰ' ਦੇ ਬਣੇ ਨਾਅਰਿਆਂ ਅਤੇ ਚੜ੍ਹਦੀ ਕਲਾ ਦੇ ਜੈਕਾਰਿਆਂ 'ਤੇ ਪਾਬੰਦੀ ਲਾ ਦਿੱਤੀ ਗਈ ਸੀ। ਪੰਜਾਬ ਸਰਕਾਰ ਨੇ ਪੰਜਾਬ ਪੁਲਿਸ ਨੂੰ ਇਹ ਹੁਕਮ ਦਿੱਤੇ ਸਨ ਕਿ 'ਪੰਜਾਬੀ ਸੂਬਾ ਜ਼ਿੰਦਾਬਾਦ' ਦੇ ਨਾਅਰੇ ਲਾਉਣ ਵਾਲਿਆਂ ਨੂੰ ਤੁਰੰਤ ਗ੍ਰਿਫ਼ਤਾਰ ਕੀਤਾ ਜਾਏ ਜਾਂ ਮੌਕੇ 'ਤੇ ਤਸ਼ੱਦਦ ਦਾ ਸ਼ਿਕਾਰ ਬਣਾਇਆ ਜਾਏ। ਉਸ ਸਮੇਂ ਜਦੋਂ ਕਰਨਾਲ (ਮੌਜੂਦਾ ਹਰਿਆਣਾ) ਵੀ ਪੰਜਾਬ ਦਾ ਹਿੱਸਾ ਸੀ, ਉਦੋਂ ਮੋਗਾ ਸਥਿਤ ਸਿੱਖ ਪਰਿਵਾਰ ਦਾ ਬੱਚਾ ਆਪਣੀ ਰਿਸ਼ਤੇਦਾਰੀ ਵਿੱਚ ਕਰਨਾਲ ਗਿਆ ਹੋਇਆ ਸੀ। ਕਾਕਾ ਇੰਦਰਜੀਤ ਸਿੰਘ, ਮੋਗਾ ਦੇ ਭੁਪਿੰਦਰਾ ਹਾਈ ਸਕੂਲ ਵਿੱਚ ਪੰਜਵੀਂ ਜਮਾਤ ਵਿੱਚ ਪੜ੍ਹਦਾ ਸੀ ਤੇ ਉਮਰ ਕਰੀਬ ਦਸ ਕੁ ਸਾਲ ਸੀ।21 ਸਤੰਬਰ ਨੂੰ ਕਰਨਾਲ 'ਚ ਆਪਣੀ ਉਮਰ ਦੇ ਬੱਚਿਆਂ ਨਾਲ ਇੰਦਰਜੀਤ ਸਿੰਘ ਖੇਡਦੇ ਹੋਏ, 'ਪੰਜਾਬੀ ਬੋਲੀ ਜ਼ਿੰਦਾਬਾਦ' ਤੇ 'ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ' ਦੇ ਜੈਕਾਰੇ ਛੱਡਣ ਲੱਗ ਪਿਆ। ਉਸ ਇਲਾਕੇ ਵਿੱਚ ਤਾਇਨਾਤ ਪੁਲਿਸ ਨੇ ਇਨ੍ਹਾਂ ਬੱਚਿਆਂ ਨੂੰ ਜ਼ਿੰਦਾਬਾਦ ਦੇ ਨਾਅਰੇ ਤੇ ਜੈਕਾਰੇ ਲਗਾਉਣ ਤੋਂ ਜਬਰੀ ਰੋਕਣਾ ਚਾਹਿਆ, ਪਰ ਬੱਚੇ ਨਿਡਰਤਾ ਨਾਲ ਹੋਰ ਜ਼ੋਰ-ਜ਼ੋਰ ਦੀ ਨਾਅਰੇ ਲਗਾਉਣ ਲੱਗੇ। ਇਨ੍ਹਾਂ ਬੱਚਿਆਂ ਵਿੱਚੋਂ ਕਾਕਾ ਇੰਦਰਜੀਤ ਸਿੰਘ ਹੱਦੋਂ ਵੱਧ ਜੋਸ਼ੀਲੇ ਰੂਪ ਵਿੱਚ ਪੁਲਿਸ ਵਾਲਿਆਂ ਨੂੰ ਕਹਿਣ ਲੱਗਿਆ, 'ਅਸੀਂ ਗੁਰੂ ਗੋਬਿੰਦ ਸਿੰਘ ਜੀ ਦੇ ਬੱਚੇ ਹਾਂ, ਡਰਨ ਵਾਲੇ ਨਹੀਂ'।

ਦਸ ਸਾਲ ਦੇ ਬੱਚੇ ਇੰਦਰਜੀਤ ਸਿੰਘ ਤੋਂ ਲਲਕਾਰ ਸੁਣਦਿਆਂ ਹੀ ਪੁਲਿਸ ਵਾਲੇ ਸ਼ੈਤਾਨ ਬਣ ਗਏ ਅਤੇ ਬੱਚੇ ਨੂੰ ਭਿਆਨਕ ਦਰਿੰਦਗੀ ਨਾਲ ਬੇਹਤਾਸ਼ਾ ਕੁੱਟਣ ਲੱਗੇ। ਇਹ ਦਸ਼ਮੇਸ਼ ਪਿਤਾ ਦੇ ਸਾਹਿਬਜ਼ਾਦਿਆਂ ਦੀ ਰੂਹਾਨੀ ਬਖ਼ਸ਼ਿਸ਼ ਜਾਂ ਅੰਦਰੋਂ ਸਿੱਖੀ ਦੇ ਬੁਲੰਦ ਜ਼ਜਬੇ ਦਾ ਅਸਰ ਹੀ ਸੀ ਕਿ ਕਾਕਾ ਇੰਦਰਜੀਤ ਸਿੰਘ ਕੁੱਟਮਾਰ ਮਗਰੋਂ, ਹੋਰ ਵੀ ਬੇਖੌਫ ਹੋ ਗਿਆ ਅਤੇ ਦਰਿੰਦੇ ਪੁਲਸੀਆਂ ਅੱਗੇ 'ਪੰਜਾਬੀ ਬੋਲੀ ਜ਼ਿੰਦਾਬਾਦ', 'ਪੰਜਾਬੀ ਸੂਬਾ ਜ਼ਿੰਦਾਬਾਦ', 'ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ' ਦੇ ਜੈਕਾਰੇ ਹੋਰ ਗਜ-ਵਜ ਕੇ ਲਾਉਣ ਲੱਗਾ। ਇਉਂ ਜਾਪਦਾ ਸੀ ਜਿਵੇਂ ਸਦੀਆਂ ਪਹਿਲਾਂ ਸਾਹਿਬਜ਼ਾਦਿਆਂ ਦੀ ਸ਼ਹਾਦਤ ਦਾ ਦ੍ਰਿਸ਼ ਮੁੜ ਇਤਿਹਾਸ ਦੇ ਪੰਨਿਆਂ 'ਤੇ ਰੂਪਮਾਨ ਹੋ ਰਿਹਾ ਹੋਵੇ। ਕਾਕਾ ਇੰਦਰਜੀਤ ਸਿੰਘ ਨੇ ਗਰਜ ਕੇ ਕਿਹਾ ਕਿ ਜੇ ਸੱਤ ਅਤੇ ਨੌਂ ਸਾਲ ਦੇ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫ਼ਤਹਿ ਸਿੰਘ ਸ਼ਹੀਦ ਹੋ ਸਕਦੇ ਹਨ, ਉਹ ਵੀ ਤਾਂ ਗੁਰੂ ਦੇ ਲਾਲ ਹੀ ਹੈ, ਫਿਰ ਸ਼ਹੀਦ ਕਿਉਂ ਨਹੀਂ ਹੋ ਸਕਦਾ। ਇਤਿਹਾਸ ਨੂੰ ਦੁਹਰਾਉਂਦੀ ਇਸ ਘਟਨਾ ਨੂੰ ਲਿਖਦੇ ਹੋਏ, ਕਲਮ ਕੁਰਲਾ ਉੱਠਦੀ ਹੈ।

ਇੱਕ ਪਾਸੇ ਦਸ ਸਾਲ ਦਾ ਬੱਚਾ ਤੇ ਦੂਜੇ ਪਾਸੇ ਜ਼ਾਲਮ ਪੁਲਸੀਆਂ ਦੀ ਧਾੜ। ਪਹਿਲਾਂ ਡਾਂਗਾਂ-ਸੋਟੀਆਂ ਦੀ ਕੁੱਟਮਾਰ, ਫਿਰ ਲੱਤਾਂ 'ਤੇ ਗੋਲੀਆਂ ਵਰ੍ਹਾਈਆਂ ਗਈਆਂ, ਪਰ ਜ਼ਖਮੀ ਜਿਸਮ ਵਿੱਚੋਂ ਵੀ ਪੰਜਾਬੀ ਬੋਲੀ ਜ਼ਿੰਦਾਬਾਦ ਦੇ ਨਾਅਰੇ ਅਤੇ ਗੁਰੂ ਦੇ ਜੈਕਾਰੇ ਗੂੰਜ ਰਹੇ ਸਨ। ਬੁੱਚੜ ਪੁਲਿਸ ਅਧਿਕਾਰੀਆਂ ਨੇ ਕਾਕਾ ਇੰਦਰਜੀਤ ਸਿੰਘ ਦੀਆਂ ਅੱਖਾਂ ਕਢ ਦਿਤੀਆਂ, ਬਾਂਹ ਵੱਢ ਦਿੱਤੀ ਗਈ, ਡਾਂਗਾਂ ਨਾਲ ਭੰਨਿਆ ਤੇ ਗੋਲੀਆਂ ਨਾਲ ਭੁੰਨਿਆ। ਪੰਜਾਬੀ ਬੋਲੀ ਤੇ ਪੰਜਾਬੀ ਸੂਬੇ ਦੇ ਦੁਸ਼ਮਣਾਂ ਨੇ ਉਸ ਨੂੰ ਅਧਮੋਇਆ ਕਰ ਦਿੱਤਾ। ਬਾਲ ਇੰਦਰਜੀਤ ਸਿੰਘ ਅਜੇ ਜਿਊਂਦਾ ਸੀ, ਉਸ ਦੇ ਅੰਦਰ ਮਾਂ ਬੋਲੀ ਦੀ ਮੁਹੱਬਤ ਠਾਠਾਂ ਮਾਰ ਰਹੀ ਸੀ। ਸਾਹਾਂ ਦੀ ਡੋਰ ਅਜੇ ਟੁੱਟੀ ਨਹੀਂ ਸੀ, ਪਰ ਚੱਲਦੇ ਸਾਹਾਂ ਵਾਲੇ ਮਾਸੂਮ ਬਾਲ ਨੂੰ ਖੂਹ ਵਿੱਚ ਸੁੱਟ ਦਿੱਤਾ ਗਿਆ। ਕਾਕਾ ਇੰਦਰਜੀਤ ਸਿੰਘ ਨੂੰ ਜਿਸ ਤਰੀਕੇ ਨਾਲ ਤਸ਼ੱਦਦ ਕਰਦਿਆਂ ਸ਼ਹੀਦ ਕੀਤਾ ਗਿਆ, ਇਹ ਦਾਸਤਾਨ ਕਥਨ ਤੋਂ ਬਾਹਰ ਹੈ। ਪੰਜਾਬੀ ਪਿਆਰ ਵਿੱਚ ਭਿੱਜੇ ਇਸ ਬੱਚੇ ਦੀ ਸ਼ਹੀਦੀ ਮੌਕੇ ਮਾਂ-ਬੋਲੀ ਨੇ ਕਿੰਨੇ ਵੈਣ ਪਾਏ ਹੋਣਗੇ, ਕਿੰਨਾ ਤੜਫੀ ਹੋਵੇਗੀ ਅਤੇ ਉਸ ਨੂੰ ਆਪਣੀ ਗੋਦ 'ਚ ਲੈ ਕੇ ਆਖ਼ਰੀ ਸਮੇਂ ਕਿਹੜੇ ਦਰਦ ਭਰੇ ਸ਼ਬਦ ਉਚਾਰੇ ਹੋਣਗੇ, ਇਹ ਬਿਆਨ ਕਰਨਾ ਕਿਸੇ ਲੇਖਕ, ਸ਼ਾਇਰ ਜਾਂ ਗਵੱਈਏ ਦੇ ਵੱਸ ਦੀ ਗੱਲ ਨਹੀਂ। ਇੰਦਰਜੀਤ ਸਿੰਘ ਦੀ ਸ਼ਹੀਦੀ ਹੋਣ ਮਗਰੋਂ ਜਦੋਂ ਉਸ ਦੀ ਮ੍ਰਿਤਕ ਦੇਹ ਦਰਸ਼ਨਾਂ ਲਈ ਰੱਖੀ ਗਈ, ਤਾਂ ਪੰਜਾਬ ਦੀ ਅਜਿਹੀ ਕੋਈ ਅੱਖ ਨਹੀ ਸੀ, ਜਿਸ 'ਚੋਂ ਹੰਝੂ ਨਾ ਕਿਰੇ ਹੋਣ।



21 ਸਤੰਬਰ ਦਾ ਦਿਨ, ਪੰਜਾਬੀ ਬੋਲੀ ਦੇ ਆਧਾਰ 'ਤੇ ਕਾਇਮ ਹੋਏ ਸੂਬੇ ਦੀ ਸ਼ਹਾਦਤ ਦੀ ਦਾਸਤਾਨ ਬਿਆਨ ਕਰਦਾ ਹੈ। ਪੰਜਾਬੀ ਬੋਲੀ ਦੀ ਹੋਂਦ ਨੂੰ ਬਚਾਉਣ ਖਾਤਰ ਪੰਜਾਬੀ ਸੂਬੇ ਦਾ ਮੋਰਚਾ ਲਗਾਉਣ ਵਾਲੇ ਮਹਾਨ ਸ਼ਹੀਦਾਂ ਦੀ ਸੂਚੀ ਵਿੱਚ ਕਾਕਾ ਇੰਦਰਜੀਤ ਸਿੰਘ ਕਰਨਾਲ ਸੰਘਰਸ਼ ਦਾ ਸਭ ਤੋਂ ਛੋਟੀ ਉਮਰ ਦਾ ਸ਼ਹੀਦ ਹੈ, ਜਿਸ ਨੇ 'ਪੰਜਾਬੀ ਬੋਲੀ ਜ਼ਿੰਦਾਬਾਦ' ਦੇ ਨਾਅਰੇ ਬੁਲੰਦ ਕਰਦਿਆਂ ਸ਼ਹੀਦੀ ਪਾਈ। ਪੰਜਾਬੀ ਸੂਬੇ ਦਾ ਮੋਰਚਾ ਲੰਬਾ ਸਮਾਂ ਚੱਲਿਆ ਅਤੇ ਇਸ ਵਿੱਚ ਹਜ਼ਾਰਾਂ ਯੋਧਿਆਂ ਨੇ ਕੁਰਬਾਨੀਆਂ ਦਿੱਤੀਆਂ ਤੇ ਜੇਲ-ਯਾਤਰਾਵਾਂ ਕੀਤੀਆਂ, ਤਸ਼ੱਦਦ ਝੱਲੇ।

ਅੱਜ ਤੋਂ 60 ਵਰ੍ਹੇ ਪਹਿਲਾਂ 1 ਨਵੰਬਰ 1966 ਈਸਵੀ ਨੂੰ ਪੰਜਾਬੀਆਂ ਨੂੰ ਕੱਟਿਆ-ਵੱਢਿਆ ਲੰਗੜਾ ਪੰਜਾਬ ਸੂਬਾ ਦੇ ਕੇ ਅਭੁੱਲ ਵਿਸ਼ਵਾਸਘਾਤ ਕੀਤਾ ਗਿਆ। ਜਿਸ ਦੇਸ਼ ਨੂੰ ਗੁਲਾਮੀ ਦੇ ਸ਼ਿਕੰਜੇ ਤੋਂ ਨਿਜਾਤ ਦਿਵਾਉਣ ਲਈ ਪੰਜਾਬੀਆਂ ਨੇ ਪਚਾਨਵੇਂ ਫੀਸਦੀ ਕੁਰਬਾਨੀਆਂ ਕੀਤੀਆਂ, ਉਸੇ ਦੀ ਅਖੌਤੀ ਲੋਕ-ਪੱਖੀ ਪ੍ਰਸ਼ਾਸਨ ਪ੍ਰਣਾਲੀ ਤੇ ਨਿਆਂ ਪਾਲਿਕਾ ਨੇ ਸਿੱਖਾਂ ਨਾਲ ਹਮੇਸ਼ਾ ਵਿਤਕਰਾ ਅਤੇ ਅਨਿਆਂ ਕੀਤਾ। ਸਿੱਖਾਂ ਦੇ ਪੱਲੇ ਹਮੇਸ਼ਾ ਤਬਾਹੀ ਤੇ ਖ਼ੁਆਰੀ ਹੀ ਆਈ। ਜਦ ਸੰਤਾਲੀ ਦੀ ਵੰਡ ਹੋਈ, ਪੰਜਾਬ ਦੇ ਦੋ ਟੁੱਕੜੇ ਹੋ ਗਏ। ਪੰਜਾਂ ਪਾਣੀਆਂ ਦੇ ਸੁਮੇਲ ਤੋਂ ਬਣਿਆ 'ਪੰਜ-ਆਬ' ਸਿਰਫ਼ 'ਢਾਈ-ਆਬ' ਹੀ ਰਹਿ ਗਿਆ। ਫਿਰ 1966 ਦੀ ਵੰਡ ਹੋਈ, ਤਾਂ ਪੰਜਾਬ ਦਾ ਪੁਨਰਗਠਨ ਕਰਕੇ ਨਵਾਂ ਸੂਬਾ ਹਰਿਆਣਾ ਬਣਾ ਦਿੱਤਾ ਗਿਆ ਤੇ ਪੰਜਾਬ ਛੋਟੀ ਜਿਹੀ 'ਸੂਬੀ' ਬਣਕੇ ਰਹਿ ਗਿਆ। ਹਕੀਕਤ ਤਾਂ ਇਹ ਹੈ ਕਿ ਪੰਜਾਬੀਆਂ ਨੇ ਸਭਨਾਂ ਨਾਲ ਵਫ਼ਾ ਕੀਤੀ, ਉਨ੍ਹਾਂ ਸਭਨਾਂ ਨੇ ਹੀ ਪੰਜਾਬੀਆਂ ਨਾਲ ਬੇਵਫ਼ਾਈ ਕੀਤੀ।

ਆਜ਼ਾਦੀ ਦੇ ਸੰਘਰਸ਼ ਤੋਂ ਦੌਰਾਨ ਜਦ ਫਾਂਸੀਆਂ ਦੇ ਰੱਸੇ ਚੁੰਮਣੇ ਸਨ, ਕਾਲੇ ਪਾਣੀਆਂ ਦੀ ਸਜ਼ਾ ਭੋਗਣੀ ਸੀ, ਉਮਰ ਕੈਦਾਂ ਦੀ ਸਜ਼ਾ ਕੱਟਣੀ ਸੀ, ਤਦ ਚਲਾਕ ਲੂੰਬੜਾਂ ਵਰਗੇ ਚਾਲਬਾਜ਼ ਮੋਮੋਠੱਗਣੇ ਰਾਸ਼ਟਰਵਾਦੀ ਲੀਡਰਾਂ ਨੇ ਸਿੱਖਾਂ ਨੂੰ ਆਪਣੀਆਂ ਝੂਠੀਆਂ ਕਸਮਾਂ ਤੇ ਵਾਅਦਿਆਂ ਦੇ ਸ਼ਬਦ-ਜਾਲ ਵਿੱਚ ਬੁਰੀ ਤਰ੍ਹਾਂ ਫਸਾਇਆ। ਇਸ ਸਬੰਧੀ 6 ਜੁਲਾਈ 1947 ਨੂੰ ਕਾਂਗਰਸ ਦੇ ਪ੍ਰਧਾਨ ਪੰਡਿਤ ਨਹਿਰੂ ਦੇ ਸ਼ਬਦ ਜ਼ਿਕਰਯੋਗ ਹਨ, 'ਪੰਜਾਬ ਦੇ ਬਹਾਦਰ ਸਿੱਖ ਵਿਸ਼ੇਸ਼ ਸਲੂਕ ਦੇ ਅਧਿਕਾਰੀ ਹਨ। ਮੈਨੂੰ ਇਸ ਵਿੱਚ ਕੋਈ ਔਖਿਆਈ ਨਹੀਂ ਦਿਸਦੀ ਕਿ ਹਿੰਦੁਸਤਾਨ ਦੇ ਉਤਰ ਵਿੱਚ ਇਕ ਅਜਿਹਾ ਇਲਾਕਾ ਵੱਖਰਾ ਕਰ ਦਿੱਤਾ ਜਾਏ, ਜਿਥੇ ਕਿ ਸੁਤੰਤਰਤਾ ਦਾ ਨਿੱਘ ਸਿੱਖਾਂ ਦੇ ਲਹੂ ਨੂੰ ਵੀ ਗਰਮਾਏ।' ਪਰ ਸਿਤਮਜ਼ਰੀਫੀ ਵੇਖੋ ਕਿ ਸਿੱਖ ਲੀਡਰ ਮਾਸਟਰ ਤਾਰਾ ਸਿੰਘ ਨੇ ਜਦੋਂ ਪ੍ਰਧਾਨ ਮੰਤਰੀ ਬਣਨ 'ਤੇ ਪੰਡਿਤ ਜਵਾਹਰ ਲਾਲ ਨੂੰ ਆਪਣਾ ਵਾਅਦਾ ਯਾਦ ਕਰਵਾਇਆ, ਤਾਂ ਉਸਨੇ ਟਕੇ ਵਰਗਾ ਕੋਰਾ ਜੁਆਬ ਦਿੰਦਿਆ ਕਿਹਾ, 'ਹੁਣ ਸਮਾਂ ਬਦਲ ਗਿਆ ਹੈ।' ਇਥੇ ਹੀ ਬੱਸ ਨਹੀਂ , ਕੱਟੜ ਹਿੰਦੂਤਵੀ ਗ੍ਰਹਿ ਮੰਤਰੀ ਵਲਭ ਭਾਈ ਪਟੇਲ ਨੇ ਤਾਂ ਇਥੋਂ ਤੱਕ ਆਖ ਦਿੱਤਾ, 'ਹੁਣ ਸਿੱਖਾਂ ਦੀ ਭਲਾਈ ਇਸ ਵਿੱਚ ਹੈ ਕਿ ਉਹ ਆਪਣੀ ਵੱਖਰੀ ਹੋਂਦ ਨੂੰ ਭੁਲ ਕੇ, ਦੇਸ਼ ਦੀ ਗਣਤੰਤਰ ਪ੍ਰਣਾਲੀ ਵਿੱਚ ਆਪਣੇ ਆਪ ਨੂੰ ਸਮੋ ਲੈਣ'।

ਮੁਲਕ ਦੀ ਆਜ਼ਾਦੀ ਦੀ ਲੜਾਈ ਵੇਲੇ ਕਾਂਗਰਸ ਵੱਲੋਂ ਕਈ ਵਾਰ ਅਜਿਹੇ ਮਤੇ ਪੇਸ਼ ਕੀਤੇ ਗਏ ਕਿ ਆਜ਼ਾਦੀ ਮਗਰੋਂ ਭਾਰਤ ਵਿੱਚ ਭਾਸ਼ਾ ਦੇ ਆਧਾਰ ਤੇ ਸੂਬਿਆਂ ਦਾ ਗਠਨ ਕੀਤਾ ਜਾਵੇਗਾ।22 ਦਸੰਬਰ 1953 ਈ. ਨੂੰ ਪ੍ਰਾਂਤਾਂ ਦੀ ਨਵੀਂ ਹੱਦਬੰਦੀ ਤੇ ਪੁਨਰਗਠਨ ਲਈ ਕਮਿਸ਼ਨ ਬਣਾਇਆ ਗਿਆ ਤੇ ਲੋਕਾਂ ਤੋਂ ਇਸ ਸਬੰਧੀ ਸੁਝਾਅ ਮੰਗੇ ਗਏ। ਉਸ ਵੇਲੇ ਦੀ ਪੰਜਾਬ ਸਰਕਾਰ, ਜਨਸੰਘ (ਭਾਰਤੀ ਜਨਤਾ ਪਾਰਟੀ) ਤੇ ਆਰੀਆ ਸਮਾਜ ਨੇ 'ਪੰਜਾਬੀ ਭਾਸ਼ਾ' ਦੇ ਅਧਾਰ ਤੇ ਬਣ ਰਹੇ ਸੂਬੇ ਦਾ ਹੀ ਵਿਰੋਧ ਨਹੀਂ ਕੀਤਾ, ਬਲਕਿ ਹਿਮਾਚਲ ਪ੍ਰਦੇਸ਼ ਨੂੰ ਵੀ ਪੰਜਾਬ ਵਿੱਚ ਮਿਲਾਕੇ 'ਮਹਾਂ-ਪੰਜਾਬ' ਬਣਾਉਣ ਦਾ ਮੈਮੋਰੰਡਮ ਦਿੱਤਾ। ਦੂਸਰੇ ਪਾਸੇ ਸ਼੍ਰੋਮਣੀ ਅਕਾਲੀ ਦਲ ਨੇ ਪੰਜਾਬੀ ਸੂਬੇ ਦੇ ਹੱਕ ਵਿੱਚ ਮੈਮੋਰੰਡਮ ਦਿੱਤਾ, ਜਿਸ ਅਨੁਸਾਰ ਭਾਸ਼ਾ ਦੇ ਆਧਾਰ 'ਤੇ ਪੰਜਾਬ ਸੂਬਾ 35,458 ਵਰਗ ਮੀਲ ਖੇਤਰ ਵਾਲਾ ਤੇ ਇੱਕ ਕਰੋੜ ਉੱਨੀ ਲੱਖ ਦੀ ਆਬਾਦੀ ਵਾਲਾ ਬਣਦਾ ਸੀ, ਜਿਸ ਵਿੱਚ ਸਿੱਖਾਂ ਦੀ ਵਸੋਂ 40 ਫੀਸਦੀ ਸੀ। ਪਰ ਹੋਇਆ ਇਸ ਦੇ ਉਲਟ, ਕਮਿਸ਼ਨ ਦੀ ਰਿਪੋਰਟ ਅਨੁਸਾਰ ਫ਼ੈਸਲਾ ਕਰਦੇ ਹੋਏ ਪੈਪਸੂ ਨੂੰ ਵੀ 1 ਨਵੰਬਰ 1956 ਨੂੰ ਪੰਜਾਬ ਵਿੱਚ ਮਿਲਾ ਦਿੱਤਾ ਗਿਆ ਤੇ ਕੋਸ਼ਿਸ਼ ਹਿਮਾਚਲ ਨੂੰ ਵੀ ਇਸ ਨਾਲ ਰਲਾ ਕੇ 'ਮਹਾਂ- ਪੰਜਾਬ' ਬਣਾਉਣ ਦੀ ਵੀ ਹੋਈ,ਪਰ ਇਸ ਪਹਾੜੀ ਰਾਜ ਦੇ ਉਸ ਵੇਲੇ ਮੁੱਖ ਮੰਤਰੀ ਡਾਕਟਰ ਯਸ਼ਵੰਤ ਸਿੰਘ ਪਰਮਾਰ ਦੇ ਸਖ਼ਤ ਵਿਰੋਧ ਕਾਰਨ ਸਫ਼ਲ ਨਾ ਹੋ ਸਕੀ। ਪੰਜਾਬੀਆਂ ਵਾਸਤੇ ਇਨਸਾਫ ਮੰਗਣ ਲਈ ਮਾਸਟਰ ਤਾਰਾ ਸਿੰਘ ਫਿਰ ਨਹਿਰੂ ਦੁਆਰੇ ਪਹੁੰਚੇ, ਪਰ ਪੱਲੇ ਨਮੋਸ਼ੀ ਹੀ ਪਈ ।

ਪੰਜਾਬੀ ਭਾਈਚਾਰੇ ਵਿੱਚ ਰੋਸ ਵੀ ਦਿਨੋਂ-ਦਿਨ ਵਧਦਾ ਗਿਆ ਤੇ 11 ਫਰਵਰੀ ਨੂੰ ਅੰਮ੍ਰਿਤਸਰ ਸ਼ਹਿਰ ਵਿੱਚ ਪੰਜਾਬੀ ਸੂਬੇ ਦੀ ਪ੍ਰਾਪਤੀ ਲਈ ਲੋਕ ਸ਼ਕਤੀ ਦਾ ਪ੍ਰਦਰਸ਼ਨ ਇੱਕ ਵਿਸ਼ਾਲ ਜਲੂਸ ਦੇ ਰੂਪ ਵਿੱਚ ਕੀਤਾ ਗਿਆ। ਇਸ ਇਤਿਹਾਸਕ 9 ਕਿਲੋਮੀਟਰ ਲੰਮੇ ਜਲੂਸ ਵਿੱਚ ਪੰਜ ਲੱਖ ਪੰਜਾਬੀਆਂ ਨੇ ਸ਼ਾਮਿਲ ਹੋ ਕੇ ਪੰਜਾਬੀ ਪ੍ਰਾਂਤ ਦੀ ਮੰਗ ਜ਼ੋਰਦਾਰ ਢੰਗ ਨਾਲ ਉਠਾਈ, ਪਰ ਕੋਈ ਨਤੀਜਾ ਨਾ ਨਿਕਲਿਆ। ਨਿਰਾਸ਼ਾ ਦੇ ਆਲਮ ਦੀ ਸ਼ਿਕਾਰ ਸਿੱਖ ਕੌਮ ਨੂੰ ਪੂਰੇ ਦੇਸ਼ ਦੀ ਅਜ਼ਾਦੀ ਵਾਸਤੇ ਸ਼ਹੀਦੀਆਂ ਦੇਣ ਮਗਰੋਂ , ਇੱਕ ਵਾਰ ਫਿਰ 'ਆਪਣੇ ਹੀ ਸਾਜਿਆਂ' ਹੱਥੋਂ ਮਿਲੇ ਗੁਲਾਮੀ ਦੇ ਤੋਹਫ਼ੇ ਤੋਂ ਖਲਾਸੀ ਪਾਉਣ ਲਈ ਸ਼ਹਾਦਤ ਦਾ ਰਾਹ ਅਪਨਾਉਣਾ ਪਿਆ। ਪੰਜਾਬੀ ਸੂਬੇ ਦਾ ਮੋਰਚਾ ਲੰਬਾ ਸਮਾਂ ਚੱਲਿਆ ਅਤੇ ਇਸ ਵਿੱਚ ਹਜ਼ਾਰਾਂ ਹੀ ਯੋਧਿਆਂ ਨੇ ਕੁਰਬਾਨੀਆਂ ਦਿੱਤੀਆਂ, ਜੇਲ- ਯਾਤਰਾਵਾਂ ਕੀਤੀਆਂ ਤੇ ਤਸ਼ੱਦਦ ਝੱਲੇ ।9 ਅਕਤੂਬਰ 1960 ਨੂੰ ਬਠਿੰਡਾ ਦੀ ਜੇਲ੍ਹ ਵਿੱਚ, ਪੰਜਾਬੀ ਸੂਬੇ ਦੀ ਪ੍ਰਾਪਤੀ ਲਈ ਸੰਘਰਸ਼ ਕਰ ਰਹੇ ਸਿੱਖਾਂ 'ਤੇ ਲਾਠੀਚਾਰਜ ਕੀਤਾ ਗਿਆ ਤੇ ਗੋਲੀਆਂ ਦੀ ਬੁਛਾੜ ਕਰ ਦਿੱਤੀ ਗਈ। ਪੰਜਾਬੀ ਸੂਬੇ ਖਿਲਾਫ ਸਰਕਾਰੀ ਹਿੰਸਾ ਦੀਆਂ ਇਨ੍ਹਾਂ ਵੱਖ ਵੱਖ ਘਟਨਾਵਾਂ ਵਿੱਚ ਬਹਾਦੁਰ ਪੰਜਾਬੀ ਸ਼ਹੀਦ ਵੀ ਹੋਏ ਤੇ ਵੱਡੀ ਗਿਣਤੀ ਵਿੱਚ ਜ਼ਖਮੀ ਵੀ ਹੋਏ। ਮੋਰਚੇ ਦੌਰਾਨ ਥਾਂ-ਥਾਂ ਜਲ੍ਹਿਆਂਵਾਲੇ ਬਾਗ ਵਰਗਾ ਖ਼ੂਨੀ ਸਾਕਾ ਦੁਹਰਾਇਆ ਗਿਆ, ਪਰ ਫਰਕ ਇਨ੍ਹਾਂ ਕੁ ਸੀ ਕਿ ਅੱਗੇ ਕਾਤਲ ਬਾਹਰੋਂ ਆਏ ਅੰਗਰੇਜ਼ ਸਨ, ਪਰੰਤੂ ਹੁਣ ਖੇਤ ਨੂੰ ਉਸਦੀ ਵਾੜ ਨੇ ਹੀ ਉਜਾੜਿਆ ਸੀ। ਸੰਘਰਸ਼ ਨਿਰੰਤਰ ਜਾਰੀ ਰਿਹਾ,ਖਿਡਾਰੀ ਬਦਲਦੇ ਰਹੇ। ਨਹਿਰੂ ਦੀ ਮੌਤ ਮਗਰੋਂ ਲਾਲ ਬਹਾਦਰ ਸ਼ਾਸਤਰੀ ਪ੍ਰਧਾਨ ਮੰਤਰੀ ਬਣ ਗਿਆ ਤੇ ਮਾਸਟਰ ਤਾਰਾ ਸਿੰਘ ਦੀ ਥਾਂ ਅਕਾਲੀ ਦਲ ਦੀ ਪ੍ਰਧਾਨਗੀ ਸੰਤ ਫਤਹਿ ਸਿੰਘ ਨੇ ਸਾਂਭ ਲਈ। 16 ਅਗਸਤ 1965 ਨੂੰ ਸੰਤ ਫਤਹਿ ਸਿੰਘ ਨੇ ਪੰਜਾਬੀ ਸੂਬੇ ਲਈ ਪੰਜਾਬ ਸਰਕਾਰ ਨੂੰ 25 ਦਿਨਾਂ ਦਾ ਅਲਟੀਮੇਟਮ ਦੇ ਦਿੱਤਾ ਤੇ ਨਾਂਹ- ਪੱਖੀ ਹੁੰਗਾਰੇ ਦੀ ਹਾਲਤ ਵਿੱਚ 10 ਸਤੰਬਰ ਨੂੰ ਮਰਨ ਵਰਤ ਸ਼ੁਰੂ ਕਰਨ ਤੇ 25 ਸਤੰਬਰ ਨੂੰ ਅਗਨ - ਭੇਂਟ ਹੋਣ ਦਾ ਐਲਾਨ ਵੀ ਕਰ ਦਿੱਤਾ, ਪਰ ਇਸ ਦੌਰਾਨ 6 ਸਤੰਬਰ 1965 ਨੂੰ ਭਾਰਤ - ਪਾਕਿ ਜੰਗ ਸ਼ੁਰੂ ਹੋ ਗਈ , ਜਿਸ ਦੇ ਬਹਾਨੇ ਸਦਕਾ ਮਰਨ- ਵਰਤ ਸ਼ੁਰੂ ਹੋਣ ਤੋਂ ਪਹਿਲਾਂ ਹੀ ਮੁੱਕ ਗਿਆ। ਜੰਗ ਖਤਮ ਹੋਣ ਮਗਰੋਂ ਕੇਂਦਰ ਨੇ ਪੰਜਾਬੀ ਸੂਬੇ ਦੀ ਮੰਗ 'ਤੇ ਪੂਰਨ ਵਿਚਾਰ ਲਈ ਦੋ ਕਮੇਟੀਆਂ ਬਣਾਈਆਂ। ਇਕ ਕਮੇਟੀ ਵਿੱਚ ਲੋਕ ਸਭਾ ਦੇ 22 ਐਮ.ਪੀਜ਼. ਸ਼ਾਮਿਲ ਸਨ, ਜਿਸ ਦੇ ਪ੍ਰਧਾਨ ਸੰਸਦ ਦੇ ਸਪੀਕਰ ਹੁਕਮ ਸਿੰਘ ਸਨ। ਦੂਸਰੀ ਸਬ- ਕਮੇਟੀ ਵਿੱਚ ਇੰਦਰਾ ਗਾਂਧੀ ਸਮੇਤ ਕੈਬਨਿਟ ਮੰਤਰੀ ਸ਼ਾਮਿਲ ਸਨ। 11 ਜਨਵਰੀ 1966 ਨੂੰ ਤਾਸ਼ਕੰਦ ਵਿਖੇ ਸ਼ਾਸਤਰੀ ਦੀ ਅਚਾਨਕ 'ਰਹੱਸਮਈ' ਮੌਤ ਮਗਰੋਂ ਇੰਦਰਾ ਗਾਂਧੀ ਭਾਰਤ ਦੀ ਪ੍ਰਧਾਨ ਮੰਤਰੀ ਬਣੀ। ਅਕਾਲੀ ਦਲ ਅਤੇ ਸਮੁੱਚੇ ਪੰਜਾਬੀ ਭਾਈਚਾਰੇ ਦੇ ਦਬਾਅ ਪਾਉਣ 'ਤੇ ਕੇਂਦਰ ਵੱਲੋਂ ਪੰਜਾਬ ਦੇ ਹਿੰਦੀ ਬੋਲਦਿਆਂ ਇਲਾਕਿਆਂ ਨੂੰ ਦਿੱਲੀ ਨਾਲ ਤੇ ਪਹਾੜੀ ਖੇਤਰ ਨੂੰ ਹਿਮਾਚਲ ਨਾਲ ਜੋੜਨ ਦਾ ਸੁਝਾਅ ਵਿਚਾਰ ਅਧੀਨ ਲਿਆਂਦਾ ਗਿਆ। ਅੱਜ ਦੀ ਭਾਰਤੀ ਜਨਤਾ ਪਾਰਟੀ ਤੇ ਉਸ ਵੇਲੇ ਦੀ ਜਨਸੰਘ ਦੇ ਸਕੱਤਰ ਯਗਦੱਤ ਸ਼ਰਮਾ ਨੇ ਪੰਜਾਬੀ ਸੂਬੇ ਬਣਾਉਣ ਦੇ ਵਿਰੁੱਧ ਮਰਨ ਵਰਤ ਸ਼ੁਰੂ ਕਰ ਦਿੱਤਾ।

ਸਥਿਤੀ ਨਿਰੰਤਰ ਵਿਗੜਦੀ ਵੇਖ ਕੇ 21 ਮਾਰਚ 1966 ਨੂੰ ਸੁਪਰੀਮ ਕੋਰਟ ਦੇ ਜੱਜ ਜਸਟਿਸ ਸ਼ਾਹ ਦੀ ਅਗਵਾਈ ਹੇਠ ਪੰਜਾਬ ਦੀ ਨਵੀਂ ਹੱਦ ਬੰਦੀ ਲਈ ਤਿੰਨ - ਮੈਂਬਰੀ ਕਮਿਸ਼ਨ ਬਣਾਇਆ ਗਿਆ ਤੇ ਇਸ ਪੁਰਨ ਗਠਨ ਦਾ ਆਧਾਰ 1961 ਦੀ ਦੋਸ਼-ਪੂਰਨ ਮਰਦਮ- ਸ਼ੁਮਾਰੀ ਨੂੰ ਬਣਾਇਆ ਗਿਆ। ਸ਼ਾਹ ਕਮਿਸ਼ਨ ਵੱਲੋਂ ਤਿਆਰ ਕੀਤੀ ਰਿਪੋਰਟ ਪੰਜਾਬੀਆਂ ਨਾਲ ਸ਼ਰੇਆਮ ਬੇਇਨਸਾਫ਼ੀ ਸੀ। ਭਾਰਤੀ ਸੰਸਦ ਵਿੱਚ 6 ਸਤੰਬਰ 1966 ਨੂੰ 'ਪੰਜਾਬ ਪੁਨਰਗਠਨ ਬਿੱਲ' ਉਤੇ ਬਹਿਸ ਹੋਈ, ਜਿਸ ਵਿੱਚ ਸਿੱਖ ਪੰਥ ਦੇ ਮਹਾਨ ਚਿੰਤਕ ਤੇ ਅਕਾਲੀ ਐਮ. ਪੀ. ਸਿਰਦਾਰ ਕਪੂਰ ਸਿੰਘ ਨੇ ਆਪਣੀ ਪ੍ਰਭਾਵਸ਼ਾਲੀ ਤਕਰੀਰ ਵਿੱਚ ਕਿਹਾ,'ਇਹ ਬਿੱਲ ਗੰਦਾ ਆਂਡਾ ਹੈ, ਜਿਸ ਦੇ ਕੁਝ ਭਾਗ ਭਾਵੇਂ ਵੇਖਣ ਨੂੰ ਠੀਕ ਹੀ ਲੱਗਣ, ਉਹ ਭੋਜਨ ਕਰਨ ਦੇ ਯੋਗ ਨਹੀਂ। ਤਿੰਨ ਕਾਰਨ ਇਸ ਨੂੰ ਨਾ ਕਬੂਲਣ ਦੇ ਹਨ। ਇਕ ਤਾਂ ਇਹ ਪਾਪ ਭਰੀ ਮਨਸ਼ਾ ਦੀ ਉਪਜ ਹੈ। ਦੂਜਾ ਇਸ ਨੂੰ ਜਮਾਉਣ ਵਾਲੀ ਕੁਚੱਜੀ ਹੈ। ਤੀਜਾ, ਇਹ ਦੇਸ਼ ਦੇ ਸਮੁੱਚੇ ਲਾਭਾਂ ਲਈ ਹਾਨੀਕਾਰਕ ਹੈ ਤੇ ਇਸ ਨਾਲ ਦੇਸ਼ 'ਤੇ ਰਾਜ ਕਰਨ ਵਾਲੀ ਜਾਤੀ ਤੋਂ ਲੋਕਾਂ ਦਾ ਵਿਸ਼ਵਾਸ ਉਠ ਜਾਏਗਾ। ਮੈਂ ਇਸ ਨੂੰ ਪਾਪ ਦੀ ਉਪਜ ਇਸ ਲਈ ਕਹਿੰਦਾ ਹਾਂ , ਕਿਉਂਕਿ ਸਿੱਖਾਂ ਨਾਲ ਜੋ ਵਿਸ਼ਵਾਸਘਾਤ ਸੁਤੰਤਰ ਭਾਰਤ ਵਿੱਚ ਕੀਤਾ ਗਿਆ ਹੈ, ਇਹ ਉਸਦੀ ਆਖਰੀ ਕੜੀ ਹੈ। ਇਹ ਵਿਸ਼ਵਾਸਘਾਤ ਕਾਂਗਰਸੀ ਹਿੰਦੂ ਲੀਡਰਾਂ ਨੇ ਜਾਣ-ਬੁੱਝ ਕੇ ਉਸ ਸਿੱਖ ਕੌਮ ਨਾਲ ਕੀਤਾ ਹੈ, ਜਿਸ ਸਿੱਖ ਕੌਮ ਨੇ ਹਿੰਦੂ ਧਰਮ ਤੇ ਹਿੰਦੂ ਜਾਤੀ ਦੀ ਰੱਖਿਆ ਲਈ ਬੇਪਨਾਹ ਤੇ ਬੇਮਿਸਾਲ ਕੁਰਬਾਨੀਆਂ ਦਿੱਤੀਆਂ ਹਨ। ਇਹ ਧੋਖਾ ਉਹਨਾਂ ਸਿੱਖਾਂ ਨਾਲ ਹੋਇਆ ਹੈ, ਜਿਨ੍ਹਾਂ ਦਾ ਹੌਂਸਲਾ ਅਤੇ ਦੇਸ਼ ਭਗਤੀ ਸੰਸਾਰ ਪ੍ਰਸਿੱਧ ਹੈ' । ਪੰਜਾਬੀਆਂ ਨਾਲ ਅਕ੍ਰਿਤਘਣਤਾ ਦੀ ਮੂੰਹ ਬੋਲਦੀ ਤਸਵੀਰ ਪੂਰੇ ਵਿਸ਼ਵ ਸਾਹਮਣੇ ਪੇਸ਼ ਕਰਕੇ ਸਿਰਦਾਰ ਕਪੂਰ ਸਿੰਘ ਨੇ ਇਕ ਵਾਰ ਭਾਰਤੀ ਸਾਂਸਦ ਵਿੱਚ ਤਰਥੱਲੀ ਤਾਂ ਮਚਾ ਦਿੱਤੀ, ਪਰ ਕਾਂਗਰਸੀ ਐਮ.ਪੀਜ਼ ਦੀ ਬਹੁ -ਗਿਣਤੀ ਨਾਲ ਪੰਜਾਬ ਪੁਨਰਗਠਨ ਬਿੱਲ ਪਾਸ ਕਰ ਦਿੱਤਾ ਗਿਆ।



ਪਹਿਲੀ ਨਵੰਬਰ 1966 ਨੂੰ ਅਜੋਕਾ ਪੰਜਾਬ ਹੋਂਦ ਵਿੱਚ ਆਇਆ, ਜਿਸ ਵਿਚੋਂ ਚੰਡੀਗੜ੍ਹ, ਡਲਹੌਜ਼ੀ, ਊਨਾ, ਅੰਬਾਲਾ, ਕਰਨਾਲ, ਗੰਗਾਨਗਰ, ਸਰਸਾ ਵਰਗੇ ਪੰਜਾਬੀ ਬੋਲਦੇ ਇਲਾਕੇ ਦਵੈਤ- ਭਾਵਨਾ ਤੇ ਸਿਆਸੀ ਸਾਜਿਸ਼ਾਂ ਦੇ ਸਿੱਟੇ ਵਜੋਂ ਵੱਖਰੇ ਰੱਖੇ ਗਏ। ਨਵੇਂ ਬਣੇ ਪੰਜਾਬੀ ਸੂਬੇ ਦਾ ਮੁੱਖ ਮੰਤਰੀ ਗਿਆਨੀ ਗੁਰਮੁਖ ਸਿੰਘ 'ਮੁਸਾਫਰ' ਨੂੰ ਬਣਾਇਆ ਗਿਆ। ਉਨ੍ਹਾਂ ਤੋਂ ਮਗਰੋਂ ਪਹਿਲੇ ਗੈਰ- ਕਾਂਗਰਸੀ ਮੁੱਖ ਮੰਤਰੀ ਜਸਟਿਸ ਗੁਰਨਾਮ ਸਿੰਘ ਬਣੇ, ਜਿਨ੍ਹਾਂ ਨੂੰ ਅਕਾਲੀ ਦਲ ਵਿਧਾਇਕਾਂ ਦਾ ਲੀਡਰ ਚੁਣਿਆ ਗਿਆ। ਪੰਜਾਬੀ ਸੂਬੇ ਦੇ ਇਤਿਹਾਸ ਵਿੱਚ ਪੰਜਾਬੀ ਭਾਸ਼ਾ ਅਤੇ ਗੁਰਮੁਖੀ ਲਿੱਪੀ ਲਾਗੂ ਕਰਵਾਉਣ ਲਈ ਸਭ ਤੋਂ ਵੱਧ ਮਜ਼ਬੂਤ ਕਦਮ ਚੁੱਕਣ ਅਤੇ ਠੋਸ ਫੈਸਲੇ ਕਰਨ ਲਈ ਮੁੱਖ ਮੰਤਰੀ ਸਰਦਾਰ ਲੱਛਮਣ ਸਿੰਘ ਗਿੱਲ ਦਾ ਨਾਂਅ ਅੱਜ ਵੀ ਸਤਿਕਾਰ ਨਾਲ ਲਿਆ ਜਾਂਦਾ ਹੈ, ਜਿਨ੍ਹਾਂ ਨੂੰ ਪੰਜਾਬੀ ਬੋਲੀ ਦੇ ਸੱਚੇ-ਸੁੱਚੇ ਸਪੁੱਤਰ ਵਜੋਂ ਸਦਾ ਹੀ ਯਾਦ ਕੀਤਾ ਜਾਂਦਾ ਰਹੇਗਾ।

ਪੰਜਾਬੀ ਬੋਲਦੇ ਇਲਾਕਿਆਂ ਅਤੇ ਚੰਡੀਗੜ੍ਹ ਨੂੰ ਪੰਜਾਬ ਵਿੱਚ ਸ਼ਾਮਲ ਕਰਨ ਲਈ ਸੰਘਰਸ਼ ਕਰਨ ਵਾਲੇ ਸ਼ਹੀਦ ਦਰਸ਼ਨ ਸਿੰਘ ਫੇਰੂਮਾਨ ਦੀ ਕੁਰਬਾਨੀ ਦਾ ਸਿੱਖ ਇਤਿਹਾਸ ਵਿੱਚ ਬੜਾ ਸਤਿਕਾਰ ਹੈ, ਜਿਨ੍ਹਾਂ ਸ੍ਰੀ ਅਕਾਲ ਤਖ਼ਤ ਤੋਂ ਅਰਦਾਸ ਕਰਕੇ 15 ਅਗਸਤ 1969 ਨੂੰ ਭਾਰਤ ਦੀ ਅਖੌਤੀ ਆਜ਼ਾਦੀ ਵਾਲੇ ਦਿਨ 'ਤੇ ਮਰਨ ਵਰਤ ਅਰੰਭਿਆ, ਪਰ ਪੰਜਾਬ ਵਿਰੋਧੀ ਸਰਕਾਰ ਦੇ ਕੰਨੀ ਜੂੰ ਨਾ ਸਰਕੀ। ਆਖਿਰਕਾਰ 74 ਦਿਨ ਭੁੱਖਾ ਰਹਿ ਕੇ 27 ਅਕਤੂਬਰ 1969 ਨੂੰ ਪੰਜਾਬੀ ਬੋਲਦੇ ਇਲਾਕਿਆਂ ਦੀ ਪ੍ਰਾਪਤੀ ਲਈ ਸ਼ਹੀਦੀ ਪਾ ਗਏ। ਸ਼ਹੀਦ ਫੇਰੂਮਾਨ ਦੀ ਕੁਰਬਾਨੀ ਨੂੰ 57 ਸਾਲ ਗੁਜ਼ਰ ਗਏ ਹਨ, ਪਰ ਪੰਜਾਬੀ ਵਿਰੋਧੀ ਕੇਂਦਰੀ ਸਰਕਾਰਾਂ ਨੇ ਪੰਜਾਬ ਦੇ ਪੰਜਾਬੀ ਬੋਲਦੇ ਇਲਾਕਿਆਂ ਅਤੇ ਚੰਡੀਗੜ੍ਹ ਨੂੰ ਪੰਜਾਬ ਵਿੱਚ ਸ਼ਾਮਲ ਕਰਨ ਲਈ ਕੋਈ ਵੀ ਮੰਗ ਨਹੀਂ ਮੰਨੀ। ਵਰਤਮਾਨ ਸਮੇਂ ਪੰਜਾਬ ਇੱਕ ਚੋਪੜਿਆ-ਲੇਪਿਆ ਜ਼ਿਲ੍ਹਾ-ਪ੍ਰੀਸ਼ਦ ਬਣ ਕੇ ਰਹਿ ਗਿਆ ਹੈ । ਪੰਜਾਬ ਤੋਂ ਪੰਜਾਬੀ ਬੋਲਦੇ ਇਲਾਕੇ ਖੋਹ ਕੇ ਕੀਤੀ ਗਈ ਕਾਣੀ- ਵੰਡ ਮਗਰੋਂ ਪੰਜਾਬ ਦੇ ਪਾਣੀਆਂ ਦੀ ਵੰਡ ਨੇ ਬਾਕੀ ਰਹਿੰਦੀ ਕਸਰ ਵੀ ਪੂਰੀ ਕਰ ਦਿੱਤੀ ਹੈ। ਪੰਜਾਬ ਦੇ ਦਰਿਆਵਾਂ ਦਾ 75 ਫੀਸਦੀ ਪਾਣੀ ਹਰਿਆਣਾ ਤੇ ਰਾਜਸਥਾਨ ਮੁਫ਼ਤ ਲੁੱਟ ਰਹੇ ਹਨ, ਜਦਕਿ ਪੰਜਾਬ ਦੀ 65 ਫੀਸਦੀ ਜ਼ਮੀਨ ਨੂੰ ਇਨ੍ਹਾਂ ਦਰਿਆਵਾਂ ਦਾ ਪਾਣੀ ਨਸੀਬ ਨਹੀਂ। ਪੰਜਾਬ ਦੀ ਧਰਤੀ 'ਤੇ ਪੰਜਾਬ ਦੇ ਪੈਸੇ ਨਾਲ ਬਣੇ ਡੈਮ ਦੀ ਬਿਜਲੀ ਲਈ ਪੰਜਾਬੀ ਤਰਸ ਰਹੇ ਹਨ, ਜਦਕਿ ਉਸਦਾ ਸੁਆਦ ਪੰਜਾਬੋਂ ਬਾਹਰਲੇ ਮਾਣ ਰਹੇ ਹਨ। ਦਰਅਸਲ ਇਹ ਸਾਰੀ ਕਹਾਣੀ ਆਜ਼ਾਦੀ ਦੇ ਨਾਂਅ ਹੇਠ ਮਿਲੀ 'ਗੁਲਾਮੀ ਦੀ ਦਾਸਤਾਨ' ਹੈ, ਜਿਸਦਾ ਦੋਜ਼ਖ਼ ਅੱਜ ਸਮੁੱਚਾ ਪੰਜਾਬੀ ਭਾਈਚਾਰਾ ਭੋਗ ਰਿਹਾ ਹੈ।




**ਅੱਸੂ ਵਿੱਚ ਮੌਸਮ ਬਹੁਤ ਸੋਹਾਵਣਾ ਹੁੰਦਾ ਹੈ । ਅੱਸੂ ਮਹੀਨੇ ਕਪਾਹ ਨੂੰ ਫ਼ੁੱਲ ਪੈ ਜਾਂਦੇ ਹਨ। ਇਸੇ ਕਾਰਨ ਸ਼ਾਇਰ ਸ਼ਿਵ ਕੁਮਾਰ ਬਟਾਲਵੀ ਨੇ ਇਹ ਲਿਖਿਆ ਕਿ**
**" ਜਦ ਪੈਣ ਕਪਾਹੀਂ ਫ਼ੁੱਲ ਵੇ, ਸਾਨੂੰ ਉਹ ਰੁੱਤ ਲੈ ਦਈਂ ਮੁੱਲ ਵੇ ਧਰਮੀ ਬਾਬਲਾ "**
**ਅੱਸੂ ਮਹੀਨੇ ਵਿੱਚ ਸਾਰਾ ਆਲਮ ਹੀ ਕੁਦਰਤ ਦੇ ਰੰਗ ਵਿੱਚ ਨਸ਼ਿਆਇਆ ਹੋਇਆ ਝੂਮਦਾ ਲੱਗ ਰਿਹਾ ਹੈ। ਅੱਸੂ ਮਹੀਨੇ ਵਿੱਚ ਇੱਕ ਪਾਸੇ ਖੇਤਾਂ ਵਿੱਚ ਕਪਾਹ ਤੇ ਹੋਰ ਫ਼ਸਲਾਂ ਨੂੰ ਫ਼ੁੱਲ ਪੈ ਚੁੱਕੇ ਹੁੰਦੇ ਹਨ ਅਤੇ ਕਈ ਫ਼ਸਲਾਂ ਪੱਕ ਚੁੱਕੀਆਂ ਹਨ। ਇਸ ਮਹੀਨੇ ਮੱਕੀ ਦੀ ਫ਼ਸਲ ਪੱਕਣ ਤੋਂ ਬਾਅਦ ਕਿਸਾਨਾਂ ਦੇ ਘਰਾਂ ਦੀਆਂ ਛੱਤਾਂ ਉਪਰ ਛੱਲੀਆਂ ਸੁੱਕਣੀਆਂ ਪਾਈਆਂ ਹੋਈਆਂ ਹਨ। ਇਸ ਦੇ ਨਾਲ ਖੇਤਾਂ ਵਿੱਚ ਖੜਾ ਹਰਾ ਕਚੂਰ ਝੋਨਾ ਵੀ ਹਲਕੀ ਜਿਹੀ ਸੁਨਿਹਰੀ ਭਾਅ ਮਾਰਨ ਲੱਗ ਪਿਆ ਹੈ।**


ਜਗਮੋਹਨ ਸਿੰਘ 'ਲੱਕੀ'
9463819174

ਪੰਜਾਬ ਦੁਨੀਆ ਦਾ ਸਿਰਫ਼ ਅਜਿਹਾ ਇੱਕਲੌਤਾ ਇਲਾਕਾ ਮੰਨਿਆ ਜਾਂਦਾ ਹੈ, ਜਿਥੇ ਇੱਕ ਸਾਲ ਵਿੱਚ ਛੇ ਰੁੱਤਾਂ ਆਉਂਦੀਆਂ ਹਨ। ਕਈ ਵਿਦਵਾਨ ਇਹ ਦਾਅਵਾ ਕਰਦੇ ਹਨ ਕਿ ਪੰਜਾਬ ਤੋਂ ਬਿਨਾਂ ਦੁਨੀਆਂ ਦੇ ਕਿਸੇ ਵੀ ਇਲਾਕੇ ਵਿੱਚ ਇੱਕ ਸਾਲ ਵਿੱਚ 6 ਰੁੱਤਾਂ ਨਹੀਂ ਆਉਂਦੀਆਂ।

ਭਾਵੇਂ ਗਲੋਬਲ ਵਾਰਮਿੰਗ ਕਾਰਨ ਹੁਣ ਰੁੱਤਾਂ ਆਪਣਾ ਸਮਾਂ ਬਦਲ ਰਹੀਆਂ ਪ੍ਰਤੀਕ ਹੋ ਰਹੀਆਂ ਹਨ, ਪਰ ਫ਼ਿਰ ਵੀ ਹਰ ਰੁੱਤ ਆਪਣੇ ਨਿਸ਼ਚਿਤ ਸਮੇਂ 'ਤੇ ਪੰਜਾਬ ਫ਼ੇਰਾ ਪਾਉਂਦੀ ਹੈ, ਗਾਉਂਦੀ ਹੈ ਅਤੇ ਪੈਲਾਂ ਪਾਉਂਦੀ ਆਪਣਾ ਅਸਰ ਦਿਖਾਉਂਦੀ ਹੈ। ਹਰ ਰੁੱਤ ਆਪੋ ਆਪਣੇ ਸਮੇਂ ਅਨੁਸਾਰ ਕੁਦਰਤ ਦੇ ਅਸੂਲਾਂ ਅਨੁਸਾਰ ਚੱਲਦੀ ਹੋਈ ਹਰ ਪਾਸੇ ਮਹਿਕਾਂ ਵੰਡਦੀ ਹੋਈ, ਲੋਕਾਈ ਨੂੰ ਸ਼ਰੋਸ਼ਾਰ ਕਰ ਜਾਂਦੀ ਹੈ। ਹਰ ਰੁੱਤ ਦਾ ਆਪੋ ਆਪਣਾ ਮਹੱਤਵ ਅਤੇ ਮਾਨਤਾ ਹੁੰਦੀ ਹੈ।

ਅੱਸੂ ਦੇਸੀ ਸਾਲ ਦਾ ਸੱਤਵਾਂ ਮਹੀਨਾ ਹੈ, ਭਾਵ ਇਸ ਨਾਲ ਸਾਲ ਦੇ ਦੂਸਰੇ ਹਿੱਸੇ ਦਾ ਆਗਾਜ਼ ਹੋ ਜਾਂਦਾ ਹੈ। ਅੱਸੂ-ਕੱਤਕ ਸਰਦ ਰੁੱਤ ਦੇ ਸ਼ੁਰੂਆਤੀ ਮਹੀਨੇ ਕਹੇ ਜਾ ਸਕਦੇ ਹਨ।

ਬਾਰਹਮਾਹ ਤੁਖਾਰੀ ਵਿੱਚ ਗੁਰੂ ਨਾਨਕ ਦੇਵ ਇਸ ਮਹੀਨੇ ਬਾਰੇ ਬਚਨ ਹੈ, "ਅਗੈ ਘਾਮ ਪਿਛੈ ਰੁਤ ਜਾਡਾ॥ " ਭਾਵ ਗਰਮੀ ਨਿਕਲ ਗਈ ਹੈ ਅਤੇ ਸਰਦੀ ਅੱਗੇ ਆ ਰਹੀ ਹੈ। ਇਸ ਮਹੀਨੇ ਵਿੱਚ ਨਾ ਗਰਮੀ ਹੁੰਦੀ ਹੈ, ਨਾ ਸਰਦੀ। ਖਾਸ ਤੌਰ 'ਤੇ ਸਵੇਰ ਤੇ ਸ਼ਾਮ ਸਮੇਂ ਮੌਸਮ ਬੜਾ ਸੁਹਾਵਣਾ ਅਤੇ ਸੁਖਾਵਾਂ ਹੋਣ ਲਗਦਾ ਹੈ। ਇਸ ਦੇ ਠੰਡੇ-ਮਿੱਠੇ ਸੁਭਾਅ ਕਰਕੇ ਆਮ ਕਿਹਾ ਜਾਂਦਾ ਹੈ, ਅਸੂ ਮਾਹ ਨਿਰਾਲਾ, ਦਿਹੁੰ ਧੁੱਪ ਤੇ ਰਾਤੀਂ ਪਾਲਾ।

ਗੁਰੂ ਅਰਜਨ ਦੇਵ ਅਨੁਸਾਰ
" ਰੁਤਿ ਸਰਦ ਅਡੰਬਰੋ
ਅਸੂ ਕਤਕੇ ਹਰਿ ਪਿਆਸ ਜੀਉ॥ "

ਇਸ ਮਹੀਨੇ ਖੇਤਾਂ ਵਿੱਚ ਪੂਰੀ ਹਰਿਆਵਲ ਹੁੰਦੀ ਹੈ। ਉਹ ਹਰਿਆਵਲ ਹੁਣ ਪੱਕੇ ਹਰੇ ਰੰਗ ਦੀ ਹੁੰਦੀ ਹੈ। ਕੁਝ ਖਾਸ ਕਿਸਮ ਦੇ ਪੌਦਿਆਂ 'ਤੇ ਫੁੱਲ ਵੀ ਹਾਜ਼ਰੀ ਭਰ ਰਹੇ ਹੁੰਦੇ ਹਨ। ਦਰਿਆਵਾਂ, ਨਦੀਆਂ, ਵੇਈਆਂ, ਛੱਪੜਾਂ, ਛੰਭਾਂ ਦੇ ਕੰਢਿਆਂ 'ਤੇ ਕਈ ਕਿਸਮਾਂ ਦੇ ਜੰਗਲੀ ਤੇ ਅਵਾਰਾ ਜਿਹੇ ਬੂਟੇ ਭਰ ਜੋਬਨ 'ਤੇ ਹੁੰਦੇ ਹਨ, ਚਾਹੇ ਉਹ ਕਾਨੇ ਹੋਣ ਜਾਂ ਕਾਈ। ਕਿਤੇ ਕਿਤੇ ਉਪਜਾਊ ਧਰਤੀ ਦੇ ਨਾਲ ਲੱਗਦੇ ਛੱਪੜਾਂ ਵਿਚ ਕੰਮੀਆਂ ਦੇ ਚਿੱਟੇ ਫੁੱਲ ਸ਼ਰਮਾਕਲ ਸੋਹਣੀਆਂ ਮੁਟਿਆਰਾਂ ਵਾਂਗੂ ਝਾਤੀਆਂ ਮਾਰ ਰਹੇ ਨਜ਼ਰ ਆਉਂਦੇ ਹਨ। ਹਰੀਆਂ ਕਚੂਰ ਕੇਲੀਆਂ ਨੂੰ ਵੀ ਲਾਲ-ਪੀਲੇ ਫੁੱਲ ਭਾਗ ਭਾਗੀਆਂ ਬਣਾ ਰਹੇ ਹੁੰਦੇ ਹਨ।

ਅੱਸੂ ਆਸਾਂ ਪੁੱਗਣ ਦਾ ਮਹੀਨਾ ਹੈ। ਜਿਥੇ ਇਹ ਵਿਆਹ-ਸ਼ਾਦੀਆਂ ਲਈ ਸ਼ੁਭ ਹੈ, ਉਥੇ ਇਹ ਪੂਜਾ-ਪਾਠ ਲਈ ਵੀ ਕਲਿਆਣਕਾਰੀ ਹੈ। ਇਹ ਮਹੀਨਾ ਕਿਸਾਨਾਂ ਲਈ ਵੀ ਸ਼ੁਭ ਹੈਃ ਕੁਝ ਫਸਲਾਂ ਪੱਕ ਚੁੱਕੀਆਂ ਹੁੰਦੀਆਂ ਹਨ ਅਤੇ ਕੁਝ ਪੱਕਣ ਦੀ ਤਿਆਰੀ ਵਿੱਚ ਹੁੰਦੀਆਂ ਹਨ।

ਦੇਸ ਮਹੀਨੇ ਅੱਸੂ ਨੂੰ ਪਾਲਾ



ਜੰਮਣ ਦੀ ਰੁੱਤ ਕਿਹਾ ਜਾਂਦਾ ਹੈ, ਇਸੇ ਲਈ ਲੋਕ ਗੀਤਾਂ ਵਿੱਚ ਅੱਸੂ ਨੂੰ ਸਿਆਲ ਦਾ ਪੁੱਤ ਕਿਹਾ ਜਾਂਦਾ ਹੈ। ਅੱਸੂ ਮਹੀਨੇ ਰਾਤਾਂ ਲੰਬੀਆਂ ਅਤੇ ਕਾਲੀਆਂ ਹੋਣ ਲੱਗਦੀਆਂ ਹਨ ਅਤੇ ਦਿਨ ਛੋਟੇ ਹੋਣ ਲੱਗਦੇ ਹਨ। ਦਿਨ ਵਿੱਚ ਭਾਵੇਂ ਗਰਮੀ ਹੁੰਦੀ ਹੈ, ਪਰ ਸਵੇਰੇ ਅੰਮ੍ਰਿਤ ਵੇਲੇ ਅਤੇ ਸ਼ਾਮ ਵੇਲੇ ਠੰਡੀ ਸ਼ੀਤਲ ਹਵਾ ਰੁਮਕਦੀ ਹੈ, ਜਿਵੇਂ ਇਹ ਹਵਾ ਦੂਰ ਨੇੜੇ ਦੇ ਪਹਾੜਾਂ ਨਾਲ ਖਹਿ ਖਹਿ ਕੇ ਆਈ ਹੋਵੇ। ਇਸ ਮਹੀਨੇ ਰਾਤੀਂ ਤਰੇਲ ਪੈਂਦੀ ਹੈ, ਜੋ ਕਿ ਫ਼ੁੱਲਾਂ ਉਪਰ ਪਈ ਕਿਸੇ ਸ਼ਬਨਮ ਦੇ ਹੰਝੂ ਵਰਗੀ ਲਗਦੀ ਹੈ।

ਅੱਸੂ ਮਹੀਨੇ ਅਕਸਰ ਲੋਕ ਪੂਰੀ ਬਾਂਹ ਦੇ ਕਪੜੇ ਪਾਉਣ ਨੂੰ ਤਰਜੀਹ ਦੇਣ ਲੱਗਦੇ ਹਨ, ਇਸ ਮਹੀਨੇ ਭਾਵੇਂ ਠੰਡ ਤਾਂ ਨਹੀਂ ਲੱਗਦੀ ਹੁੰਦੀ, ਪਰ ਜੇਠ, ਹਾੜ, ਸਾਉਣ, ਭਾਦੋਂ ਦੇ ਮਹੀਨਿਆਂ ਦੌਰਾਨ ਅੱਧੀ ਬਾਂਹ ਦੀਆਂ ਸ਼ਰਟਾਂ ਅਤੇ ਟੀ ਸ਼ਰਟਾਂ ਪਾ ਪਾ ਕੇ ਅੱਕੇ ਲੋਕ ਅੱਸੂ ਮਹੀਨੇ ਮੌਸਮ ਵਿੱਚ ਹਲਕੀ ਜਿਹੀ ਠੰਡਕ ਮਹਿਸੂਸ ਕਰਦਿਆਂ ਹੀ ਪੂਰੀ ਬਾਂਹ ਦੀਆਂ ਸ਼ਰਟਾਂ ਪਾਉਣ ਨੂੰ ਤਰਜੀਹ ਦਿੰਦੇ ਹਨ। ਇਸ ਮਹੀਨੇ ਮੁਟਿਆਰਾਂ ਵੀ ਰੇਸ਼ਮ ਦੇ ਸੂਟ ਪਾ ਕੇ ਪੈਲਾਂ ਪਾਉਂਦੀਆਂ ਨਜ਼ਰ ਆ ਜਾਂਦੀਆਂ ਹਨ।

ਅੱਸੂ ਮਹੀਨੇ ਨੂੰ ਪਾਠ ਪੂਜਾ ਦਾ ਪਵਿੱਤਰ ਮਹੀਨਾ ਵੀ ਕਿਹਾ ਜਾਂਦਾ ਹੈ। ਅੱਸੂ ਮਹੀਨੇ ਕੀਤੀ ਜਾਂਦੀ ਪਾਠ ਪੂਜਾ ਦਾ ਬਹੁਤ ਮਹਾਤਮ ਸਮਝਿਆ ਜਾਂਦਾ ਹੈ।

ਅੱਸੂ ਮਹੀਨੇ ਬਹੁਤ ਵਿਆਹ-ਸ਼ਾਦੀਆਂ ਹੁੰਦੇ ਹਨ, ਜਿਸ ਕਰਕੇ ਅੱਸੂ ਮਹੀਨੇ ਨੂੰ ਕਾਰਜਾਂ ਦਾ ਮਹੀਨਾ ਅਤੇ ਵਿਆਹਾਂ ਦਾ ਮਹੀਨਾਂ ਵੀ ਕਿਹਾ ਜਾਂਦਾ ਹੈ।

ਅੱਸੂ ਮਹੀਨੇ ਨੂੰ ਇਹ ਮਾਣ ਜਾਂਦਾ ਹੈ, ਕਿ ਇਸ ਮਹੀਨੇ ਹਰ ਭਰ ਜਵਾਨ ਮੁਟਿਆਰ ਗੁਲਾਬੀ ਰੰਗੇ ਸੁਪਨੇ ਲੈਣ ਲੱਗਦੀ ਹੈ। ਹਰ ਮੁਟਿਆਰ ਚਾਹੁੰਦੀ ਹੈ ਕਿ ਉਸਦਾ ਵਿਆਹ ਅੱਸੂ ਮਹੀਨੇ ਵਿੱਚ ਹੀ ਹੋਵੇ। ਅੱਸੂ ਮਹੀਨੇ ਦੇ ਸ਼ੁਰੂ ਹੋਣ ਨਾਲ ਹੀ ਜੋਬਨ ਮੱਤੀਆਂ ਮੁਟਿਆਰਾਂ ਦੇ ਦਿਲਾਂ ਵਿੱਚ ਕਈ ਤਰਾਂ ਦੇ ਵਲਵਲੇ ਉਠਣ ਲੱਗਦੇ ਹਨ, ਉਹਨਾਂ ਨੂੰ ਹਰ ਚੀਜ਼ ਹੀ ਨਸ਼ਿਆਈ ਲੱਗਦੀ ਹੈ। ਉਹਨਾਂ ਦੀਆਂ ਅੱਖਾਂ ਚਿੱਟੇ ਦਿਨ ਹੀ ਅਧਮੀਟੀਆਂ ਜਿਹੀਆਂ ਹੋ ਕੇ ਰੰਗੀਨ ਸੁਪਨੇ ਵੇਖਣ ਲੱਗ ਜਾਂਦੀਆਂ ਹਨ। ਅੱਸੂ ਮਹੀਨੇ ਦੀ ਮੁੱਖ ਵਿਸ਼ੇਸ਼ਤਾ ਇਹ ਵੀ ਹੈ ਇਹਨਾਂ ਦਿਨਾਂ ਵਿਚ ਭੋਜਨ, ਦਹੀਂ, ਦਾਲਾਂ, ਸਬਜੀਆਂ ਅਤੇ ਹੋਰ ਸਮਾਨ ਦੇ ਖਰਾਬ ਹੋਣ ਦਾ ਡਰ ਵੀ ਨਹੀਂ ਹੁੰਦਾ, ਇਸ ਕਾਰਨ ਹੀ ਜੋਬਨਮੱਤੀ ਪੰਜਾਬਣ ਮੁਟਿਆਰ ਆਪਣੇ ਬਾਬਲ ਨੂੰ ਅੱਸੂ ਮਹੀਨੇ ਵਿਚ ਹੀ ਉਸਦਾ ਮੰਗਣਾ ਅਤੇ ਵਿਆਹ ਕਰਨ ਲਈ ਕਹਿੰਦੀ ਹੈ। ਅੱਸੂ ਮਹੀਨੇ ਆਮ ਤੌਰ 'ਤੇ ਹੋਰਨਾਂ ਮਹੀਨਿਆਂ ਨਾਲੋਂ ਸਬਜ਼ੀਆਂ ਅਤੇ ਹੋਰ ਫ਼ਲ ਫ਼ਰੂਟ ਆਦਿ ਕੁਝ ਸਸਤੇ ਹੋ ਜਾਂਦੇ ਹਨ। ਅੱਸੂ ਮਹੀਨੇ ਨੂੰ ਪਾਠ-ਪੂਜਾ ਕਰਨ ਲਈ ਵੀ ਸ਼ੁੱਭ ਮੰਨਿਆਂ ਜਾਂਦਾ ਹੈ।

ਅੱਸੂ ਮਹੀਨੇ ਦਾ ਪਰਵਾਸ ਨਾਲ ਵੀ ਚੰਗਾ ਸਬੰਧ ਹੁੰਦਾ ਹੈ। ਦਿਵਾਲੀ ਮੌਕੇ ਪੰਜਾਬ ਆਉਣ ਲਈ ਪਰਵਾਸੀ ਪੰਜਾਬੀ ਅੱਸੂ ਮਹੀਨੇ ਹੀ ਵਿਦੇਸ਼ ਵਿੱਚ ਆਪਣੀਆਂ ਤਿਆਰੀਆਂ ਸ਼ੁਰੂ ਕਰ ਦਿੰਦੇ ਹਨ। ਇਸ ਤੋਂ ਇਲਾਵਾ ਪੰਜਾਬੀਆਂ ਦੇ ਉੱਡਣ ਮਹਿਮਾਣ ਪਰਵਾਸੀ ਪੰਛੀ ਅਤੇ ਕੂੰਜਾਂ ਵੀ ਅੱਸੂ ਮਹੀਨੇ ਦੇ ਅੰਤਲੇ ਦਿਨਾਂ ਦੌਰਾਨ ਦੁਨੀਆਂ ਦੇ ਸਭ ਤੋਂ ਠੰਡੇ ਮੰਨੇ ਜਾਂਦੇ ਇਲਾਕੇ ਸਾਈਬੇਰੀਆ ਅਤੇ ਹੋਰ ਠੰਡੇ ਮੁਲਕਾਂ ਤੋਂ ਪੰਜਾਬ ਸਮੇਤ ਭਾਰਤ ਦੇ ਵੱਖ -ਵੱਖ ਇਲਾਕਿਆਂ ਵਿੱਚ ਪਰਵਾਸ ਕਰਨ ਲਈ ਆਪਣੇ ਪਰ ਤੋਲਣੇ ਸ਼ੁਰੂ ਕਰ ਦਿੰਦੇ ਹਨ ਅਤੇ ਆਪਣੇ ਆਲਣਿਆਂ ਨੂੰ ਚੰਗੀ ਤਰ੍ਹਾਂ ਮਜਬੂਤ ਬਣਾ ਲੈਂਦੇ ਹਨ , ਇਸਦੇ ਨਾਲ ਹੀ ਸਾਈਬੇਰੀਆ ਅਤੇ ਹੋਰ ਮੁਲਕਾਂ ਵਿੱਚ ਕੂੰਜਾਂ ਆਪਣੇ ਆਲਣਿਆਂ ਵਿੱਚ ਆਪਣੇ ਬੱਚਿਆਂ ਲਈ ਚੋਗ ਇਕੱਠਾ ਕਰਨਾ ਸ਼ੁਰੂ ਕਰ ਦਿੰਦੀਆਂ ਹਨ। ਇਸਦੇ ਨਾਲ ਹੀ ਕੂੰਜਾਂ ਅਤੇ ਹੋਰ ਪਰਵਾਸੀ ਪੰਛੀ ਸਾਈਬੇਰੀਆ, ਮੰਗੋਲੀਆਂ, ਚੀਨ ਦੇ ਉਚੇ ਪਹਾੜਾਂ ਅਤੇ ਕਾਲੇ ਸਾਗਰ ਸਮੇਤ ਹੋਰ ਇਲਾਕਿਆਂ ਤੋਂ ਪੰਜਾਬ ਅਤੇ ਭਾਰਤ ਦੇ ਹੋਰ ਇਲਾਕਿਆਂ ਵਿੱਚ ਆਉਣ ਲਈ ਕੱਤਕ ਮਹੀਨੇ ਮਾਰਨ ਵਾਲੀ ਆਪਣੀ ਪਰਵਾਸ ਦੀ ਲੰਮੀਂ ਉਡਾਰੀ ਦੀ ਤਿਆਰੀ ਸ਼ੁਰੂ ਕਰ ਦਿੰਦੇ ਹਨ।

ਅੱਸੂ ਮਹੀਨੇ ਖੇਤਾਂ ਵਿੱਚ ਪੱਕ ਰਹੀ ਫ਼ਸਲ ਵੇਖ ਕੇ ਜਿਥੇ ਕਿਸਾਨ ਖੁਸ਼ ਹੁੰਦੇ ਹਨ ਅਤੇ ਉਹਨਾਂ ਨੂੰ ਚੰਗੀ ਫ਼ਸਲ ਹੋਣ ਅਤੇ ਚੰਗੀ ਕਮਾਈ ਹੋਣ ਦੀ ਆਸ ਅੱਸੂ ਮਹੀਨੇ ਵਿੱਚ ਹੀ ਹੋ ਜਾਂਦੀ ਹੈ, ਉਥੇ ਆਉਣ ਵਾਲੇ ਦਿਨਾਂ /ਮਹੀਨਿਆਂ ਦੌਰਾਨ ਪੰਜਾਬ ਦੀ ਆਰਥਿਕਤਾ ਵੀ ਮਜਬੂਤ ਹੋਣ ਦੀ ਆਸ ਬਣ ਜਾਂਦੀ ਹੈ। ਇਸੇ ਲਈ ਤਾਂ ਅੱਸੂ ਨੂੰ ਆਸਾਂ ਦਾ ਮਹੀਨਾ ਕਿਹਾ ਜਾਂਦਾ ਹੈ।





# ਗਿ. ਕੇਵਲ ਸਿੰਘ ਨਿਰਦੋਸ਼ ਦੀ 38ਵੀਂ ਕਿਤਾਬ ਦਾ ਲੋਕ ਅਰਪਣ ਸਮਾਗਮ

## ਫਰੇਜ਼ਰ ਵੈਲੀ ਦੀਆਂ ਸਾਹਿਤ ਸੰਸਥਾਵਾਂ ਵੱਲੋਂ ਲੇਖਕ ਦਾ ਬਹੁ-ਪੱਖੀ ਸੇਵਾਵਾਂ ਲਈ ਸਨਮਾਨ







ਐਬਸਫੋਰਡ/ਏ.ਟੀ.ਨਿਊਜ਼: ਪ੍ਰਸਿੱਧ ਸਿੱਖ ਵਿਦਵਾਨ ਤੇ ਕਵੀ ਗਿ. ਕੇਵਲ ਸਿੰਘ ਨਿਰਦੋਸ਼ ਦੀ 38ਵੀਂ ਕਿਤਾਬ 'ਕੁੰਡਲੀਏ ਨਿਰਦੋਸ਼ ਦੇ' ਦਾ ਲੋਕ ਅਰਪਣ ਸਮਾਗਮ, ਐਬਸਫੋਰਡ ਦੀਆਂ ਸਮੂਹ ਪੰਜਾਬੀ ਸਾਹਿਤ ਸੰਸਥਾਵਾਂ ਵੱਲੋਂ ਸਾਂਝੇ ਰੂਪ 'ਚ, ਵਿਰਾਸਤੀ ਗੁਰਦੁਆਰਾ ਸਾਹਿਬ ਖ਼ਾਲਸਾ ਦੀਵਾਨ ਸੁਸਾਇਟੀ, ਐਬਸਫੋਰਡ ਵਿਖੇ ਭਰਪੂਰ ਉਤਸ਼ਾਹ ਨਾਲ ਕੀਤਾ ਗਿਆ। ਇਸ ਮੌਕੇ 'ਤੇ ਗਿ. ਕੇਵਲ ਸਿੰਘ ਨਿਰਦੋਸ਼ ਨੇ ਆਪਣੇ ਜੀਵਨ ਅਤੇ ਸਾਹਿਤਕ ਸਫ਼ਰ ਬਾਰੇ ਸਰੋਤਿਆਂ ਨਾਲ ਵਿਚਾਰ ਸਾਂਝੇ ਕੀਤੇ। ਲੇਖਕ ਵੱਲੋਂ ਕੈਂਸਰ ਦੀ ਨਾਮੁਰਾਦ ਬਿਮਾਰੀ ਦੇ ਬਾਵਜੂਦ, ਚੜ੍ਹਦੀ ਕਲਾ ਨਾਲ ਸਾਹਿਤ ਸਿਰਜਣਾ ਬਾਰੇ ਅਨੁਭਵ ਸਾਂਝੇ ਕੀਤੇ ਗਏ। ਸਾਹਿਤਕ ਸਮਾਗਮ ਦੇ ਉਹ ਪਲ ਯਾਦਗਾਰੀ ਬਣ ਗਏ, ਜਦੋਂ ਫਰੇਜ਼ਰ ਵੈਲੀ ਦੀਆਂ ਸਮੂਹ ਸਾਹਿਤ ਸੰਸਥਾਵਾਂ ਵੱਲੋਂ 86 ਸਾਲਾ ਬਜ਼ੁਰਗ ਸਾਹਿਤਕਾਰ ਨੂੰ ਜੀਵਨ ਭਰ ਦੀਆਂ ਸਾਹਿਤਕ ਤੇ ਪੰਥਕ ਸੇਵਾਵਾਂ ਲਈ, 'ਲਾਈਫ਼ ਟਾਈਮ ਅਚੀਵਮੈਂਟ ਐਵਾਰਡ' ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ 'ਤੇ ਗਿ. ਨਿਰਦੋਸ਼ ਦੇ ਸਾਰੀਆਂ ਸੰਸਥਾਵਾਂ ਦਾ ਧੰਨਵਾਦ ਕਰਦਿਆਂ, ਸਭ ਨੂੰ ਇਕੋ ਸਾਹਿਤ ਸਭਾ ਦੇ ਰੂਪ 'ਚ ਇਕੱਤਰ ਹੋਣ ਦਾ ਸੱਦਾ ਦਿੱਤਾ, ਜਿਸ ਦਾ ਸਾਰਿਆਂ ਨੇ ਭਰਪੂਰ ਹੁੰਗਾਰਾ ਦਿੱਤਾ।

ਡਾ. ਗੁਰਵਿੰਦਰ ਸਿੰਘ ਧਾਲੀਵਾਲ ਨੇ ਕਿਤਾਬ ਬਾਰੇ ਆਪਣਾ ਵਿਸਥਾਰਪੂਰਵਕ ਅਤੇ ਪ੍ਰਭਾਵਸ਼ਾਲੀ ਨਿਬੰਧ ਪੜ੍ਹਿਆ। 'ਕੁੰਡਲੀਏ ਨਿਰਦੋਸ਼ ਦੇ' ਕਿਤਾਬ ਦਾ ਮੁੱਖ-ਬੰਦ ਸਾਂਝਾ ਕਰਦਿਆਂ ਡਾ. ਧਾਲੀਵਾਲ ਨੇ ਕਿਹਾ ਕਿ ਲੇਖਕ ਦੀ ਇਹ ਕਿਤਾਬ ਅਲੋਪ ਤੋਂ ਹੋ ਰਹੇ ਮਾਤਰਿਕ ਛੰਦ 'ਕੁੰਡਲੀਆ' ਦੀ ਪੁਨਰ-ਸੁਰਜੀਤੀ ਵੱਲ ਅਹਿਮ ਕਦਮ ਹੈ। ਪੰਜਾਬੀ ਸਾਹਿਤ ਦੇ ਸਰਪ੍ਰਸਤ ਗੁਰਬਖ਼ਸ਼ ਸਿੰਘ ਢੱਟ ਨੇ ਮਹਿਮਾਨ ਸ਼ਖ਼ਸੀਅਤਾਂ ਦਾ ਸਵਾਗਤ ਕੀਤਾ, ਜਦ ਕਿ ਲੇਖਕ ਨੂੰ ਬੁੱਕੇ ਭੇਟ ਕਰਨ ਦੀ ਸੇਵਾ ਤਰਲੋਕ ਸਿੰਘ ਬਰਾੜ, ਐਡਵੋਕੇਟ ਅਮਨ ਚੀਮਾ ਅਤੇ ਸਮੂਹ ਪਰਿਵਾਰ ਵੱਲੋਂ ਕੀਤੀ ਗਈ। ਬੁਲਾਰਿਆਂ ਵਿੱਚ ਬੀਬੀ ਸਤਵੰਤ ਕੌਰ ਪੰਧੇਰ ਨੇ ਗਿਆਨੀ ਜੀ ਦੀ ਸ਼ਖ਼ਸੀਅਤ ਬਾਰੇ ਭਾਵਪੂਰਤ ਸ਼ਬਦ ਕਹੇ ਤੇ ਉੱਘੀ ਨਾਵਲਕਾਰ ਹਰਕੀਰਤ ਕੌਰ ਚਾਹਲ ਨੇ ਲੇਖਕ ਦੀ ਇਤਿਹਾਸਕਾਰ, ਸੰਗੀਤਕਾਰ, ਕਵੀ ਅਤੇ ਖੋਜੀ ਵਿਦਵਾਨ ਪੱਖੋਂ ਬਹੁ-ਪਸਾਰੀ ਦੇਣ ਬਾਰੇ ਪ੍ਰਭਾਵਸ਼ਾਲੀ ਸ਼ਬਦਾਂ ਦੀ ਸਾਂਝ ਪਾਈ। ਕੈਮਲੂਪਸ ਤੋਂ ਵਿਸ਼ੇਸ਼ ਤੌਰ 'ਤੇ ਪੁੱਜੇ ਢਾਡੀ ਸੁਰਜੀਤ ਸਿੰਘ ਸਫ਼ਰੀ ਅਤੇ ਸਰੀ ਨਿਵਾਸੀ ਚਮਕੌਰ ਸਿੰਘ ਸੇਖੋਂ ਭੋਤਨਾ ਨੇ ਨਿਰਦੋਸ਼ ਜੀ ਵੱਲੋਂ ਰਚੇ ਕੁੰਡਲੀਏ, ਢਾਡੀ ਰੂਪ ਵਿੱਚ ਗਾ ਕੇ ਸਰੋਤਿਆਂ ਨੂੰ ਨਿਹਾਲ ਕੀਤਾ। ਗੁਰਮੇਲ ਸਿੰਘ ਕਟਾਰੀਆ ਨੇ ਗਿਆਨੀ ਜੀ ਦੀ ਲਿਖੀ ਕਵਿਤਾ 'ਪਾਣੀ ਵਿੱਚ ਮਧਾਣੀ' ਦਾ ਪ੍ਰਭਾਵਸ਼ਾਲੀ ਗਾਇਨ ਕੀਤਾ। ਇਸ ਤੋਂ ਇਲਾਵਾ ਸੁਖਵਿੰਦਰ ਸਿੰਘ ਬਰਾੜ ਭਗਤਾ ਭਾਈ ਕਾ ਤੇ ਮੁਲਖ ਰਾਜ ਬਜਾਜ ਪ੍ਰੇਮੀ ਨੇ ਖ਼ੂਬਸੂਰਤ ਕਵਿਤਾਵਾਂ ਪੇਸ਼ ਕੀਤੀਆਂ। ਸਾਹਿਤ ਸੰਮੇਲਨ ਹੋ ਨਿਬੜੇ ਇਸ ਲੋਕ ਅਰਪਣ ਸਮਾਗਮ ਵਿੱਚ ਵਿਚਾਰ ਸਾਂਝੇ ਕਰਨ ਵਾਲੀਆਂ ਪ੍ਰਮੁੱਖ ਸ਼ਖ਼ਸੀਅਤਾਂ ਵਿੱਚ ਲਖਬੀਰ ਸਿੰਘ, ਮੁਖੀ ਮਿਸ਼ਨ ਵਿਚਾਰ ਮੰਚ, ਪਵਨ ਗਿੱਲਾਂ ਵਾਲਾ, ਪ੍ਰਧਾਨ ਪੰਜਾਬੀ ਸਾਹਿਤ ਸਭਾ, ਐਬਸਫੋਰਡ, ਗੁਰਦੇਵ ਸਿੰਘ ਬਰਾੜ, ਖ਼ਾਲਸਾ ਦੀਵਾਨ ਸੁਸਾਇਟੀ, ਐਬਸਫੋਰਡ ਤੇ ਗੁਰਪ੍ਰੀਤ ਸਿੰਘ ਚਾਹਲ ਕਾਰਜਕਾਰੀ ਪ੍ਰਧਾਨ ਪੰਜਾਬੀ ਸਾਹਿਤ ਸਭਾ ਮੁੱਢਲੀ, ਐਬਟਸਫੋਰਡ ਸ਼ਾਮਿਲ ਸਨ। ਪੰਜਾਬੀ ਸਾਹਿਤ ਸਭਾ ਐਬਸਫੋਰਡ ਦੇ ਸਰਪ੍ਰਸਤ ਸੁਰਜੀਤ ਸਿੰਘ ਅੱਚਰਵਾਲ, ਪੰਜਾਬੀ ਸਾਹਿਤ ਸਭਾ ਮੁਢਲੀ ਦੇ ਸਕੱਤਰ ਸੁਰਜੀਤ ਸਿੰਘ ਸਹੋਤਾ, ਉਸਤਾਦ ਗਜ਼ਲਗੋ ਦਵਿੰਦਰ ਸਿੰਘ ਪੂਨੀਆ, ਮਹਿਮਾ ਸਿੰਘ ਤੂਰ, ਹਰੀ ਸਿੰਘ ਤਾਤਲਾ, ਮਲਕੀਤ ਸਿੰਘ ਮੀਲੂ, ਗੁਰਦੇਵ ਸਿੰਘ ਬੁੱਟਰ, ਸਮਾਗਮ ਦੇ ਪ੍ਰਬੰਧ 'ਚ ਸਹਿਯੋਗੀ ਲਖਜੀਤ ਸਿੰਘ ਸਾਰੰਗ, ਪੱਤਰਕਾਰ ਸੁਖਵਿੰਦਰ ਸਿੰਘ ਚੋਹਲਾ, ਬਲਵਿੰਦਰ ਸਿੰਘ ਰੁਪਾਲ, ਲਿਖਾਰੀ ਸੁਖਦੇਵ ਸਿੰਘ ਗੋਹਲਵੜ, ਕਿਰਪਾਲ ਸਿੰਘ ਗਰਚਾ, ਸੁਖਦੇਵ ਸਿੰਘ ਗਰਚਾ, ਸਿਟੀ ਕੌਂਸਲ ਲਈ ਮੇਅਰ ਉਮੀਦਵਾਰ ਪਾਲ ਮਾਹਿਲ, ਕੌਂਸਲਰ ਉਮੀਦਵਾਰ ਜੈਗ ਸਿੱਧੂ ਤੇ ਸਕੂਲ ਟਰਸਟੀ ਉਮੀਦਵਾਰ ਰਾਜ ਸੰਧੂ ਸਮੇਤ, ਵੱਡੀ ਗਿਣਤੀ ਵਿੱਚ ਸਾਹਿਤ ਪ੍ਰੇਮੀ ਸ਼ਖਸੀਅਤਾਂ ਸ਼ਾਮਿਲ ਹੋਈਆਂ। ਪ੍ਰੋਗਰਾਮ ਦਾ ਸੰਚਾਲਨ ਵਿਦਵਾਨ ਸ਼ਖਸੀਅਤ ਡਾ ਸੁਰਿੰਦਰਜੀਤ ਸਿੰਘ ਭੇਲਾ ਨੇ ਬੇਹੱਦ ਪ੍ਰਭਾਵਸ਼ਾਲੀ ਢੰਗ ਨਾਲ ਕੀਤਾ।

# ਗੁਰਦੁਆਰਾ ਸਾਹਿਬ ਹੇਵਰਡ ਕੈਲੀਫੋਰਨੀਆ ਵਿਖੇ ਸਜਿਆ ਧਾਰਮਿਕ ਕਵੀ ਦਰਬਾਰ









ਹੇਵਰਡ/ਏ.ਟੀ.ਨਿਊਜ਼: ਸਥਾਨਕ ਅਮਰੀਕੀ ਪੰਜਾਬੀ ਕਵੀਆਂ ਵੱਲੋਂ ਗੁਰਦੁਆਰਾ ਸਾਹਿਬ ਹੇਵਰਡ ਵਿਖੇ ਹਫ਼ਤਾਵਾਰੀ ਸਜੇ ਦੀਵਾਨਾਂ ਵਿੱਚ ਵਿਸ਼ੇਸ਼ ਤੌਰ 'ਤੇ ਪਹਿਲਾ ਪ੍ਰਕਾਸ਼ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਮਰਪਿਤ ਧਾਰਮਿਕ ਕਵੀ ਦਰਬਾਰ ਬੜੀ ਸ਼ਰਧਾ ਭਾਵਨਾ ਨਾਲ ਸਜਾਇਆ ਗਿਆ।

ਗੁਰਬਾਣੀ ਪਾਠ ਦੇ ਭੋਗ ਉਪਰੰਤ ਖ਼ਾਲਸਾ ਸਕੂਲ ਦੇ ਬੱਚਿਆਂ ਵੱਲੋਂ ਪਾਠ ਅਤੇ ਕੀਰਤਨ ਦੀਆਂ ਸੇਵਾਵਾਂ ਨਿਭਾਈਆਂ ਗਈਆਂ। ਉਪਰੰਤ ਸਜੇ ਧਾਰਮਿਕ ਕਵੀ ਦਰਬਾਰ ਦਾ ਮੰਚ ਸੰਚਾਲਨ ਪ੍ਰਮਿੰਦਰ ਸਿੰਘ ਪ੍ਰਵਾਨਾ ਵੱਲੋਂ ਨਿਭਾਉਂਦਿਆਂ ਇਤਿਹਾਸ 'ਤੇ ਰੋਸ਼ਨੀ ਪਾਈ ਗਈ ਕਿ ਗੁਰਬਾਣੀ ਦਾ ਸੰਕਲਨ ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਜੀ ਪਾਸੋਂ ਲਿਖਵਾਇਆ। ਸੰਪਾਦਨਾ ਰਾਮ ਸਰੋਵਰ ਦੇ ਰਮਣੀਕ ਕੰਢੇ 'ਤੇ ਨਿਭਾਈ ਗਈ। ਗੁਰਬਾਣੀ ਦਾ ਕਾਰਜ 1601-1604 ਤੱਕ ਸੰਪੂਰਨ ਹੋਇਆ। ਸਮੁੱਚੀ ਬਾਣੀ ਨੂੰ 31 ਰਾਗਾਂ ਵਿੱਚ ਤਰਤੀਬ ਦੇ ਕੇ 30 ਅਗਸਤ 1604 ਨੂੰ ਆਦਿ ਗ੍ਰੰਥ ਸੰਪੰਨ ਹੋਇਆ। ਉਪਰੰਤ 1 ਸਤੰਬਰ 1604 ਨੂੰ ਆਦਿ ਗ੍ਰੰਥ ਇੱਕ ਕੀਰਤਨ ਦੇ ਰੂਪ ਵਿੱਚ ਬੜੀ ਸ਼ਾਨ ਨਾਲ ਸੱਚਖੰਡ ਹਰਿਮੰਦਰ ਸਾਹਿਬ ਵਿਖੇ ਪ੍ਰਕਾਸ਼ਮਾਨ ਹੋਏ। ਭਾਈ ਬੁੱਢਾ ਜੀ ਨੂੰ ਪਹਿਲੇ ਗ੍ਰੰਥੀ ਹੋਣ ਦਾ ਸੁਭਾਗ ਪ੍ਰਾਪਤ ਹੋਇਆ। ਗੁਰੂ ਅਰਜਨ ਦੇਵ ਜੀ ਦੇ ਨਾਲ ਸੰਗਤਾਂ ਵੀ ਆਦਿ ਗ੍ਰੰਥ ਜੀ ਦੀ ਹਜ਼ੂਰੀ ਵਿੱਚ ਬੈਠੀਆਂ। ਪਹਿਲੇ ਪ੍ਰਕਾਸ਼ ਸਮੇਂ ਹੁਕਮਨਾਮਾ ਪ੍ਰਾਪਤ ਹੋਇਆ " ਸੂਹੀ ਮਹਲਾ ਪੰਜਵਾਂ ਸੰਤਾ ਕੇ ਕਾਰਜ ਆਪ ਖਲੋਇਆ ਹਰਿ ਕੰਮ ਕਰਾਵਣ ਆਇਆ ਰਾਮ॥ " ਧਾਰਮਿਕ ਕਵੀ ਦਰਬਾਰ ਦੇ ਦੌਰ ਵਿੱਚ ਕਵੀ ਤਰਸੇਮ ਸਿੰਘ ਸੁਮੰਨ, ਤਰਲੋਚਨ ਸਿੰਘ ਦੁਪਾਲਪੁਰ, ਬੀਬੀ ਬਲਵਿੰਦਰ ਕੌਰ ਹੰਸਰਾ, ਪ੍ਰਮਿੰਦਰ ਸਿੰਘ ਪ੍ਰਵਾਨਾ ਨੇ ਗੁਰੂ ਜਸ ਗਾਉਂਦਿਆਂ ਰਚਨਾਵਾਂ ਪੇਸ਼ ਕੀਤੀਆਂ। ਗੁਰਦੁਆਰਾ ਕਮੇਟੀ ਦੇ ਸਕੱਤਰ ਭਾਈ ਅਜੀਤ ਸਿੰਘ ਨੇ ਪ੍ਰੋਗਰਾਮ ਦੀ ਸਫਲਤਾ 'ਤੇ ਖੁਸ਼ੀ ਪ੍ਰਗਟਾਉਂਦਿਆਂ ਕਵੀਆਂ ਦਾ ਸਨਮਾਨ ਕੀਤਾ। ਪ੍ਰਵਾਨਾ ਨੇ ਦੱਸਿਆ ਕਿ ਇਸ ਪ੍ਰੋਗਰਾਮ ਦੀ ਸਫਲਤਾ ਵਿੱਚ ਭਾਈ ਦੌਲਤ ਸਿੰਘ ਨਿਜਰ, ਪਾਲ ਸਭਰਵਾਲ ਅਤੇ ਸੁਖਵਿੰਦਰ ਸਿੰਘ ਵੜੈਚ ਦਾ ਭਰਪੂਰ ਸਹਿਯੋਗ ਰਿਹਾ।

# ਮਿਸ਼ੀਗਨ ਦੇ ਰੋਚੈਸਟਰ ਹਿਲਜ਼ ਗੁਰਦੁਆਰਾ ਸਾਹਿਬ ਵਿਖੇ ਚੌਥਾ ਸਾਲਾਨਾ ਗੁਰਮਤਿ ਸਿਮਪੋਜ਼ੀਅਮ ਦਾ ਆਯੋਜਨ



ਡੀਟਰੋਏਟ/ਮਿਸ਼ੀਗਨ/ਏ.ਟੀ.ਨਿਊਜ਼ : ਅਮਰੀਕਾ ਦੇ ਮਿਸ਼ੀਗਨ ਸੂਬੇ ਵਿੱਚ ਡੀਟਰੋਏਟ ਮੈਟਰੋ ਖੇਤਰ ਦੇ ਰੋਚੈਸਟਰ ਹਿਲਜ਼ ਗੁਰਦੁਆਰਾ ਸਾਹਿਬ ਵਿਖੇ ਦੋ ਦਿਨਾਂ ਚੌਥਾ ਸਾਲਾਨਾ ਗੁਰਮਤਿ ਸਿਮਪੋਜ਼ੀਅਮ ਕਰਵਾਇਆ ਗਿਆ। ਇਸ ਵਿੱਚ 6 ਤੋਂ 19 ਸਾਲ ਦੀ ਉਮਰ ਦੇ ਬੱਚਿਆਂ ਅਤੇ ਨੌਜਵਾਨਾਂ ਨੇ ਗੁਰਬਾਣੀ ਕੀਰਤਨ, ਤਬਲਾ ਅਤੇ ਗਤਕੇ ਦੇ ਮੁਕਾਬਲਿਆਂ ਵਿੱਚ ਉਤਸ਼ਾਹ ਨਾਲ ਭਾਗ ਲਿਆ।

ਸਿਮਪੋਜ਼ੀਅਮ ਸਬੰਧੀ ਜਾਣਕਾਰੀ ਦਿੰਦਿਆਂ ਭਾਈ ਸੁਰਜੀਤ ਸਿੰਘ ਨੇ ਦੱਸਿਆ ਕਿ ਇਸ ਦੋ ਦਿਨਾਂ ਸਮਾਗਮ ਵਿੱਚ 125 ਤੋਂ ਵੱਧ ਬੱਚਿਆਂ ਨੇ ਭਾਗ ਲਿਆ ਅਤੇ 150 ਤੋਂ ਵੱਧ ਪੇਸ਼ਕਾਰੀਆਂ ਦਿੱਤੀਆਂ। ਮੁਕਾਬਲਿਆਂ ਲਈ ਬੱਚਿਆਂ ਨੂੰ ਉਮਰ ਅਨੁਸਾਰ ਤਿੰਨ ਗਰੁੱਪਾਂ ਵਿੱਚ ਵੰਡਿਆ ਗਿਆ ਸੀ। ਮਿਸ਼ੀਗਨ ਤੋਂ ਇਲਾਵਾ ਓਹਾਇਓ ਦੇ ਡੇਟਨ ਅਤੇ ਕੋਲੰਬਸ ਅਤੇ ਕੈਨੇਡਾ ਦੇ ਵਿੰਡਸਰ ਤੋਂ ਵੀ ਬੱਚਿਆਂ ਅਤੇ ਨੌਜਵਾਨਾਂ ਨੇ ਇਸ ਵਿੱਚ ਹਿੱਸਾ ਲਿਆ। ਵੱਖ-ਵੱਖ ਕੀਰਤਨ ਜੱਥਿਆਂ ਵਿੱਚ ਸ਼ਾਮਲ ਬੱਚਿਆਂ ਨੇ ਸ਼ਬਦ ਕੀਰਤਨ ਰਾਹੀਂ ਸੰਗਤ ਨੂੰ ਨਿਹਾਲ ਕੀਤਾ। ਬੱਚਿਆਂ ਵੱਲੋਂ ਨਿਰਧਾਰਤ ਰਾਗਾਂ ਵਿੱਚ ਗੁਰਬਾਣੀ ਕੀਰਤਨ ਦੀਆਂ ਪੇਸ਼ਕਾਰੀਆਂ ਕੀਤੀਆਂ ਗਈਆਂ। ਉਨ੍ਹਾਂ ਨੇ ਤਬਲਾ ਅਤੇ ਹਰਮੋਨੀਅਮ ਦੇ ਨਾਲ-ਨਾਲ ਦਿਲਰੁਬਾ ਵਰਗੇ ਪੁਰਾਤਨ ਸਾਜ਼ਾਂ ਰਾਹੀਂ ਵੀ ਗੁਰਬਾਣੀ ਕੀਰਤਨ ਗਾਇਨ ਕੀਤਾ। ਤਬਲਾ ਵਾਦਨ ਦੇ ਮੁਕਾਬਲਿਆਂ ਵਿੱਚ ਵੀ ਵੱਡੀ ਗਿਣਤੀ ਵਿੱਚ ਬੱਚਿਆਂ ਅਤੇ ਨੌਜਵਾਨਾਂ ਨੇ ਆਪਣੀ ਸੰਗੀਤਕ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ। ਇਸ ਦੇ ਨਾਲ ਗਤਕੇ ਦੇ ਮੁਕਾਬਲੇ ਵੀ ਕਰਵਾਏ ਗਏ।

ਭਾਈ ਸੁਰਜੀਤ ਸਿੰਘ ਨੇ ਕਿਹਾ ਕਿ ਰਾਗ-ਆਧਾਰਿਤ ਗੁਰਬਾਣੀ ਕੀਰਤਨ ਦੀ ਪੁਰਾਤਨ ਸਿੱਖ ਸੰਗੀਤਕ ਪਰੰਪਰਾ ਨੂੰ ਨਵੀਂ ਪੀੜ੍ਹੀ ਨਾਲ ਜੋੜਨਾ ਇਸ ਉਪਰਾਲੇ ਦਾ ਮੁੱਖ ਉਦੇਸ਼ ਹੈ। ਉਨ੍ਹਾਂ ਕਿਹਾ ਕਿ ਇਹ ਖੁਸ਼ੀ ਦੀ ਗੱਲ ਹੈ ਕਿ ਬੱਚੇ ਰਾਗਾਂ ਵਿੱਚ ਗੁਰਬਾਣੀ ਕੀਰਤਨ ਸਿੱਖ ਕੇ ਇਸ ਅਮੀਰ ਸਿੱਖ ਸੰਗੀਤਕ ਵਿਰਸੇ ਨਾਲ ਜੁੜ ਰਹੇ ਹਨ (**ਬਾਕੀ ਸਫ਼ਾ 27 'ਤੇ**)

TRANS-ALLIANCE
TOGETHER WE SAVE

FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

FUEL CARDS
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

YOU BREAK DOWN
WE SHOW UP
24-HOUR ROADSIDE ASSISTANCE

TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

# ਸੇਵਾ, ਸਿੱਖ ਧਰਮ

ਮਹਾਂਮਾਰੀਆਂ ਸਮਾਜਿਕ ਹੋਣ ਜਾਂ ਕੁਦਰਤੀ ਹੋਣ ਦਾ ਮਨੁੱਖੀ ਜੀਵਨ ਦਾ ਮੁੱਢ ਕਦੀਮ ਹਿੱਸਾ ਰਹੀਆਂ ਹਨ। ਜਿਵੇਂ ਬੱਦਲ ਦਾ ਫਟਣਾ, ਤੂਫਾਨ, ਸੁਨਾਮੀ, ਭੂਚਾਲ, ਬਿਮਾਰੀ, ਅਗਜਨੀ, ਗੈਸ ਦਾ ਰਿਸਣਾ, ਪਹਾੜਾਂ ਦਾ ਖਿਸਕਣਾ ਅਤੇ ਹੜ੍ਹ ਆਦਿ। ਅਗਸਤ 2025 ਵਿੱਚ ਪੰਜਾਬ ਦੇ ਪਿੰਡ ਨੂੰ ਭਾਰੀ ਤਬਾਹਕੁੰਨ ਹੜ੍ਹ ਦੇ ਸੰਕਟ ਦਾ ਸਾਹਮਣਾ ਕਰਨਾ ਪਿਆ। ਜੋ ਕਿ 1988 ਤੋਂ ਬਾਅਦ ਇੱਕ ਵੱਡਾ ਹੜ੍ਹ ਸੰਕਟ ਹੈ। ਹਿਮਾਚਲ ਪ੍ਰਦੇਸ਼ ਅਤੇ ਜੰਮੂ ਕਸ਼ਮੀਰ ਵਿੱਚ ਅਸਧਾਰਨ ਤੌਰ ’ਤੇ ਭਾਰੀ ਬਾਰਸ਼ਾਂ ਕਾਰਨ ਆਏ ਹੜ੍ਹ ਕਈ ਡੈਮਾਂ, ਜਿਵੇਂ ਪੌਂਗ ਡੈਮ, ਰਣਜੀਤ ਸਾਗਰ ਅਤੇ ਭਾਖੜਾ ਤੋਂ ਵਾਧੂ ਪਾਣੀ ਛੱਡਣ ਨਾਲ ਹੇਠਲੇ ਜ਼ਿਲ੍ਹਿਆਂ ਜਿਵੇਂ ਰਾਵੀ, ਬਿਆਸ ਅਤੇ ਸਤਲੁਜ ਦਰਿਆਵਾਂ ਦੇ ਖੇਤਰ ਵਿੱਚ ਹੜ੍ਹਾਂ ਦੀ ਮਾਰ ਤੇਜ਼ ਹੋਈ। ਸਾਰਾ ਪੰਜਾਬ ਹੜ੍ਹਾਂ ਤੋਂ ਪ੍ਰਭਾਵਿਤ ਹੋਇਆ ਹੈ। ਜਿਸ ਵਿੱਚ ਫ਼ਸਲਾਂ ਦਾ ਨੁਕਸਾਨ, ਉਜਾੜਾ ਅਤੇ ਬੁਨਿਆਦੀ ਢਾਂਚੇ ਦਾ ਵੀ ਨੁਕਸਾਨ ਹੋਇਆ ਹੈ। ਹੜ੍ਹਾਂ ਨੇ ਹਿਮਾਚਲ ਪ੍ਰਦੇਸ਼, ਜੰਮੂ ਕਸ਼ਮੀਰ, ਪੰਜਾਬ, ਉੱਤਰਾਖੰਡ, ਅਰੁਣਾਚਲ ਪ੍ਰਦੇਸ਼, ਬਿਹਾਰ, ਛਤੀਸਗੜ੍ਹ, ਪੱਛਮੀ ਬੰਗਾਲ ਅਤੇ ਪਾਕਿਸਤਾਨ ਦੇ ਪੰਜਾਬ ਰਾਜ ਵੀ ਪ੍ਰਭਾਵਿਤ ਹੋਏ।

ਲੱਖਾਂ ਏਕੜ ਫ਼ਸਲ ਡੁੱਬ ਗਈ ਹੈ। ਲੱਖਾਂ ਲੋਕਾਂ ਦੇ ਜੀਵਨ ਨੂੰ ਪ੍ਰਭਾਵਿਤ ਕੀਤਾ ਹੈ। ਕਈਆਂ ਦੀਆਂ ਜਾਨਾਂ ਗਈਆਂ ਹਨ। ਨਿਕਾਸੀ ਵਿਘਨ ਹੋਇਆ ਹੈ। ਪੰਜਾਬ ਦੀ ਇਸ ਮੁਸੀਬਤ ਵਿੱਚ ਪੰਜਾਬੀ ਨੌਜਵਾਨ, ਕਮੇਟੀਆਂ, ਰਾਜਨੀਤਿਕ ਪਾਰਟੀਆਂ, ਧਾਰਮਿਕ ਸੰਸਥਾਵਾਂ, ਨਿਹੰਗ ਜਥੇਬੰਦੀਆਂ, ਕਾਰ ਸੇਵਾ ਵਾਲੇ, ਰਾਸ਼ਟਰਪਤੀ ਪੱਧਰ ’ਤੇ ਏਜੰਸੀਆਂ ਫ਼ੌਜ ਬੀ.ਐਸ.ਐਫ਼ ਵੱਖ- ਵੱਖ ਗੈਰ ਸਰਕਾਰੀ ਸੰਸਥਾਵਾਂ ਅਤੇ ਅਧਿਕਾਰੀ, ਪੰਜਾਬੀ ਕਲਾਕਾਰਾਂ, ਗਲੋਬਲ ਸਿੱਖਸ ਅਤੇ ਖ਼ਾਲਸਾ ਏਡ ਆਦਿ ਨੂੰ ਤਨ, ਮਨ, ਧਨ ਨਾਲ ਅੱਗੇ ਹੋ ਕੇ ਸੇਵਾ ਕੀਤੀ ਹੈ। ਸਾਂਝੇ ਯਤਨਾਂ ਵਿੱਚ ਲੋਕਾਂ ਨੂੰ ਸੁਰੱਖਿਅਤ ਥਾਂਵਾਂ ’ਤੇ ਪਹੁੰਚਾਇਆ ਹੈ। ਰਾਹਤ ਕੈਂਪ ਲਗਾਏ ਗਏ ਹਨ। ਦੂਰ ਦੁਰਾਡੇ ਦੇ ਇਲਾਕਿਆਂ ਵਿੱਚ ਭੋਜਨ ਅਤੇ ਦਵਾਈਆਂ ਪਹੁੰਚਾਉਣ ਲਈ ਡਰੋਨ ਭੇਜੇ ਗਏ ਹਨ। ਪੀਣ ਵਾਲਾ ਪਾਣੀ, ਰਾਸ਼ਨ, ਦਵਾਈਆਂ ਡਾਕਟਰੀ ਸਹਾਇਤਾ, ਪਸ਼ੂਆਂ ਲਈ ਚਾਰਾ ਵਰਗੀਆਂ ਜ਼ਰੂਰੀ ਵਸਤੂਆਂ ਦਾ ਪ੍ਰਬੰਧ ਕੀਤਾ ਗਿਆ ਹੈ। ਭਾਵੇਂ ਕੇਂਦਰ ਅਤੇ ਰਾਜ ਸਰਕਾਰਾਂ ਮੁਆਵਜ਼ਾ ਦੇਣ ਦਾ ਵਾਅਦਾ ਕਰ ਰਹੀਆਂ ਹਨ, ਪਰ ਆਪਸੀ ਸਾਂਝੀਵਾਲਤਾ ਅਤੇ ਸਹਿਯੋਗ ਨਾਲ ਪੰਜਾਬ ਦੇ ਮੁੜ ਪਰਤ ਆਉਣ ਮੁੜ ਖੜੇ ਹੋਣ ਦੀ ਉਮੀਦ ਬਣੀ ਹੈ। ਭਾਵੇਂ ਮੁੜ ਵਸੇਬੇ ਲਈ ਹੋਰ ਚੁਣੌਤੀਆਂ ਅਤੇ ਯਤਨਾਂ ਦੀ ਲੋੜ ਹੈ।

ਸਿੱਖ ਧਰਮ ਵਿੱਚ ਸੇਵਾ ਦਾ ਬੜਾ ਮਹੱਤਵ ਹੈ। ਸਿੱਖ ਧਰਮ ਦੀ ਸਥਾਪਨਾ ਸਰਬਤ ਦਾ ਭਲਾ ਸਿੱਧਾਂਤ ਨਾਲ ਕੀਤੀ ਗਈ ਹੈ। ਸਭ ਦੇ ਸਾਂਝੇ ਭਲੇ ਲਈ ਕੰਮ ਪਰਮਾਤਮਾ ਪ੍ਰਤੀ ਸ਼ਰਧਾ ਵਜੋਂ ਸਾਰੀ ਮਨੁੱਖਤਾ ਦੀ ਸੇਵਾ ਅਤੇ ਉੱਨਤੀ ਲਈ ਕੰਮ ਕਰਨਾ ਸਿੱਖ ਕਦਰਾਂ ਕੀਮਤਾਂ ਨੂੰ ਦਰਸਾਉਂਦੀ ਹੈ। ਸੇਵਾ ਦਾ ਅਰਥ ਨਿਰਸਵਾਰਥ ਸੇਵਾ ਹੈ। ਸੰਸਕ੍ਰਿਤ ਦੇ ਮੂਲ ਸ਼ਬਦ ਸੇਵ ਦਾ ਅਰਥ ਹੈ ਸੇਵਾ ਕਰਨਾ। ਸੇਵਾ ਤਨ,ਮਨ ਅਤੇ ਧਨ ਨਾਲ ਕੀਤੀ ਜਾਂਦੀ ਹੈ। ਮਨੁੱਖਤਾ ਦੀ ਸੇਵਾ ਸਿੱਖੀ ਦਾ ਆਦਰਸ਼ ਹੈ। ਸੇਵਾ ਜੀਵਨ ਸ਼ੈਲੀ ਦਾ ਇੱਕ ਮਹੱਤਵਪੂਰਨ ਅੰਗ ਹੈ। ਸੇਵਾ ਵਿੱਚ ਇੱਕ ਵਿਅਕਤੀ ਕਿਸੇ ਵੀ ਭੌਤਿਕ ਤਰੀਕੇ ਨਾਲ ਬਿਨਾ ਮੁਆਵਜ਼ਾ ਦੇ ਦੂਜਿਆਂ ਲਈ ਜਾਂ ਕਿਸੇ ਸਾਂਝੇ ਉਦੇਸ਼ ਲਈ ਕੰਮ ਕਰਦਾ ਹੈ।

ਪੁਰਾਣੇ ਸਮਿਆਂ ਵਿੱਚ ਜਦ ਸਿਹਤ ਸਹੂਲਤਾਂ ਘੱਟ ਸਨ। ਚੰਗੇ ਇਲਾਜ ਉਪਲਬਧ ਨਹੀਂ ਸਨ। ਦਵਾ ਨਾਲ ਦੁਆਵਾਂ ਦਾ ਅਸਰ ਹੀ ਸਹਾਰਾ ਸੀ। ਧਾਰਮਿਕ ਉਪਦੇਸ਼ ਅਰਾਮ ਦਾ ਧਰਵਾਸ ਦਿੰਦੇ ਸਨ। ਸਿੱਖ ਧਰਮ ਵਿੱਚ ਮਹਾਂਮਾਰੀ ਨਾਲ ਨਜਿੱਠਣ ਲਈ ਸੇਵਾ ਦਾ ਸਿੱਧਾਂਤ ਹੈ। ਮੱਧ ਕਾਲੀਨ ਯੁੱਗ ਵਿੱਚ ਦੱਖਣੀ ਏਸ਼ੀਆ ਦੇ ਪੰਜਾਬ ਖ਼ਿੱਤੇ ਵਿੱਚ ਸਿੱਖ ਧਰਮ ਦੇ ਗੁਰੂ ਸਾਹਿਬਾਨ ਜੀ ਨੇ ਮਨੁੱਖਤਾ ਦੀ ਸੇਵਾ ਲਾਚਾਰ ਅਤੇ ਬਿਮਾਰਾਂ ਦੀ ਸੇਵਾ, ਆਫ਼ਤ ਵਿੱਚ ਘਿਰੇ, ਲੋਕਾਂ ਦੀ ਸੇਵਾ ਦੇਖ ਭਾਲ, ਨਿੱਜੀ ਸਵਾਰਥ ਤੋਂ ਉਪਰ ਉਠ ਕੇ ਸੇਵਾ ਕਰਨ ਦਾ ਉਪਦੇਸ਼ ਦਿੱਤਾ। ਸੇਵਾ ਦੀ ਭਾਵਨਾ ਨੂੰ ਮੁਕਤੀ ਨਾਲ ਜੋੜ ਦਿੱਤਾ। ਇਸ ਤਰ੍ਹਾਂ ਸਿਹਤਮੰਦ ਸਮਾਜ ਦੀ ਉਸਾਰੀ ਕੀਤੀ। ਅਜੋਕੇ ਸਮੇਂ ਵਿੱਚ ਵੀ ਗੁਰੂ ਸਾਹਿਬਾਨ ਦੀ ਸਿੱਖਿਆ ਅਤੇ ਗੁਰਬਾਣੀ ਤੋਂ ਸੇਧ ਲੈ ਕੇ ਸ਼ਰਧਾਲੂਆਂ ਨੂੰ ਸੇਵਾ ਕਰਨ ਦਾ ਉਤਸ਼ਾਹ ਮਿਲਦਾ ਹੈ।

ਜਿਹੜਾ ਸੇਵਕ ਗੁਰੂ ਦੇ ਘਰ ਵਿੱਚ ਭਾਵ ਗੁਰੂ ਦੇ ਦਰ ’ਤੇ ਰਹਿੰਦਾ ਹੈ ਤੇ ਗੁਰੂ ਦਾ ਹੁਕਮ ਮਨ ਵਿੱਚ ਮੰਨਦਾ ਹੈ। ਜੋ ਆਪਣੇ ਆਪ ਨੂੰ ਵੱਡਾ ਨਹੀਂ ਜਤਾਉਂਦਾ ਹੈ। ਪ੍ਰਭੂ ਦਾ ਨਾਮ ਸਦਾ ਹਿਰਦੇ ਵਿੱਚ ਧਿਆਉਂਦਾ ਹੈ ਜੋ ਆਪਣਾ ਮਨ ਸਤਿਗੁਰ ਅੱਗੇ ਵੇਚ ਦਿੰਦਾ ਹੈ। ਭਾਵ ਗੁਰੂ ਦੇ ਹਵਾਲੇ ਕਰ ਦਿੰਦਾ ਹੈ। ਉਸ ਸੇਵਕ ਦੇ ਸਾਰੇ ਕੰਮ ਸਿਰੇ ਚੜ੍ਹ ਜਾਂਦੇ ਹਨ। ਜੋ ਸੇਵਕ ਗੁਰੂ ਦੀ ਸੇਵਾ ਕਰਦਿਆਂ ਕਿਸੇ ਫਲ ਦੀ ਖ਼ਾਹਸ਼ ਨਹੀਂ ਰੱਖਦਾ, ਉਸ ਨੂੰ ਮਾਲਿਕ ਪ੍ਰਭੂ ਮਿਲ ਪੈਂਦਾ ਹੈ। ਹੇ ਨਾਨਕ! ਉਹ ਸੇਵਕ ਸਤਿਗੁਰੂ ਦੀ ਸਿੱਖਿਆ ਲੈਂਦਾ ਹੈ, ਜਿਸ ’ਤੇ ਪ੍ਰਭੂ ਆਪਣੀ ਮਿਹਰ ਕਰਦਾ ਹੈ।

ਜਿਸ ਮਨੁੱਖ ਨੂੰ ਇਸ ਸਰੀਰ ਵਿੱਚ ਗੁਰੂ ਦਾ ਉਪਦੇਸ਼ ਅਸਰ ਕਰਦਾ ਹੈ, ਪ੍ਰਭੂ ਦੀ ਸੇਵਾ ਕਰਨ ਨਾਲ ਸਿਮਰਨ ਕਰਨ ਨਾਲ ਉਸ ਨੂੰ ਆਤਮਿਕ ਆਨੰਦ ਮਿਲਦਾ ਹੈ। ਜਗਤ ਉਸ ਨੂੰ ਨਾਸਵੰਤ ਦਿਸਦਾ ਹੈ। ਹੇ ਭਾਈ! ਦੁਨੀਆ ਵਿੱਚ ਆ ਕੇ ਪ੍ਰਭੂ ਦੀ ਸੇਵਾ ਸਿਮਰਨ ਕਰਨੀ ਚਾਹੀਦੀ ਹੈ ਤਦੋਂ ਹੀ ਉਸ ਦੀ ਹਜ਼ੂਰੀ ਵਿੱਚ ਬੈਠਣ ਨੂੰ ਥਾਂ ਮਿਲਦਾ ਹੈ। ਹੇ ਨਾਨਕ, ਆਪ ਸਿਮਰਨ ਦੀ ਬਰਕਤ ਨਾਲ ਬੇਫ਼ਿਕਰ ਹੋ ਜਾਈਦਾ ਹੈ। ਕੋਈ ਚਿੰਤਾ ਸੋਗ ਨਹੀਂ ਵਿਆਪਦਾ।

ਜਿਸ ਮਨੁੱਖ ਉੱਤੇ ਪ੍ਰਭੂ ਦੀ ਬਖਸ਼ਿਸ਼ ਹੋਵੇ, ਉਸ ਨੂੰ ਪ੍ਰਭੂ ਗੁਰੂ ਮਿਲਾਉਂਦਾ ਹੈ। ਸੇਵਾ ਵਿੱਚ ਸੁਰਤਿ ਟਿਕਾਉਂਦਾ ਹੈ।

ਹੇ ਭਾਈ ਚੁਰਾਸੀ ਲੱਖ ਜੂਨਾਂ ਤੋਂ ਬਾਅਦ ਹੁਣ ਤੈਨੂੰ ਮਨੁੱਖਾ ਜਨਮ ਮਿਲਿਆ ਹੈ। ਸਾਧ ਸੰਗਤ ਵਿੱਚ ਆ ਗੁਰੂ ਦੀ ਮਤਿ ਲੈ ਕੇ ਖ਼ਲਕਤ ਦੀ ਸੇਵਾ ਕਰਕੇ ਪਰਮਾਤਮਾ ਦਾ ਭਜਨ ਕਰ। ਗੁਰੂ ਦੀ ਦੱਸੀ ਸੇਵਾ ਬੜੀ ਔਖੀ ਹੈ। ਆਪਾ ਭਾਵ ਗਵਾ ਕੇ ਸਿਰ ਦੇਣਾ ਪੈਂਦਾ ਹੈ। ਸਤਿਗੁਰੂ ਦੇ ਹੁਕਮ ਵਿੱਚ ਤੁਰਨਾ ਬੜੀ ਔਖੀ ਕਾਰ ਹੈ। ਸਿਰ ਦੇਣਾ ਪੈਂਦਾ ਹੈ ਤੇ ਆਪਾ ਗਵਾ ਕੇ ਸੇਵਾ ਹੈ। ਜੋ ਮਨੁੱਖ ਸਤਿਗੁਰੂ ਦੀ ਸਿੱਖਿਆ ਦੁਆਰਾ ਸੰਸਾਰ ਵੱਲੋਂ ਮਰਦੇ ਹਨ, ਉਹ ਫਿਰ ਜਨਮ ਮਰਨ ਵਿੱਚ ਨਹੀਂ ਰਹਿੰਦੇ। ਉਹਨਾਂ ਦੀ ਸਾਰੀ ਸੇਵਾ ਕਬੂਲ ਪੈ ਜਾਂਦੀ ਹੈ।

ਜੋ ਮਨੁੱਖ ਅਕਲ ਹੁੰਦਿਆਂ ਵੀ ਅੰਞਾਣਾ ਬਣੇ, ਭਾਵ ਅਕਲ ਦੇ ਤ੍ਰਾਣ ਦੂਜਿਆਂ ’ਤੇ ਕੋਈ ਦਬਾਉ ਨਾ ਪਾਏ। ਜੋਰ ਹੁੰਦਿਆਂ ਕਮਜ਼ੋਰਾਂ ਵਾਂਗ ਜੀਵੇ, ਭਾਵ ਕਿਸੇ ਉੱਤੇ ਧੱਕਾ ਨਾ ਕਰੇ। ਜਦੋਂ ਕੁਝ ਵੀ ਦੇਣ ਜੋਗਾ ਨਾਂਹ ਹੋਵੇ ਤਦੋਂ ਆਪਣਾ ਹਿੱਸਾ ਵੰਡ ਦੇਵੇ। ਕਿਸੇ ਅਜਿਹੇ ਮਨੁੱਖ ਨੂੰ ਹੀ ਭਗਤ ਆਖਣਾ ਚਾਹੀਦਾ ਹੈ। ਹੇ ਭਾਈ ਪਰਮਾਤਮਾ ਆਪ ਹੀ ਕਿਸੇ ਜੀਵ ਨੂੰ ਆਤਮਿਕ ਮੌਤ ਦੇ ਰਿਹਾ ਹੈ, ਕਿਸੇ ਨੂੰ ਆਤਮਿਕ ਜੀਵਨ ਬਖ਼ਸ਼ ਰਿਹਾ ਹੈ। ਪ੍ਰਭੂ ਆਪ ਹੀ ਜੀਵਾਂ ਨੂੰ ਗੁਰੂ ਮਿਲਾਉਂਦਾ ਹੈ ਤੇ ਗੁਰੂ ਮਿਲਾ ਕੇ ਆਪਣੇ ਚਰਨਾਂ ਨਾਲ ਜੋੜਦਾ ਹੈ। ਗੁਰੂ ਦੀ ਦੱਸੀ ਸੇਵਾ ਕਰਨ ਵਾਲੇ ਨੇ ਸਦਾ ਆਤਮਿਕ ਆਨੰਦ ਮਾਣਿਆ ਹੈ। ਗੁਰੂ ਦੇ ਸਨਮੁਖ ਰਹਿਣ ਵਾਲਾ ਮਨੁੱਖ ਆਤਮਿਕ ਅਡੋਲਤਾ ਵਿੱਚ ਲੀਨ ਰਹਿੰਦਾ ਹੈ। ਹੇ ਦਇਆ ਦੇ ਘਰ ਪ੍ਰਭੂ, ਮੈਂ ਤੈਥੋਂ ਇਹ ਮੰਗਦਾ ਹਾਂ ਕਿ ਮੈਨੂੰ ਆਪਣੇ ਦਾਸਾਂ ਦੇ ਦਾਸ ਬਣਾ ਲੈ। ਤੇਰਾ ਨਾਮ ਉਚਾਰਿਆਂ ਹੀ ਮੈਂ ਜਿਉਂਦਾ ਹਾਂ। ਤੇ ਮਾਨੋ ਨੌ ਖ਼ਜ਼ਾਨੇ ਤੇ ਧਰਤੀ ਦਾ ਰਾਜ ਪਾ ਲੈਂਦਾ ਹਾਂ। ਇਹ ਅੰਮ੍ਰਿਤ ਨਾਮ ਰੂਪ ਖ਼ਜ਼ਾਨਾ ਤੇਰੇ ਸੇਵਕਾਂ ਦੇ ਘਰ ਵਿੱਚ ਬਹੁਤ ਹੈ। ਜਦੋਂ ਮੈਂ ਉਹਨਾਂ ਦੀ ਸੰਗਤ ਵਿੱਚ ਬੈਠ ਕੇ ਆਪਣੇ ਕੰਨਾ ਨਲ ਤੇਰਾ ਜਸ ਸੁਣਦਾ ਹਾਂ ਮੈਂ ਨਿਹਾਲ ਹੋ ਜਾਂਦਾ ਹਾਂ। ਜਿਉਂ ਜਿਉਂ ਮੈਂ ਉਹਨਾਂ ਦੀ ਸੇਵਾ ਕਰਦਾ ਹਾਂ। ਮੇਰਾ ਸਰੀਰ ਪਵਿੱਤਰ ਹੁੰਦਾ ਹੈ। ਉਹਨਾਂ ਨੂੰ ਪੱਖਾ ਝੱਲ ਕੇ ਉਹਨਾਂ ਲਈ ਪਾਣੀ ਢੋਹ ਕੇ ਚੱਕੀ ਪੀਹ ਕੇ ਤੇ ਉਹਨਾਂ ਦੇ ਪੈਰ ਧੋ ਕੇ ਮੈਂ ਖੁਸ਼ ਹੁੰਦਾ ਹਾਂ। ਪਰ ਹੇ ਪ੍ਰਭੂ ਮੈਥੋਂ ਆਪਣੇ ਆਪ ਤੋਂ ਕੁਝ ਨਹੀਂ ਹੋ ਸਕਦਾ। ਤੂੰ ਹੀ ਮੇਰੇ ਵੱਲ ਮਿਹਰ ਦੀ ਨਜ਼ਰ ਨਾਲ ਤੱਕ,ਤੇ ਮੈਨੂੰ ਗੁਣ ਹੀਣ ਨੂੰ ਸੰਤਾਂ ਦੀ ਸੰਗਤ ਵਿੱਚ ਥਾਂ ਦੇਹ।

ਕਬੀਰ ਜੀ ਦਾ ਫੁਰਮਾਣ ਹੈ ਕਿ ਜਿਨ੍ਹਾਂ ਘਰਾਂ ਵਿੱਚ ਨੇਕ ਬੰਦਿਆਂ ਦੀ ਸੇਵਾ ਨਹੀਂ ਹੁੰਦੀ ਤੇ ਪਰਮਾਤਮਾ ਦੀ ਭਗਤੀ ਨਹੀਂ ਕੀਤੀ ਜਾਂਦੀ, ਉਹ ਘਰ ਭਾਵੇਂ ਕਿਤਨੇ ਹੀ ਸੁੱਚੇ ਤੇ ਸਾਫ ਰੱਖੇ ਜਾਂਦੇ ਹੋਣ ਮਸਾਣਾਂ ਵਰਗੇ ਹਨ। ਉਹਨਾਂ ਘਰਾਂ ਵਿੱਚ ਮਨੁੱਖ ਨਹੀਂ ਭੂਤਨੇ ਵੱਸਦੇ ਹਨ।

ਜੇ ਮਨੁੱਖ ਪ੍ਰਭੂ ਦੇ ਡਰ ਵਿੱਚ ਰਚ ਕੇ ਗੁਰੂ ਦੀ ਦੱਸੀ ਹੋਈ ਸੇਵਾ ਚਾਕਰੀ ਕਾਰ ਕਰੇ ਤੇ ਉਸੇ ਪ੍ਰਭੂ ਦੀ ਰਜਾ ਵਿੱਚ ਤੁਰੇ ਤਾਂ ਉਸ ਪ੍ਰਭੂ ਵਰਗਾ ਹੀ ਹੋ ਜਾਂਦਾ ਹੈ, ਜਿਸ ਨੂੰ ਇਹ ਸਿਮਰਦਾ ਹੈ। ਫਿਰ ਹੇ ਨਾਨਕ ਫਿਰ ਐਸੇ ਮਨੁੱਖ ਨੂੰ ਸਭਨੀਂ ਥਾਂਈਂ ਪ੍ਰਭੂ ਹੀ ਪ੍ਰਭੂ ਦਿਸਦਾ ਹੈ। ਉਸ ਤੋਂ ਬਿਨਾਂ ਕੋਈ ਹੋਰ ਨਹੀਂ ਦਿਸਦਾ ਤੇ ਨਾਂਹ ਕੋਈ ਹੋਰ ਆਸਰੇ ਦੀ ਥਾਂ ਦਿਸਦੀ ਹੈ।

ਜੇ ਮਨੁੱਖ ਸਤਿਗੁਰ ਦੇ ਭਾਣੇ ਵਿੱਚ ਤੁਰਨ, ਤਾਂ ਹੀ ਗੁਰੂ ਦੀ ਸੇਵਾ ਚਾਕਰੀ ਪ੍ਰਵਾਨ ਹੁੰਦੀ ਹੈ। ਜੇ ਮਨੁੱਖ ਆਪਾ ਭਾਵ ਮਿਟਾ ਕੇ ਗੁਰੂ ਦੇ ਦਰ ’ਤੇ ਜਾਵੇ ਤਾਂ ਉਹ ਅਡੋਲ ਅਵਸਥਾ ਵਿੱਚ ਟਿਕਿਆ ਰਹਿੰਦਾ ਹੈ। ਹੇ ਨਾਨਕ! ਅਜਿਹੇ ਬੰਦਿਆਂ ਨੂੰ ਪ੍ਰਭੂ ਦਾ ਨਾਮ ਨਹੀਂ ਭੁੱਲਦਾ। ਉਹ ਸਦਾ ਕਾਇਮ ਰਹਿਣ ਵਾਲੇ ਪ੍ਰਭੂ ਵਿੱਚ ਜੁੜੇ ਰਹਿੰਦੇ ਹਨ।

ਹੇ ਨਾਨਕ! ਗੁਰੂ ਦੀ ਦੱਸੀ ਸੇਵਾ ਭੀ ਉਹੀ ਮਨੁੱਖ ਕਰਦਾ ਹੈ, ਜਿਸ ਪਾਸੋਂ ਪਰਮਾਤਮਾ ਆਪ ਹੀ ਕਰਾਂਦਾ ਹੈ। ਨਹੀਂ ਤਾਂ ਇਹ ਮਾਇਆ ਦਾ ਮੋਹ ਬੜਾ ਪ੍ਰਬਲ ਹੈ। ਆਪਾ ਭਾਵ ਗਵਾਇਆ ਹੀ ਇਸ ਤੋਂ ਖ਼ਲਾਸੀ ਹੁੰਦੀ ਹੈ। ਜਿਹੜਾ ਮਨੁੱਖ ਸਿਰ ਗੁਰੂ ਦੇ ਹਵਾਲੇ ਕਰਦਾ ਹੈ। ਉਹ ਪਰਮਾਤਮਾ ਦੀ ਹਜ਼ੂਰੀ ਵਿੱਚ ਆਦਰ ਮਾਣ ਪ੍ਰਾਪਤ ਕਰਦਾ ਹੈ।

ਜੇ ਕੋਈ ਮਨੁੱਖ ਚਿਤ ਲਾ ਕੇ ਸੇਵਾ ਕਰੇ ਤਾਂ ਸਤਿਗੁਰੂ ਦੀ ਦੱਸੀ ਸੇਵਾ ਜਰੂਰ ਫਲ ਲਾਉਂਦੀ ਹੈ। ਮਨ ਇੱਛਿਆ ਫਲ ਮਿਲਦਾ ਹੈ। ਅਹੰਕਾਰ ਮਨ ਵਿੱਚੋਂ ਦੂਰ ਹੁੰਦਾ ਹੈ। ਗੁਰੂ ਦੀ ਦੱਸੀ ਕਾਰ, ਮਾਇਆ ਦੇ ਬੰਧਨਾਂ ਨੂੰ ਤੋੜ ਦੀ ਹੈ। ਬੰਧਨਾਂ ਤੋਂ ਖ਼ਲਾਸੀ ਹੋ ਜਾਂਦੀ ਹੈ ਤੇ ਸੱਚੇ ਹਰੀ ਵਿੱਚ ਮਨੁੱਖ ਸਮਾਇਆ ਰਹਿੰਦਾ ਹੈ।

ਅੰਤਿਕਾ : ਹੇ ਨਾਨਕ! ਪ੍ਰਭੂ ਦੇ ਦਰ ’ਤੇ ਆਈ ਹੇ ਮੇਰੇ ਮਾਲਕ! ਜੇ ਕੋਈ ਗੁਰਮੁਖਿ ਮੈਨੂੰ ਤੇਰੀ ਕੋਈ ਗੱਲ ਸੁਣਾਵੇ ਤਾਂ ਮੈਂ ਉਸ ਅੱਗੇ ਕਿਹੜੀ ਭੇਂਟ ਧਰਾਂ। ਆਪਣਾ ਸਿਰ ਵੱਢ ਕੇ ਮੈਂ ਉਸ ਦੇ ਬੈਠਣ ਲਈ ਆਸਣ ਬਣਾ ਦਿਆਂ ਭਾਵ ਆਪਾ ਭਾਵ ਦੂਰ ਕਰਕੇ ਮੈਂ ਉਸ ਦੀ ਸੇਵਾ ਕਰਾਂ। ਜਦੋਂ ਸਾਡਾ ਪ੍ਰਭੂ ਪਤੀ ਸਾਡੀ ਮੂਰਖਤਾ ਦੇ ਕਾਰਨ, ਸਾਥੋਂ ਉਪਰਾ ਹੋ ਜਾਵੇ ਤਾਂ ਉਸ ਨੂੰ ਮੁੜ ਆਪਣਾ ਬਨਾਣ ਲਈ ਇਹੀ ਇੱਕ ਤਰੀਕਾ ਹੈ ਕਿ ਅਸੀਂ ਆਪਾ ਭਾਵ ਮਾਰ ਦੇਈਏ, ਤੇ ਆਪਣੀ ਜਿੰਦ ਉਸ ਤੋਂ ਸਦਕੇ ਕਰ ਦੇਈਏ।



# ਵਗਦੇ ਦਰਿਆ ਦੇ ਕੰਢੇ ਕਿੰਨੀਆਂ ਵੇ ਟਾਹਲੀਆਂ....

**ਜੱਗਾ ਸਿੰਘ ਆਦਮਕੇ**

ਰੁੱਖਾਂ ਦਾ ਮਨੁੱਖੀ ਜੀਵਨ ਲਈ ਬਹੁਪੱਖੀ ਮਹੱਤਵ ਹੈ। ਰੁੱਖ ਧਰਤੀ ਦੇ ਵਾਤਾਵਰਣ ਨੂੰ ਸਿਹਤਮੰਦ ਬਣਾਈ ਰੱਖਣ ਦੇ ਨਾਲ ਨਾਲ ਮਨੁੱਖ ਨੂੰ ਅਨੇਕਾਂ ਪੱਖਾਂ ਤੋਂ ਲਾਭ ਪਹੁੰਚਾਉਣ ਵਾਲੇ ਸਾਬਤ ਹੁੰਦੇ ਹਨ। ਇਹ ਠੰਡੀਆਂ ਛਾਵਾਂ ਵੰਡਣ ਦੇ ਨਾਲ ਨਾਲ ਵੱਖ- ਵੱਖ ਤਰ੍ਹਾਂ ਦੇ ਸੁਆਦੀ ਫਲ ਪ੍ਰਦਾਨ ਕਰਦੇ ਹਨ। ਕੁਝ ਰੁੱਖਾਂ ਨੂੰ ਲੱਗਦੇ ਸੁੰਦਰ ਫੁੱਲ ਸਾਡੇ ਆਸ ਪਾਸ ਨੂੰ ਸੁੰਦਰ ਬਣਾਉਣ ਅਤੇ ਮਹਿਕਾਉਣ ਦਾ ਕੰਮ ਕਰਦੇ ਹਨ। ਰੁੱਖ ਪੰਛੀਆਂ ਦੇ ਰਹਿਣ ਲਈ ਥਾਂ ਪ੍ਰਦਾਨ ਕਰਦੇ ਹਨ। ਇਹ ਦਵਾਈਆਂ ਪ੍ਰਦਾਨ ਕਰਨ ਦੇ ਨਾਲ ਨਾਲ ਵੱਖ- ਵੱਖ ਉਦੇਸ਼ਾਂ ਲਈ ਲੱਕੜੀ ਪ੍ਰਦਾਨ ਕਰਦੇ ਹਨ।

ਪੰਜਾਬ ਵਿੱਚ ਬਹੁਤ ਸਾਰੀਆਂ ਕਿਸਮਾਂ ਦੇ ਰੁੱਖ ਮਿਲਦੇ ਹਨ। ਇਨ੍ਹਾਂ ਵਿੱਚੋਂ ਇੱਕ ਮਹੱਤਵਪੂਰਨ ਰੁੱਖ ਹੈ 'ਟਾਹਲੀ'। ਟਾਹਲੀ ਦੇ ਰੁੱਖ ਨੂੰ ਭਾਵੇਂ ਫਲ ਨਹੀਂ ਲੱਗਦਾ, ਪ੍ਰੰਤੂ ਇਸ ਦੀ ਲੱਕੜ ਬਹੁਤ ਜ਼ਿਆਦਾ ਉਪਯੋਗੀ, ਹੰਢਣਸਾਰ ਅਤੇ ਟਿਕਾਊ ਹੈ। ਇਸ ਦਾ ਵਿਗਿਆਨਕ ਨਾਂ 'ਡੈਲਬਰਗੀਆ ਲੈਟੀਫੋਲੀਆ' ਹੈ। ਇਹ ਰੁੱਖ ਆਪਣੇ ਬਹੁਪੱਖੀ ਗੁਣਾਂ ਕਾਰਨ ਪੰਜਾਬੀ ਜਨ ਜੀਵਨ ਅਤੇ ਸੱਭਿਆਚਾਰ ਵਿੱਚ ਵੀ ਮਹੱਤਵ ਰੱਖਣ ਵਾਲਾ ਰੁੱਖ ਹੈ। ਇਸ ਦੇ ਬਹੁਪੱਖੀ ਮਹੱਤਵ ਕਾਰਨ ਇਸ ਨੂੰ ਪੰਜਾਬ ਦੇ ਰਾਜ ਰੁੱਖ ਹੋਣ ਦਾ ਮਾਣ ਵੀ ਪ੍ਰਾਪਤ ਹੈ। ਟਾਹਲੀ ਦਾ ਰੁੱਖ ਦੱਖਣੀ ਏਸ਼ੀਆ ਦੇ ਕੁਝ ਹਿੱਸੇ ਤੇ ਖ਼ਾਸ ਕਰਕੇ ਭਾਰਤ ਦੇ ਨੀਮ ਪਹਾੜੀ ਅਤੇ ਮੈਦਾਨੀ ਇਲਾਕਿਆਂ ਵਿੱਚ ਮਿਲਦਾ ਹੈ।

ਜਨ ਜੀਵਨ ਵਿੱਚ ਮਹੱਤਵ ਰੱਖਣ ਵਾਲੀਆਂ ਹੋਰਨਾਂ ਵਸਤੂਆਂ, ਰੁੱਖਾਂ ਵਾਂਗ ਟਾਹਲੀ ਦਾ ਵਰਣਨ ਲੋਕ ਬੋਲੀਆਂ ਤੇ ਲੋਕ ਗੀਤਾਂ ਵਿੱਚ ਵੱਖ ਵੱਖ ਤਰੀਕਿਆਂ ਨਾਲ ਮਿਲਦਾ ਹੈ;

ਇੱਕ ਰੁੱਖ ਲਾਇਆ ਵੇ ਟਾਹਲੀ ਦਾ
ਮੋਹ ਪ੍ਰਦੇਸੀਆ ਵੇ ਨਾਲ ਕਮਾਈ
ਖ਼ਿਆਲ ਭੁੱਲ ਗਿਆ ਘਰਵਾਲੀ ਦਾ

ਟਾਹਲੀ ਆਪਣੇ ਬੁਹਪੱਖੀ ਮਹੱਤਵ ਕਾਰਨ ਪੰਜਾਬੀ ਜਨ ਜੀਵਨ ਵਿੱਚ ਸਮਾਈ ਹੋਈ ਹੈ। ਟਾਹਲੀ ਦੇ ਹੋਰਨਾਂ ਮਹੱਤਵਾਂ ਦੇ ਨਾਲ ਨਾਲ ਇਹ ਆਪਣੀਆਂ ਸੰਘਣੀਆਂ ਟਾਹਣੀਆਂ ਤੇ ਪੱਤਿਆਂ ਕਾਰਨ ਪੰਛੀਆਂ ਲਈ ਰਹਿਣ ਦਾ ਟਿਕਾਣਾ ਬਣਦੀ ਹੈ। ਇਸ ਕਰਕੇ ਅਜਿਹੇ ਪੱਖ ਕਾਰਨ ਲੋਕ ਗੀਤਾਂ ਵਿੱਚ ਟਾਹਲੀ ਦਾ ਵੱਖ ਵੱਖ ਸੰਦਰਭਾਂ ਵਿੱਚ ਜ਼ਿਕਰ ਕੁਝ ਇਸ ਤਰ੍ਹਾਂ ਮਿਲਦਾ ਹੈ;

ਘਰ ਵਿੱਚ ਇੱਕ ਰੁੱਖ ਲਗਾਇਆ
ਰੁੱਖ ਲਗਾਇਆ ਟਾਹਲੀ ਦਾ
ਆਉਂਦੇ ਭਾਂਤ ਭਾਂਤ ਦੇ ਪੰਛੀ
ਮਾਹੀ ਮੇਰਾ ਦੂਰ ਵਸੇ
ਉਨ੍ਹਾਂ ਨਾਲ ਜੀਅ ਪ੍ਰਚਾ ਲਈ ਦਾ

ਟਾਹਲੀ ਦਾ ਰੁੱਖ ਵਧੇਰੇ ਪਾਣੀ ਵਾਲੀਆਂ ਥਾਵਾਂ 'ਤੇ ਆਮ ਕਰਕੇ ਪਣਪਦਾ ਹੈ। ਅਜਿਹਾ ਹੋਣ ਕਾਰਨ ਇਹ ਸੂਇਆਂ, ਕੱਸੀਆਂ ਕਿਨਾਰੇ ਕਾਫ਼ੀ ਗਿਣਤੀ ਵਿੱਚ ਮਿਲਦਾ ਹੈ। ਇਸ ਦੇ ਅਜਿਹੇ ਪੱਖ ਕਾਰਨ ਇਸ ਦਾ ਜ਼ਿਕਰ ਲੋਕ ਬੋਲੀਆਂ, ਟੱਪਿਆਂ ਵਿੱਚ ਕੁਝ ਇਸ ਤਰ੍ਹਾਂ ਮਿਲਦਾ ਹੈ;

ਵਗਦੇ ਦਰਿਆ ਦੇ ਕੰਢੇ ਕਿੰਨੀਆਂ ਵੇ ਟਾਹਲੀਆਂ
ਖਾ ਗਏ ਗ਼ਮ ਤੇ ਉੱਡ ਗਈਆਂ ਮੁੱਖੜੇ ਦੀਆਂ ਲਾਲੀਆਂ

ਪੰਜਾਬ ਵਿੱਚ ਪਤਝੜ ਦੀ ਰੁੱਤ ਆਉਣ 'ਤੇ ਵੱਖ ਵੱਖ ਰੁੱਖਾਂ ਦੇ ਪੱਤੇ ਝੜ ਜਾਂਦੇ ਹਨ। ਹੋਰਨਾਂ ਰੁੱਖਾਂ ਵਾਂਗ ਟਾਹਲੀ 'ਤੇ ਵੀ ਪਤਝੜ ਆਉਂਦੀ ਹੈ। ਟਾਹਲੀ ਦੇ ਅਜਿਹੇ ਪੱਖ ਰਾਹੀਂ ਲੋਕ ਗੀਤਾਂ, ਟੱਪਿਆਂ ਵਿੱਚ ਕੁਝ ਇਸ ਤਰ੍ਹਾਂ ਕਿਹਾ ਮਿਲਦਾ ਹੈ;

ਪਤਝੜ ਆਈ ਤੇ ਟਾਹਲੀ ਦੇ ਝੜੇ ਪੱਤੇ ਹਾਣੀਆਂ
ਤੂੰ ਕਦੋਂ ਆਉਣਾ, ਨਾ ਦੱਸੇ ਹਾਣੀਆਂ

ਟਾਹਲੀ ਸਬੰਧੀ ਵੱਖ ਵੱਖ ਪੰਜਾਬੀ ਲੋਕ ਗੀਤਾਂ, ਟੱਪਿਆਂ ਵਿੱਚ ਵੱਖ ਵੱਖ ਸੰਦਰਭਾਂ ਵਿੱਚ ਜ਼ਿਕਰ ਮਿਲਦਾ ਹੈ। ਕਦੇ ਵਿਆਹ ਸਮੇਂ ਗਾਈਆਂ ਜਾਂਦੀਆਂ ਸਿੱਠਣੀਆਂ ਵਿੱਚ ਟਾਹਲੀ ਰਾਹੀਂ ਕੁਝ ਇਸ ਤਰ੍ਹਾਂ ਕਿਹਾ ਮਿਲਦਾ ਹੈ;

ਜਾਨੀ ਓਸ ਪਿੰਡੋਂ ਆਏ, ਜਿੱਥੇ ਟਾਹਲੀ ਵੀ ਨਾ
ਇਨ੍ਹਾਂ ਦੇ ਪੀਲੇ ਡੱਡੂਆਂ ਵਰਗੇ ਮੂੰਹ ਉੱਤੇ ਲਾਲੀ ਵੀ ਨਾ

ਟਾਹਲੀ ਦੀ ਲੱਕੜ ਬਹੁਉਪਯੋਗੀ ਹੈ। ਇਸ ਦੀ ਵਰਤੋਂ ਕਰਕੇ ਵੱਖ ਵੱਖ ਤਰ੍ਹਾਂ ਦਾ ਫਰਨੀਚਰ ਬਣਾਇਆ ਜਾਂਦਾ ਹੈ। ਭਾਵੇਂ ਚਰਖਾ ਬਣਾਉਣ ਲਈ ਰਹੂੜੀ ਦੀ ਲੱਕੜ ਉਪਯੋਗੀ ਮੰਨੀ ਜਾਂਦੀ ਰਹੀ ਹੈ, ਪ੍ਰੰਤੂ ਟਾਹਲੀ ਦੀ ਲੱਕੜ ਦੀ ਸਫ਼ਾਈ ਅਤੇ ਹੰਢਣਸਾਰਤਾ ਦੇ ਕਾਰਨ ਇਹ ਚਰਖੇ ਬਣਾਉਣ ਲਈ ਵੀ ਉਪਯੋਗ ਕੀਤੀ ਜਾਂਦੀ ਸੀ। ਇਸ ਦੇ ਅਜਿਹੇ ਪੱਖ ਕਾਰਨ ਲੋਕ ਬੋਲੀਆਂ, ਟੱਪਿਆਂ ਵਿੱਚ ਜ਼ਿਕਰ ਕੁਝ ਇਸ ਪ੍ਰਕਾਰ ਮਿਲਦਾ ਹੈ;

ਚਰਖਾ ਟਾਹਲੀ ਦਾ
ਵੀਰ ਜਾ ਕੇ ਸੁਨਾਮੋਂ ਲਿਆਇਆ
ਚਰਖਾ ਟਾਹਲੀ ਦਾ

ਟਾਹਲੀ ਦਾ ਰੁੱਖ ਆਮ ਕਰਕੇ ਪਾਣੀ ਦੇ ਸਰੋਤਾਂ ਦੇ ਕਿਨਾਰੇ ਪਣਪਦਾ ਅਤੇ ਵਧਦਾ ਫੁੱਲਦਾ ਹੈ, ਪ੍ਰੰਤੂ ਕਈ ਵਾਰ ਸ਼ਾਮਲਾਟ ਵਰਗੀਆਂ ਹੋਰ ਵੀ ਸਾਂਝੀਆਂ ਥਾਵਾਂ 'ਤੇ ਆਪਣੇ ਆਪ ਹੀ ਕੁਦਰਤੀ ਰੂਪ ਵਿੱਚ ਉਤਪੰਨ ਹੁੰਦੀ ਤੇ ਵਧਦੀ ਫੁੱਲਦੀ ਹੈ। ਅਜਿਹਾ ਹੋਣ ਕਾਰਨ ਜੇਕਰ ਕੋਈ ਅਜਿਹੀ ਟਾਹਲੀ ਨੂੰ ਵੱਢਦਾ ਹੈ ਤਾਂ ਕਿਸੇ ਵੱਲੋਂ ਸਬੰਧਤ ਨੂੰ ਕੁਝ ਇਸ ਤਰ੍ਹਾਂ ਕਹਿੰਦਿਆਂ ਟਾਹਲੀ ਵੱਢਣ ਤੋਂ ਰੋਕਣ ਸਬੰਧੀ ਟੱਪਿਆਂ ਤੇ ਬੋਲੀਆਂ ਵਿੱਚ ਮਿਲਦਾ ਹੈ;

ਨਾ ਤੂੰ ਲਗਾਈ
ਨਾ ਤੂੰ ਸੰਭਾਲੀ
ਵੀਰਾ ਵੱਢ ਨਾ ਵੇ
ਸ਼ਾਮਲਾਟ ਦੀ ਟਾਹਲੀ

ਟਾਹਲੀ ਸਬੰਧੀ ਬਹੁਤ ਸਾਰੀਆਂ ਗੱਲਾਂ ਪ੍ਰਸਿੱਧ ਹਨ, ਉਨ੍ਹਾਂ ਵਿੱਚੋਂ ਇੱਕ ਇਹ ਕਿ ਪਾਂਡੂ ਮਿੱਟੀ ਵਾਲੀ ਧਰਤੀ ਵਿੱਚ ਲੱਗੀ ਟਾਹਲੀ ਦੀ ਲੱਕੜ ਵਧੇਰੇ ਮਜ਼ਬੂਤ ਹੁੰਦੀ ਹੈ। ਟਾਹਲੀ ਦੇ ਰੁੱਖ ਸਬੰਧੀ ਪੰਜਾਬੀ ਲੋਕ ਗੀਤਾਂ ਵਿੱਚ ਵੱਖ ਵੱਖ ਰੂਪਾਂ ਵਿੱਚ ਵਰਣਨ ਕੀਤਾ ਮਿਲਦਾ ਹੈ;

ਵਿੱਚ ਕੱਲਰ ਦੇ ਲੱਗ ਗਈ ਟਾਹਲੀ
ਹੱਥ ਹੱਥ ਨਿੱਤ ਵਧਦੀ ਜਾਵੇ।
ਆਉਂਦੇ ਰਾਹੀਆ ਘੜਾ ਚੁਕਾ ਜਾ
ਕਿਹੜੇ ਵੇਲੇ ਦਾ ਨਾ ਕੋਈ ਚੁਕਾਵੇ।
ਖੜ੍ਹੀ ਮੇਰੀ ਦਾ ਤਨ ਥੱਕ ਗਿਆ
ਥੱਲੇ ਸੇਕ ਤਲੀਆਂ ਵਿੱਚੋਂ ਆਵੇ।



ਰੂਪ ਕੁਆਰੀ ਦਾ
ਕਿੱਥੇ ਝੱਲਿਆ ਜਾਵੇ।

ਪੰਜਾਬ ਦੇ ਖੇਤਾਂ ਦੇ ਖਾਲਾਂ ਵੱਟਾਂ ਉੱਤੇ ਟਾਹਲੀਆਂ ਦੇ ਰੁੱਖ ਵੱਡੀ ਮਾਤਰਾ ਵਿੱਚ ਮਿਲਦੇ ਹਨ। ਟਾਹਲੀਆਂ ਰਾਹੀਂ ਪੰਜਾਬੀ ਟੱਪਿਆਂ, ਬੋਲੀਆਂ ਵਿੱਚ ਕੁਝ ਇਸ ਤਰ੍ਹਾਂ ਕਿਹਾ ਮਿਲਦਾ ਹੈ;

ਪੈਲੀਆਂ ਦੇ ਬੰਨੇ ਬੰਨੇ ਟਾਹਲੀਆਂ ਦੀ ਡਾਰ ਗੋਰੀਏ
ਕਦੇ ਤਾਂ ਤੂੰ ਆ ਨੀਂ ਗੇੜਾ ਮਾਰ ਗੋਰੀਏ

ਸੰਘਣੀ ਛਾਂ, ਸੰਘਣੀਆਂ ਟਾਹਣੀਆਂ ਕਾਰਨ ਟਾਹਲੀ ਉੱਤੇ ਵੱਖ ਵੱਖ ਪੰਛੀਆਂ ਦੀ ਆਵਾਜਾਈ ਰਹਿੰਦੀ ਹੈ ਅਤੇ ਉਨ੍ਹਾਂ ਦੀਆਂ ਵੱਖ ਵੱਖ ਆਵਾਜ਼ਾਂ ਸੁਣਾਈ ਦਿੰਦੀਆਂ ਹਨ। ਕਿਸੇ ਨੂੰ ਟਾਹਲੀ ਉੱਤੇ ਅਜਿਹੇ ਸਮੇਂ ਬੋਲਦੀ ਘੁੱਗੀ ਦਾ ਵੀ ਕੋਈ ਅਰਥ ਵਿਖਾਈ ਦਿੰਦਾ ਹੈ;

ਉੱਚੀ ਟਾਹਲੀ 'ਤੇ ਗਾਉਂਦੀਏ ਘੁੱਗੀਏ
ਦੱਸ ਕਿਸ ਨੂੰ ਇਹ ਸੁਣਾਉਂਦੀ ਘੁੱਗੀਏ
ਕੀ ਤੈਨੂੰ ਵੀ ਮਾਹੀਏ ਦੀ ਯਾਦ ਆਉਂਦੀ ਘੁੱਗੀਏ

ਟਾਹਲੀਆਂ ਦੀ ਛਾਂ ਕਾਫ਼ੀ ਸੰਘਣੀ ਹੁੰਦੀ ਹੈ, ਇਨ੍ਹਾਂ ਦੀ ਹਰਿਆਲੀ ਮਨਾਂ ਨੂੰ ਸਕੂਨ ਪਹੁੰਚਾਉਣ ਵਾਲੀ ਸਾਬਤ ਹੁੰਦੀ ਹੈ। ਅਜਿਹਾ ਹੋਣ ਕਾਰਨ ਬੱਚਿਆਂ ਦੇ ਖੇਡਣ ਅਤੇ ਕੁੜੀਆਂ ਦੇ ਪੀਘਾਂ ਪਾਉਣ ਲਈ ਵੀ ਕੰਮ ਆਉਂਦੀਆਂ ਹਨ। ਟਾਹਲੀ ਦੇ ਅਜਿਹੇ ਪੱਖ ਸਬੰਧੀ ਜ਼ਿਕਰ ਕੁਝ ਇਸ ਤਰ੍ਹਾਂ ਮਿਲਦਾ ਹੈ;

ਉੱਚੀਆਂ ਲੰਮੀਆਂ ਟਾਹਲੀਆਂ
ਉੱਤੇ ਕੁੜੀਆਂ ਪੀਘਾਂ ਪਾਈਆਂ
ਪੀਘਾਂ ਝੂਟਣ ਚਾਈਂ ਚਾਈਂ
ਪੀਘਾਂ ਖ਼ੂਬ ਚੜ੍ਹਾਈਆਂ
ਡਿੱਗਣ ਦਾ ਨਾ ਡਰ ਕੋਈ
ਚੰਗੀਆਂ ਨੀਂ ਐਨੀਆਂ ਬੇਪ੍ਰਵਾਹੀਆਂ

ਟਾਹਲੀ ਦੀ ਲੱਕੜ ਮਜ਼ਬੂਤ ਹੋਣ ਕਾਰਨ ਇਸ ਦੀ ਵਰਤੋਂ ਫਰਨੀਚਰ ਦੇ ਨਿਰਮਾਣ ਲਈ ਕਰਨ ਦੇ ਨਾਲ ਨਾਲ ਦੂਸਰੀਆਂ ਘਰੇਲੂ ਉਪਯੋਗ ਦੀਆਂ ਵਸਤੂਆਂ ਬਣਾਉਣ ਲਈ ਵੀ ਕੀਤੀ ਜਾਂਦੀ ਰਹੀ ਹੈ। ਘਰ ਦੇ ਮੰਜਿਆਂ, ਪੀੜ੍ਹੀਆਂ ਦੇ ਪਾਵੇ ਬਣਾਉਣ ਲਈ ਵੀ ਟਾਹਲੀ ਦੀ ਲੱਕੜ ਉਪਯੋਗ ਕੀਤੀ ਜਾਂਦੀ ਰਹੀ ਹੈ।

ਇਸ ਤਰ੍ਹਾਂ ਟਾਹਲੀ ਪੰਜਾਬ ਦਾ ਇੱਕ ਮਹੱਤਵਪੂਰਨ ਰੁੱਖ ਹੈ। ਵਾਤਾਵਰਨਿਕ ਰੂਪ ਵਿੱਚ ਉਪਯੋਗੀ ਹੋਣ ਦੇ ਨਾਲ ਨਾਲ ਆਰਥਿਕ ਪੱਖ ਤੋਂ ਵੀ ਆਪਣੀ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਇਸ ਦੀ ਰੇਸ਼ੇਦਾਰ ਤੇ ਮਜ਼ਬੂਤ ਲੱਕੜ ਫਰਨੀਚਰ ਦੇ ਨਿਰਮਾਣ ਲਈ ਉਪਯੋਗੀ ਹੈ। ਇਸ ਦਾ ਪੰਜਾਬੀ ਜੀਵਨ ਵਿੱਚ ਮਹੱਤਵ ਦਾ ਅਨੁਮਾਨ ਇਸ ਦਾ ਪੰਜਾਬੀ ਲੋਕ ਗੀਤਾਂ, ਬੋਲੀਆਂ, ਟੱਪਿਆਂ ਵਿੱਚ ਮਿਲਦੇ ਜ਼ਿਕਰ ਤੋਂ ਲਗਾਇਆ ਜਾ ਸਕਦਾ ਹੈ।

# 'ਜੀ ਆਇਆਂ ਨੂੰ' ਕਹਿੰਦਿਆਂ...

**ਗੁਰਬਿੰਦਰ ਸਿੰਘ ਮਾਣਕ**

ਜੀਵਨ ਦੇ ਮਾਰਗ 'ਤੇ ਵਿਚਰਦਿਆਂ ਹਰ ਮਨੁੱਖ ਦਾ ਹੀ ਨਿੱਤ-ਦਿਨ ਅਨੇਕਾਂ ਲੋਕਾਂ ਨਾਲ ਵਾਹ-ਵਾਸਤਾ ਪੈਂਦਾ ਹੈ। ਇੱਕ ਦੂਜੇ ਨਾਲ ਮਨੁੱਖ ਕਿਹੋ ਜਿਹਾ ਵਿਹਾਰ ਕਰਦਾ ਹੈ, ਇਹ ਅਕਸਰ ਹਰ ਕੋਈ ਦੇਖਦਾ ਤੇ ਪਰਖਦਾ ਹੈ। ਘਰ ਵਿੱਚ ਆਏ ਪ੍ਰਾਹੁਣਿਆਂ ਨੂੰ ਖਿੜੇ-ਮੱਥੇ ਜੀ-ਆਇਆਂ ਕਹਿ ਕੇ ਸਵਾਗਤ ਕਰਨਾ ਮਨੁੱਖੀ ਸੂਝ ਤੇ ਸਲੀਕੇ ਦੀ ਅਮੀਰੀ ਹੁੰਦੀ ਹੈ। ਇਸ 'ਤੇ ਕੋਈ ਖ਼ਰਚ ਨਹੀਂ ਆਉਂਦਾ,ਪਰ ਆਉਣ ਵਾਲਿਆਂ 'ਤੇ ਇਸ ਵਿਹਾਰ ਦਾ ਬਹੁਤ ਡੂੰਘਾ ਅਸਰ ਹੁੰਦਾ ਹੈ। ਉਂਝ ਤਾਂ ਕਿਸੇ ਘਰ, ਦਫ਼ਤਰ, ਅਦਾਰੇ ਵਿੱਚ ਵੀ ਕੋਈ ਜਾਵੇ ਤਾਂ ਹਰ ਬੰਦਾ ਇਹੀ ਤਵੱਕੋ ਕਰਦਾ ਹੈ ਕਿ ਉਸ ਨਾਲ ਚੰਗਾ ਵਿਹਾਰ ਕੀਤਾ ਜਾਵੇ।

ਮਨੁੱਖੀ ਸੂਝ-ਸਮਝ ਤੇ ਸਲੀਕਾ ਵੀ ਇਹੀ ਮੰਗ ਕਰਦਾ ਹੈ ਕਿ ਹਰ ਕਿਸੇ ਨਾਲ ਇਨਸਾਨੀਅਤ ਭਰਿਆ ਸਲੂਕ ਕੀਤਾ ਜਾਵੇ। ਇੱਥੇ ਇਹ ਵੀ ਜ਼ਰੂਰੀ ਹੈ ਕਿ ਚਾਹੁੰਦਾ ਹਰ ਕੋਈ ਹੈ ਕਿ ਉਸ ਨਾਲ ਦੂਜਾ ਬੰਦਾ ਸੱਭਿਅਕ ਵਰਤਾਉ ਕਰੇ, ਪਰ ਆਪ ਕਈ ਵਾਰ ਬੰਦਾ ਦੂਜੇ ਨਾਲ ਖਰ੍ਹਵਾ ਬੋਲ ਕੇ ਆਪਣੀ ਪਛਾਣ ਕਰਾ ਦਿੰਦਾ ਹੈ। ਉਂਝ ਖਿੜੇ ਚਿਹਰੇ ਤੇ ਮੁਸਕਰਾਹਟ ਨਾਲ ਕਿਸੇ ਦਾ ਸਵਾਗਤ ਕਰਨਾ ਇਨਸਾਨ ਹੋਣ ਦੀ ਅਮੀਰੀ ਹੈ।

ਕਿਸੇ ਘਰ ਜਦੋਂ ਕੋਈ ਵਿਆਹ-ਸ਼ਾਦੀ, ਭੋਗ ਜਾਂ ਕੋਈ ਹੋਰ ਸਮਾਗਮ ਹੁੰਦਾ ਹੈ ਤਾਂ ਮੇਜ਼ਬਾਨ ਘਰ ਦੀਆਂ ਬਰੂਹਾਂ 'ਤੇ ਖੜ੍ਹੇ ਹੋ ਕੇ ਆਏ ਪ੍ਰਾਹੁਣਿਆਂ ਦਾ ਹੱਥ ਜੋੜ ਕੇ ਤੇ ਮੁਸਕਰਾ ਕੇ ਸਵਾਗਤ ਕਰਦੇ ਹਨ ਤੇ ਜੀ ਆਇਆਂ ਕਹਿ ਕੇ ਮਹਿਮਾਨਾਂ ਨੂੰ ਇਹੀ ਅਹਿਸਾਸ ਕਰਾਉਂਦੇ ਹਨ ਕਿ ਤੁਸੀਂ ਇਸ ਸਮਾਗਮ ਵਿੱਚ ਸ਼ਾਮਲ ਹੋ ਕੇ ਸਾਡਾ ਮਾਣ ਵਧਾਇਆ ਹੈ। ਆਮ ਤੌਰ 'ਤੇ ਘਰਾਂ ਵਿੱਚ ਹੁੰਦੇ ਸਮਾਗਮਾਂ ਸਮੇਂ ਤਾਂ ਸਟੇਜ ਸਕੱਤਰ ਪਰਿਵਾਰ ਵੱਲੋਂ ਇਕੱਠ ਵਿੱਚ ਬੈਠਿਆਂ ਨੂੰ ਜੀ ਆਇਆਂ ਕਹਿ ਕੇ ਆਪਣੀ ਗੱਲ ਸ਼ੁਰੂ ਕਰਦਾ ਹੈ। ਅੰਤ ਵਿੱਚ ਸਭ ਦਾ ਧੰਨਵਾਦ ਕਰਨ ਦਾ ਵੀ ਇਹੀ ਮਕਸਦ ਹੁੰਦਾ ਹੈ ਕਿ ਤੁਹਾਡੀ ਆਮਦ ਨੇ ਇਸ ਖ਼ੁਸ਼ੀਆਂ ਭਰੇ ਸਮਾਗਮ ਨੂੰ ਚਾਰ-ਚੰਨ ਲਾ ਦਿੱਤੇ ਹਨ। ਸਮੇਂ ਦੇ ਬਦਲਣ ਨਾਲ ਪੈਲੇਸ ਸੱਭਿਆਚਾਰ ਨੇ ਬਹੁਤ ਕੁਝ ਬਦਲ ਦਿੱਤਾ ਹੈ।

ਹੁਣ ਤਾਂ ਕਈ ਵਾਰ ਘਰ ਵਾਲਿਆਂ ਨੂੰ ਰੁਝੇਵਿਆਂ ਕਾਰਨ ਬਹੁਤੇ ਪ੍ਰਾਹੁਣਿਆਂ ਨੂੰ ਜੀ ਆਇਆਂ ਕਹਿਣ ਦਾ ਮੌਕਾ ਹੀ ਨਹੀਂ ਮਿਲਦਾ। ਹੁਣ ਕੋਈ ਇਹ ਉਡੀਕ ਨਹੀਂ ਕਰਦਾ ਕਿ ਉਸ ਨੂੰ ਚਾਹ-ਪਾਣੀ ਜਾਂ ਰੋਟੀ ਖਾਣ ਲਈ ਕੋਈ ਬੇਨਤੀ ਕਰੇ। ਹਰ ਮਹਿਮਾਨ ਸਮੇਂ ਦੀ ਨਜ਼ਾਕਤ ਨੂੰ ਸਮਝਦਿਆਂ ਇਹ ਜ਼ਿੰਮੇਵਾਰੀ ਆਪ ਹੀ ਨਿਭਾਈ ਜਾਂਦਾ ਹੈ। ਕਈ ਵਾਰ ਤਾਂ ਘਰਵਾਲਿਆਂ ਦੇ ਦਰਸ਼ਨ ਹੀ ਨਹੀਂ ਹੁੰਦੇ ਤੇ ਪ੍ਰਾਹੁਣੇ ਛਕ-ਛਕਾ ਕੇ ਸ਼ਗਨ ਦਾ ਲਿਫ਼ਾਫ਼ਾ ਕਿਸੇ ਹੱਥ ਸੌਂਪ ਕੇ ਚਲੇ ਜਾਂਦੇ ਹਨ।

ਪੁਰਾਣੇ ਸਮਿਆਂ ਵਿੱਚ ਕਿਸੇ ਵਿਸ਼ੇਸ਼ ਮਹਿਮਾਨ ਦੀ ਆਮਦ ਸਮੇਂ ਘਰ ਵਾਲੇ ਮੁੱਖ ਦਰਵਾਜ਼ੇ ਦੀਆਂ ਬਰੂਹਾਂ 'ਤੇ ਸਰ੍ਹੋਂ ਦਾ ਤੇਲ ਚੋਅ ਕੇ ਉਸ ਨੂੰ ਜੀ ਆਇਆਂ ਕਹਿੰਦੇ ਸਨ। ਅਜੇ ਵੀ ਕਿਤੇ ਕਿਤੇ ਇਹ ਰਸਮ ਨਿਭਾਈ ਜਾਂਦੀ ਹੈ। ਆਉਣ ਵਾਲੇ ਪ੍ਰਾਹੁਣੇ ਨੂੰ ਇਹ ਅਹਿਸਾਸ ਕਰਾਇਆ ਜਾਂਦਾ ਸੀ ਕਿ ਤੁਹਾਡਾ ਆਉਣਾ ਸਾਡੇ ਸਿਰ-ਮੱਥੇ ਹੈ। ਬਦਲ ਰਹੇ ਸਮਿਆਂ ਦੀ ਬਦੌਲਤ ਪ੍ਰਾਹੁਣੇ ਵੀ ਹੁਣ ਕਦੇ-ਕਦਾਈਂ ਹੀ ਆਉਂਦੇ ਹਨ। ਇਸ ਸਬੰਧੀ ਵੀ ਪਹਿਲਾਂ ਮੋਬਾਈਲ 'ਤੇ ਸਹਿਮਤੀ ਤੇ ਸਮਾਂ ਲੈ ਕੇ ਹੀ ਅਗਲਾ ਆਉਂਦਾਹੈ। ਹੁਣ ਲੋਕ ਪਹਿਲਾਂ ਵਰਗੇ ਮਹਿਮਾਨ-ਨਿਵਾਜ਼ ਵੀ ਨਹੀਂ ਰਹੇ। ਘਰ ਆਏ ਨੂੰ ਕੋਈ ਹੱਸ ਕੇ ਬੁਲਾ ਲਏ ਤਾਂ ਇਹੀ ਗਨੀਮਤ ਹੈ। ਮੋਬਾਈਲ 'ਤੇ ਤਾਂ ਭਾਵੇਂ ਰੋਜ਼ ਹੀ 'ਗੁੱਡ ਮੌਰਨਿੰਗ' ਦੇ ਸੁਨੇਹੇ ਤੇ ਨਕਲੀ ਫੁੱਲਾਂ ਦੇ ਗੁਲਦਸਤੇ ਭੇਜੇ ਜਾਂਦੇ ਹੋਣ, ਪਰ ਘਰ ਬਿਨਾਂ ਦੱਸੇ ਤੇ ਬੇਵਕਤ ਆਏ ਨੂੰ ਬਹੁਤੇ ਲੋਕ ਚੰਗਾ ਨਹੀਂ ਸਮਝਦੇ।

ਕਿਸੇ ਸਕੂਲ, ਕਾਲਜ, ਯੂਨੀਵਰਸਿਟੀ, ਦਫ਼ਤਰ ਜਾਂ ਅਦਾਰੇ ਵਿੱਚ ਜਦੋਂ ਕਦੇ ਕੋਈ ਨਵਾਂ ਅਧਿਆਪਕ, ਪ੍ਰਿੰਸੀਪਲ, ਅਧਿਕਾਰੀ ਤੇ ਮੁਲਾਜ਼ਮ ਪਹਿਲੇ ਦਿਨ ਆਉਂਦਾ ਹੈ ਤਾਂ ਉਸ ਨੂੰ ਉਸ ਦੇ ਦਫ਼ਤਰ ਵੱਲੋਂ



ਰਸਮੀ ਤੌਰ 'ਤੇ ਜੀ ਆਇਆਂ ਕਹਿ ਕੇ ਉਸ ਦਾ ਸਵਾਗਤ ਕੀਤਾ ਜਾਂਦਾ ਹੈ। ਉਸ ਨੂੰ ਦਫ਼ਤਰ ਵੱਲੋਂ ਉਸ ਦੇ ਕੰਮ ਦੇ ਤੌਰ-ਤਰੀਕੇ ਤੇ ਸਾਥੀ ਕਰਮਚਾਰੀਆਂ ਨਾਲ ਮੁਲਾਕਾਤ ਕਰਾਈ ਜਾਂਦੀ ਹੈ ਤਾਂ ਕਿ ਉਹ ਸਾਰਿਆਂ ਨਾਲ ਰਚ-ਮਿਚ ਸਕੇ। ਕੰਮ ਭਾਵੇਂ ਸਰਕਾਰੀ ਹੋਵੇ ਜਾਂ ਪ੍ਰਾਈਵੇਟ ਹਰ ਥਾਂ ਸੁਚਾਰੂ ਰੂਪ ਵਿੱਚ ਨਿਰਵਿਘਨ ਤੇ ਸਫਲਤਾਪੂਰਵਕ ਕੰਮ ਦਾ ਮਾਹੌਲ ਸਿਰਜਣ ਲਈ ਇੱਕ ਦੂਜੇ ਨਾਲ ਮੇਲ-ਮਿਲਾਪ ਤੇ ਸੰਵਾਦ ਜ਼ਰੂਰੀ ਸ਼ਰਤ ਹੈ।

ਅਕਸਰ ਦੇਖਦੇ ਹਾਂ ਕਿ ਸਾਹਿਤਕ-ਸੱਭਿਆਚਾਰਕ ਸਮਾਗਮਾਂ ਸਮੇਂ ਸਮਾਗਮ ਦੇ ਪ੍ਰਬੰਧਕਾਂ ਵੱਲੋਂ ਸਭ ਤੋਂ ਪਹਿਲਾਂ ਹਾਜ਼ਰੀਨ ਨੂੰ ਨਿੱਘੀ ਜੀ ਆਇਆਂ ਕਹਿ ਕੇ ਸਭ ਦਾ ਸਮਾਗਮ ਵਿੱਚ ਹਾਜ਼ਰ ਹੋਣ ਲਈ ਸਵਾਗਤ ਕੀਤਾ ਜਾਂਦਾ ਹੈ। ਕਈ ਵਾਰ ਬੁਲਾਰਾ ਬਹੁਤ ਕਾਵਿਕ ਸ਼ਬਦਾਂ ਵਿੱਚ ਸੰਬੋਧਨ ਕਰਕੇ ਜਾਂ ਕਿਸੇ ਕਵਿਤਾ ਦੀਆਂ ਸਤਰਾਂ ਬੋਲ ਕੇ ਸਰੋਤਿਆਂ ਦਾ ਮਨ ਜਿੱਤ ਲੈਂਦਾ ਹੈ। ਕਈ ਵਾਰ ਇੰਜ ਵੀ ਹੁੰਦਾ ਹੈ ਕਿ ਜੀ ਆਇਆਂ ਕਹਿਣ ਵਾਲਾ ਸਵਾਗਤ ਕਰਨ ਦੀ ਥਾਂ ਲੋਕਾਂ ਦਾ ਧੰਨਵਾਦ ਹੀ ਕਰੀ ਜਾਂਦਾ ਹੈ, ਜਦੋਂ ਕਿ ਧੰਨਵਾਦ ਤਾਂ ਸਮਾਗਮ ਦੇ ਅਖੀਰ ਵਿੱਚ ਕੀਤਾ ਜਾਣਾ ਹੁੰਦਾ ਹੈ।

ਦਰਅਸਲ, ਜੀ ਆਇਆਂ ਤੇ ਸਵਾਗਤ ਕੇਵਲ ਰਸਮੀ ਸ਼ਬਦ ਮਾਤਰ ਹੀ ਨਹੀਂ ਹਨ। ਜਦੋਂ ਵੀ ਕੋਈ ਕਿਸੇ ਰਿਸ਼ਤੇਦਾਰੀ, ਦੋਸਤ-ਮਿੱਤਰ ਜਾਂ ਕਿਤੇ ਵੀ ਕਿਸੇ ਨੂੰ ਮਿਲਣ ਜਾਂਦਾ ਹੈ ਤਾਂ ਜਦੋਂ ਮੇਜ਼ਬਾਨ ਤੁਹਾਨੂੰ ਡੂੰਘੀ ਅਪਣੱਤ ਦਿਖਾਉਂਦਿਆਂ ਧੰਨ ਭਾਗ ਕਹਿ ਕੇ ਘਰ ਦੀਆਂ ਬਰੂਹਾਂ ਉੱਤੇ ਖਿੜੇ ਚਿਹਰੇ ਨਾਲ ਜੀ ਆਇਆਂ ਕਹਿੰਦਾ ਹੈ ਤਾਂ ਇਹ ਸ਼ਬਦ ਮਨੁੱਖ ਦੇ ਮਨ-ਮਸਤਕ ਵਿੱਚ ਵਸ ਜਾਂਦੇ ਹਨ। ਮਨੁੱਖ ਦੇ ਚਿਹਰੇ ਦੇ ਹਾਵਾਂ-ਭਾਵਾਂ ਤੋਂ ਹੀ ਪਤਾ ਲੱਗ ਜਾਂਦਾ ਹੈ ਕਿ ਮੇਜ਼ਬਾਨ ਤੁਹਾਡੇ ਜਾਣ 'ਤੇ ਕਿੰਨਾ ਕੁ ਖ਼ੁਸ਼ ਹੋਇਆ ਹੈ।

ਹਵਾਈ ਅੱਡਿਆਂ 'ਤੇ ਇਹ ਦ੍ਰਿਸ਼ ਅਕਸਰ ਦੇਖਿਆ ਜਾਂਦਾ ਹੈ ਕਿ ਵਿਦੇਸ਼ਾਂ ਵਿੱਚੋਂ ਆਉਣ ਵਾਲੇ ਆਪਣੇ ਸਕੇ-ਸਬੰਧੀਆਂ ਨੂੰ ਜੀ ਆਇਆਂ ਕਹਿਣ ਲਈ ਘਰ ਦੇ ਮੈਂਬਰ ਗੁਲਦਸਤੇ ਲੈ ਕੇ ਉਨ੍ਹਾਂ ਦਾ ਸਵਾਗਤ ਕਰਦੇ ਹਨ। ਸਹੀ ਸਲਾਮਤ ਪਹੁੰਚਣ ਦੀ ਖ਼ੁਸ਼ੀ ਵਿੱਚ ਮਠਿਆਈ ਖੁਆ ਕੇ ਖ਼ੁਸ਼ੀ ਦਾ ਪ੍ਰਗਟਾਵਾ ਕੀਤਾ ਜਾਂਦਾ ਹੈ। (**ਬਾਕੀ ਸਫ਼ਾ 27 'ਤੇ**)




# ਘਰ ਹੀ ਹੁੰਦੈ ਬੱਚਿਆਂ ਦਾ ਪਹਿਲਾ ਸਕੂਲ

**ਬੇਅੰਤ ਸਿੰਘ ਮਲੂਕਾ**



ਬੱਚੇ ਕਿਸੇ ਵੀ ਦੇਸ਼ ਤੇ ਸਮਾਜ ਦਾ ਭਵਿੱਖ ਹੁੰਦੇ ਹਨ। ਉਨ੍ਹਾਂ ਦੀ ਸਿੱਖਿਆ ਤੇ ਸੰਸਕਾਰ ਹੀ ਮਜ਼ਬੂਤ ਸਮਾਜ ਦੀ ਨੀਂਹ ਰੱਖਦੇ ਹਨ। ਬੱਚੇ ਦੀ ਸਿੱਖਿਆ ਕੇਵਲ ਸਕੂਲ ਤੱਕ ਸੀਮਤ ਨਹੀਂ ਹੁੰਦੀ ਸਗੋਂ ਇਸ 'ਚ ਪਰਿਵਾਰ, ਘਰ ਦਾ ਮਾਹੌਲ, ਸਮਾਜ ਤੇ ਆਲੇ-ਦੁਆਲੇ ਦਾ ਵਾਤਾਵਰਣ ਵੀ ਮਹੱਤਵਪੂਰਨ ਭੂਮਿਕਾ ਨਿਭਾਉਂਦੇਹਨ। ਸਕੂਲ ਬੱਚੇ ਨੂੰ ਗਿਆਨ ਪ੍ਰਦਾਨ ਕਰਦਾ ਹੈ ਪਰ ਉਸ ਗਿਆਨ ਨੂੰ ਸਮਝਣ, ਅਪਣਾਉਣ ਤੇ ਜੀਵਨ 'ਚ ਲਾਗੂ ਕਰਨ ਲਈ ਘਰ ਦਾ ਸਹਿਯੋਗ ਬਹੁਤ ਜ਼ਰੂਰੀ ਹੁੰਦਾ ਹੈ। ਇਕ ਚੰਗਾ ਘਰੇਲੂ ਮਾਹੌਲ ਬੱਚੇ ਦੀ ਪੜ੍ਹਾਈ 'ਚ ਰੁਚੀ ਪੈਦਾ ਕਰਦਾ ਹੈ, ਜਦੋਂਕਿ ਨਾਂਹ-ਪੱਖੀ ਮਾਹੌਲ ਉਸ ਦੀ ਪੜ੍ਹਾਈ ਤੇ ਸ਼ਖ਼ਸੀਅਤ ਦੇ ਵਿਕਾਸ ਨੂੰ ਪ੍ਰਭਾਵਿਤ ਕਰ ਸਕਦਾ ਹੈ।

ਘਰ ਬੱਚੇ ਦੀ ਪਹਿਲੀ ਪਾਠਸ਼ਾਲਾ ਹੁੰਦਾ ਹੈ। ਜਨਮ ਤੋਂ ਬਾਅਦ ਬੱਚਾ ਸਭ ਤੋਂ ਪਹਿਲਾਂ ਆਪਣੇ ਮਾਪਿਆਂ ਤੇ ਪਰਿਵਾਰਕ ਮੈਂਬਰਾਂ ਤੋਂ ਹੀ ਸਿੱਖਦਾ ਹੈ। ਉਹ ਬੋਲਣਾ, ਤੁਰਨਾ, ਆਦਰ-ਸਤਿਕਾਰ ਕਰਨਾ ਤੇ ਹੋਰ ਬਹੁਤ ਸਾਰੀਆਂ ਆਦਤਾਂ ਘਰ ਤੋਂ ਹੀ ਸਿੱਖਦਾ ਹੈ। ਇਸ ਲਈ ਘਰ ਦਾ ਮਾਹੌਲ ਬੱਚੇ ਦੀ ਸਿੱਖਿਆ ਦਾ ਬੁਨਿਆਦੀ ਆਧਾਰ ਹੁੰਦਾ ਹੈ। ਜੇ ਘਰ 'ਚ ਸਿੱਖਿਆ ਪ੍ਰਤੀ ਸਤਿਕਾਰ ਤੇ ਉਤਸ਼ਾਹ ਦਾ ਮਾਹੌਲ ਹੋਵੇ ਤਾਂ ਬੱਚੇ ਵੀ ਪੜ੍ਹਾਈ ਵੱਲ ਆਕਰਸ਼ਿਤ ਹੁੰਦੇ ਹਨ।

### ਮਾਪਿਆਂ ਦੀ ਭੂਮਿਕਾ

ਬੱਚਿਆਂ ਦੀ ਪੜ੍ਹਾਈ 'ਚ ਮਾਪਿਆਂ ਦੀ ਭੂਮਿਕਾ ਬਹੁਤ ਮਹੱਤਵਪੂਰਨ ਹੈ। ਮਾਪੇ ਬੱਚਿਆਂ ਦੇ ਪਹਿਲੇ ਅਧਿਆਪਕ ਹੁੰਦੇ ਹਨ। ਜਦੋਂ ਮਾਪੇ ਬੱਚਿਆਂ ਦੀ ਪੜ੍ਹਾਈ ਵਿੱਚ ਦਿਲਚਸਪੀ ਲੈਂਦੇ ਹਨ, ਉਨ੍ਹਾਂ ਦਾ ਹੋਮਵਰਕ ਚੈੱਕ ਕਰਦੇ ਹਨ, ਸਕੂਲ ਦੀਆਂ ਗਤੀਵਿਧੀਆਂ ਬਾਰੇ ਪੁੱਛਦੇ ਹਨ ਤੇ ਉਨ੍ਹਾਂ ਨੂੰ ਪ੍ਰੇਰਿਤ ਕਰਦੇ ਹਨ ਤਾਂ ਬੱਚਿਆਂ 'ਚ ਪੜ੍ਹਨ ਦੀ ਲਗਨ ਵਧਦੀ ਹੈ। ਮਾਪਿਆਂ ਦਾ ਹੌਸਲਾ ਬੱਚਿਆਂ ਨੂੰ ਅੱਗੇ ਵਧਣ ਲਈ ਪ੍ਰੇਰਿਤ ਕਰਦਾ ਹੈ। ਜੇ ਮਾਪੇ ਬੱਚਿਆਂ ਦੀਆਂ ਛੋਟੀਆਂ-ਛੋਟੀਆਂ ਪ੍ਰਾਪਤੀਆਂ ਦੀ ਵੀ ਸ਼ਲਾਘਾ ਕਰਨ ਤਾਂ ਬੱਚਿਆਂ ਦਾ ਆਤਮ-ਵਿਸ਼ਵਾਸ ਵਧਦਾ ਹੈ।

### ਅਨੁਕੂਲ ਵਾਤਾਵਰਣ

ਘਰ ਵਿੱਚ ਸ਼ਾਂਤ ਤੇ ਅਨੁਕੂਲ ਮਾਹੌਲ ਵੀ ਬੱਚਿਆਂ ਦੀ ਪੜ੍ਹਾਈ ਲਈ ਬਹੁਤ ਜ਼ਰੂਰੀ ਹੈ। ਜੇ ਘਰ 'ਚ ਲੜਾਈ-ਝਗੜੇ, ਤਣਾਅ ਜਾਂ ਹਰ ਸਮੇਂ ਸ਼ੋਰ-ਸ਼ਰਾਬਾ ਰਹੇ ਤਾਂ ਬੱਚੇ ਦਾ ਧਿਆਨ ਪੜ੍ਹਾਈ ਵਿਚ ਨਹੀਂ ਲੱਗਦਾ। ਇਸ ਦੇ ਉਲਟ ਜੇ ਘਰ 'ਚ ਪਿਆਰ, ਸਹਿਯੋਗ ਤੇ ਸ਼ਾਂਤੀ ਦਾ ਮਾਹੌਲ ਹੋਵੇ ਤਾਂ ਬੱਚਾ ਮਨ ਲਾ ਕੇ ਪੜ੍ਹ ਸਕਦਾ ਹੈ। ਸ਼ਾਂਤ ਮਾਹੌਲ ਬੱਚੇ ਦੀ ਇਕਾਗਰਤਾ ਵਧਾਉਂਦਾਹੈ ਤੇ ਉਸ ਦੀ ਸਿੱਖਣ ਦੀ ਸਮਰੱਥਾ ਨੂੰ ਮਜ਼ਬੂਤ ਕਰਦਾ ਹੈ।

ਪੜ੍ਹਾਈ ਲਈ ਉਚਿਤ ਸਹੂਲਤਾਂ ਦਾ ਹੋਣਾ ਵੀ ਜ਼ਰੂਰੀ ਹੈ। ਹਰ ਬੱਚੇ ਨੂੰ ਘਰ ਵਿੱਚ ਪੜ੍ਹਨ ਲਈ ਅਜਿਹੀ ਜਗ੍ਹਾ ਮਿਲਣੀ ਚਾਹੀਦੀ ਹੈ, ਜਿੱਥੇ ਉਹ ਬਿਨਾਂ ਕਿਸੇ ਰੁਕਾਵਟ ਦੇ ਪੜ੍ਹ ਸਕੇ। ਚੰਗੀ ਰੌਸ਼ਨੀ, ਸਾਫ਼-ਸੁਥਰਾ ਮਾਹੌਲ ਤੇ ਲੋੜੀਂਦੀਆਂ ਕਿਤਾਬਾਂ ਤੇ ਸਿੱਖਣ ਸਮੱਗਰੀ ਬੱਚਿਆਂ ਨੂੰ ਪੜ੍ਹਾਈ ਵਿੱਚ ਮਦਦ ਕਰਦੀਆਂ ਹਨ। ਇਹ ਲਾਜ਼ਮੀ ਨਹੀਂ ਕਿ ਘਰ ਬਹੁਤ ਵੱਡਾ ਹੋਵੇ ਸਗੋਂ ਮਹੱਤਵਪੂਰਨ ਇਹ ਹੈ ਕਿ ਬੱਚੇ ਨੂੰ ਪੜ੍ਹਨ ਲਈ ਸੁਖਾਵਾਂ ਮਾਹੌਲ ਮਿਲੇ।

### ਪੜ੍ਹਨ ਦੀ ਸੰਸਕ੍ਰਿਤੀ

ਘਰ ਵਿੱਚ ਪੜ੍ਹਨ ਦੀ ਸੰਸਕ੍ਰਿਤੀ ਬੱਚਿਆਂ ਉੱਤੇ ਡੂੰਘਾ ਪ੍ਰਭਾਵ ਪਾਉਂਦੀ ਹੈ। ਜੇ ਮਾਪੇ ਖ਼ੁਦ ਅਖ਼ਬਾਰ, ਕਿਤਾਬਾਂ ਜਾਂ ਰਸਾਲੇ ਪੜ੍ਹਦੇ ਹਨ ਤਾਂ ਬੱਚੇ ਵੀ ਉਨ੍ਹਾਂ ਤੋਂ ਪ੍ਰੇਰਿਤ ਹੁੰਦੇ ਹਨ। ਬੱਚੇ ਆਪਣੇ ਵੱਡਿਆਂ ਦੀ ਨਕਲ ਕਰਦੇ ਹਨ। ਇਸ ਲਈ ਜੇ ਘਰ 'ਚ ਗਿਆਨ ਅਤੇ ਪੜ੍ਹਨ ਨੂੰ ਮਹੱਤਵ ਦਿੱਤਾ ਜਾਵੇ ਤਾਂ ਬੱਚਿਆਂ ਵਿਚ ਵੀ ਪੜ੍ਹਨ ਦੀ ਆਦਤ ਵਿਕਸਿਤ ਹੁੰਦੀ ਹੈ। ਕਿਤਾਬਾਂ ਨਾਲ ਦੋਸਤੀ ਬੱਚਿਆਂ ਦੀ ਕਲਪਨਾ ਸ਼ਕਤੀ, ਭਾਸ਼ਾ ਤੇ ਗਿਆਨ ਨੂੰ ਵਧਾਉਂਦੀ ਹੈ।

### ਸਮੇਂ ਦੀ ਪਾਬੰਦੀ ਸਫਲਤਾ ਦੀ ਨਿਸ਼ਾਨੀ

ਸਮੇਂ ਦੀ ਪਾਬੰਦੀ ਤੇ ਨਿਯਮਿਤ ਰੁਟੀਨ ਵੀ ਪੜ੍ਹਾਈ ਵਿੱਚ ਸਫਲਤਾ ਦਾ ਮਹੱਤਵਪੂਰਨ ਹਿੱਸਾ ਹਨ। ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਬੱਚਿਆਂ ਲਈ ਪੜ੍ਹਾਈ, ਖੇਡਾਂ, ਆਰਾਮ ਤੇ ਹੋਰ ਗਤੀਵਿਧੀਆਂ ਦੀ ਸੰਤੁਲਿਤ ਸਮਾਂ-ਸਾਰਣੀ ਬਣਾਉਣ। ਨਿਯਮਿਤ ਸਮੇਂ ਉੱਤੇ ਪੜ੍ਹਨ ਦੀ ਆਦਤ ਬੱਚਿਆਂ ਵਿੱਚ ਅਨੁਸ਼ਾਸਨ ਪੈਦਾ ਕਰਦੀ ਹੈ। ਅਨੁਸ਼ਾਸਿਤ ਜੀਵਨ ਬੱਚਿਆਂ ਨੂੰ ਆਪਣੇ ਟੀਚਿਆਂ ਤੱਕ ਪਹੁੰਚਣ 'ਚ ਮਦਦ ਕਰਦਾ ਹੈ।

### ਤਕਨਾਲੋਜੀ ਦੀ ਸਹੀ ਵਰਤੋਂ

ਅੱਜ ਦੇ ਸਮੇਂ ਵਿੱਚ ਮੋਬਾਈਲ, ਟੈਲੀਵਿਜ਼ਨ ਤੇ ਹੋਰ ਡਿਜੀਟਲ ਸਾਧਨ ਬੱਚਿਆਂ ਦਾ ਧਿਆਨ ਪੜ੍ਹਾਈ ਤੋਂ ਭਟਕਾ ਸਕਦੇ ਹਨ। ਇਸ ਲਈ ਮਾਪਿਆਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਬੱਚਿਆਂ ਦੇ ਸਕਰੀਨ ਸਮੇਂ ਉੱਤੇ ਨਿਗਰਾਨੀ ਰੱਖਣ। ਜੇ ਤਕਨਾਲੋਜੀ ਦਾ ਸਹੀ ਢੰਗ ਨਾਲ ਇਸਤੇਮਾਲ ਕੀਤਾ ਜਾਵੇ ਤਾਂ ਇਹ ਸਿੱਖਿਆ ਲਈ ਬਹੁਤ ਲਾਭਦਾਇਕ ਹੋ ਸਕਦਾ ਹੈ। ਸਿੱਖਿਆ ਸਬੰਧੀ ਵੀਡੀਓ, ਆਨਲਾਈਨ ਕੋਰਸ ਤੇ ਡਿਜੀਟਲ ਲਾਇਬ੍ਰੇਰੀਆਂ ਬੱਚਿਆਂ ਦੇ ਗਿਆਨ 'ਚ ਵੱਡਮੁੱਲਾ ਵਾਧਾ ਕਰ ਸਕਦੀਆਂ ਹਨ।

### ਮਾਨਸਿਕ ਸਿਹਤ

ਬੱਚਿਆਂ ਦੀ ਮਾਨਸਿਕ ਸਿਹਤ ਵੀ ਪੜ੍ਹਾਈ ਨਾਲ ਡੂੰਘਾ ਸਬੰਧ ਰੱਖਦੀ ਹੈ। ਜੇ ਘਰ 'ਚ ਬੱਚੇ ਨੂੰ ਪਿਆਰ, ਸੁਰੱਖਿਆ ਤੇ ਸਨਮਾਨ ਮਿਲੇ ਤਾਂ ਉਹ ਖ਼ੁਸ਼ ਤੇ ਆਤਮ-ਵਿਸ਼ਵਾਸੀ ਬਣਦਾ ਹੈ। ਅਜਿਹੇ ਬੱਚੇ ਪੜ੍ਹਾਈ ਵਿਚ ਵਧੀਆ ਪ੍ਰਦਰਸ਼ਨ ਕਰਦੇ ਹਨ। ਜੇ ਬੱਚੇ ਉੱਤੇ ਬੇਲੋੜਾ ਦਬਾਅ ਪਾਇਆ ਜਾਵੇ ਜਾਂ ਉਸ ਦੀ ਹਰ ਸਮੇਂ ਦੂਜਿਆਂ ਨਾਲ ਤੁਲਨਾ ਕੀਤੀ ਜਾਵੇ ਤਾਂ ਉਸ ਦਾ ਮਨੋਬਲ ਘਟ ਸਕਦਾ ਹੈ। ਇਸ ਲਈ ਮਾਪਿਆਂ ਨੂੰ ਬੱਚਿਆਂ ਦੀਆਂ ਯੋਗਤਾਵਾਂ ਨੂੰ ਸਮਝਦਿਆਂ ਉਨ੍ਹਾਂ ਨੂੰ ਹੌਸਲਾ ਦੇਣਾ ਚਾਹੀਦਾ ਹੈ।

### ਚਰਿੱਤਰ ਨਿਰਮਾਣ 'ਚ ਭੂਮਿਕਾ

ਘਰ ਦਾ ਮਾਹੌਲ ਬੱਚਿਆਂ ਦੇ ਚਰਿੱਤਰ ਨਿਰਮਾਣ 'ਚ ਵੀ ਮਹੱਤਵਪੂਰਨ ਭੂਮਿਕਾ ਨਿਭਾਉਂਦਾਹੈ। ਸੱਚਾਈ, ਮਿਹਨਤ, ਇਮਾਨਦਾਰੀ, ਸਹਿਯੋਗ ਤੇ ਅਨੁਸ਼ਾਸਨ ਵਰਗੇ ਗੁਣ ਬੱਚੇ ਘਰ ਤੋਂ ਹੀ ਸਿੱਖਦੇ ਹਨ। ਇਹ ਗੁਣ ਉਨ੍ਹਾਂ ਨੂੰ ਪੜ੍ਹਾਈ ਤੇ ਜੀਵਨ ਦੇ ਹਰ ਖੇਤਰ ਵਿਚ ਸਫਲ ਬਣਾਉਂਦੇਹਨ। ਅਧਿਆਪਕਾਂ ਤੇ ਮਾਪਿਆਂ ਵਿਚਕਾਰ ਸਹਿਯੋਗ ਵੀ ਬਹੁਤ ਜ਼ਰੂਰੀ ਹੈ। ਜਦੋਂ ਮਾਪੇ ਸਕੂਲ ਨਾਲ ਸੰਪਰਕ ਵਿਚ ਰਹਿੰਦੇ ਹਨ ਤੇ ਅਧਿਆਪਕਾਂ ਨਾਲ ਬੱਚੇ ਦੀ ਪ੍ਰਗਤੀ ਬਾਰੇ ਗੱਲਬਾਤ ਕਰਦੇ ਹਨ ਤਾਂ ਬੱਚੇ ਦੀਆਂ ਲੋੜਾਂ ਨੂੰ ਬਿਹਤਰ ਢੰਗ ਨਾਲ ਸਮਝਿਆ ਜਾ ਸਕਦਾ ਹੈ। ਇਹ ਸਾਂਝੀ ਕੋਸ਼ਿਸ਼ ਬੱਚੇ ਦੇ ਸਰਬਪੱਖੀ ਵਿਕਾਸ 'ਚ ਮਦਦ ਕਰਦੀ ਹੈ।

### ਮਿਹਨਤ ਦਾ ਮਹੱਤਵ ਸਮਝਣਾ

ਪਿੰਡਾਂ ਤੇ ਸ਼ਹਿਰਾਂ ਦੋਵਾਂ 'ਚ ਇਹ ਜ਼ਰੂਰੀ ਹੈ ਕਿ ਮਾਪੇ ਬੱਚਿਆਂ ਨੂੰ ਸਿੱਖਿਆ ਦਾ ਮਹੱਤਵ ਸਮਝਾਉਣ। ਕਈ ਵਾਰ ਆਰਥਿਕ ਮੁਸ਼ਕਲਾਂ ਦੇ ਬਾਵਜੂਦ ਮਾਪੇ ਆਪਣੇ ਬੱਚਿਆਂ ਦੀ ਪੜ੍ਹਾਈ ਲਈ ਹਰ ਸੰਭਵ ਯਤਨ ਕਰਦੇ ਹਨ। ਅਜਿਹੀ ਕੁਰਬਾਨੀ ਤੇ ਸਹਿਯੋਗ ਬੱਚਿਆਂ ਲਈ ਪ੍ਰੇਰਣਾ ਦਾ ਸਰੋਤ ਬਣਦਾ ਹੈ। ਬੱਚੇ ਜਦੋਂ ਆਪਣੇ ਮਾਪਿਆਂ ਦੀ ਮਿਹਨਤ ਨੂੰ ਸਮਝਦੇ ਹਨ ਤਾਂ ਉਹ ਵੀ ਪੜ੍ਹਾਈ ਪ੍ਰਤੀ ਹੋਰ ਜ਼ਿੰਮੇਵਾਰ ਬਣਦੇ ਹਨ ਅੱਜ ਦੇ ਮੁਕਾਬਲੇ ਭਰੇ ਯੁੱਗ 'ਚ ਸਿਰਫ਼ ਸਕੂਲੀ ਸਿੱਖਿਆ ਹੀ ਕਾਫ਼ੀ ਨਹੀਂ ਹੈ। ਬੱਚਿਆਂ ਨੂੰ ਰਚਨਾਤਮਿਕ ਸੋਚ, ਸਮੱਸਿਆ ਹੱਲ ਕਰਨ ਦੀ ਯੋਗਤਾ ਤੇ ਨੈਤਿਕ ਕਦਰਾਂ ਦੀ ਵੀ ਲੋੜ ਹੈ। ਇਹ ਸਭ ਗੁਣ ਘਰ ਅਤੇ ਸਕੂਲ ਦੇ ਸਾਂਝੇ ਯਤਨਾਂ ਨਾਲ ਹੀ ਵਿਕਸਿਤ ਹੋ ਸਕਦੇ ਹਨ। ਘਰ ਦਾ ਸਕਾਰਾਤਮਿਕ ਮਾਹੌਲ ਬੱਚਿਆਂ ਵਿੱਚ ਸਵੈ-ਅਧਿਐਨ ਦੀ ਆਦਤ ਪੈਦਾ ਕਰਦਾ ਹੈ ਅਤੇ ਉਨ੍ਹਾਂ ਨੂੰ ਜੀਵਨ ਭਰ ਸਿੱਖਣ ਲਈ ਪ੍ਰੇਰਿਤ ਕਰਦਾ ਹੈ।

ਇਸ ਲਈ ਬੱਚਿਆਂ ਦੀ ਪੜ੍ਹਾਈ ਵਿੱਚ ਘਰ ਦੇ ਮਾਹੌਲ ਦਾ ਯੋਗਦਾਨ ਬੇਹੱਦ ਮਹੱਤਵਪੂਰਨ ਹੈ। ਘਰ ਹੀ ਉਹ ਥਾਂ ਹੈ, ਜਿੱਥੇ ਬੱਚੇ ਦੇ ਸੁਪਨਿਆਂ ਨੂੰ ਉਡਾਣ ਮਿਲਦੀ ਹੈ। ਪਿਆਰ ਭਰਿਆ ਮਾਹੌਲ, ਮਾਪਿਆਂ ਦਾ ਸਹਿਯੋਗ, ਅਨੁਸ਼ਾਸਨ, ਪੜ੍ਹਨ ਦੀ ਸੰਸਕ੍ਰਿਤੀ ਅਤੇ ਸਿੱਖਿਆ ਪ੍ਰਤੀ ਸਕਾਰਾਤਮਿਕ ਸੋਚ ਬੱਚੇ ਦੀ ਸਫਲਤਾ ਦੀ ਮਜ਼ਬੂਤ ਨੀਂਹ ਰੱਖਦੇ ਹਨ। ਜੇ ਹਰ ਪਰਿਵਾਰ ਆਪਣੇ ਬੱਚਿਆਂ ਲਈ ਅਜਿਹਾ ਮਾਹੌਲ ਤਿਆਰ ਕਰੇ ਤਾਂ ਨਾ ਸਿਰਫ਼ ਬੱਚੇ ਪੜ੍ਹਾਈ ਵਿੱਚ ਸਫਲ ਹੋਣਗੇ ਸਗੋਂ ਜ਼ਿੰਮੇਵਾਰ ਤੇ ਤਰੱਕੀਸ਼ੀਲ ਸਮਾਜ ਦੀ ਸਿਰਜਣਾ ਵੀ ਕਰਨਗੇ।

# ਬੱਚੇ ਨੂੰ ਨਾ ਪਾਓ ਮੋਬਾਈਲ ਦੀ ਆਦਤ

ਆਧੁਨਿਕ ਯੁੱਗ 'ਚ ਮੋਬਾਈਲ ਹਰ ਵਿਅਕਤੀ ਦੀ ਜ਼ਿੰਦਗੀ ਦਾ ਮਹੱਤਵਪੂਰਨ ਹਿੱਸਾ ਬਣ ਚੁੱਕਾ ਹੈ। ਪੜ੍ਹਾਈ, ਨੌਕਰੀ, ਕਾਰੋਬਾਰ, ਮਨੋਰੰਜਨ ਤੇ ਆਪਣੇ ਦੋਸਤਾਂ ਨਾਲ ਸੰਪਰਕ ਬਣਾਈ ਰੱਖਣ ਲਈ ਅਸੀਂ ਮੋਬਾਇਲ 'ਤੇ ਨਿਰਭਰ ਹੋ ਗਏ ਹਾਂ। ਅੱਜ ਹਾਲਾਤ ਇਹ ਹਨ ਕਿ ਬਹੁਤ ਸਾਰੇ ਲੋਕ ਇਕ ਮਿੰਟ ਲਈ ਵੀ ਆਪਣੇ ਫੋਨ ਤੋਂ ਦੂਰ ਰਹਿਣਾ ਔਖਾ ਸਮਝਦੇ ਹਨ ਪਰ ਕਦੇ ਅਸੀਂ ਸੋਚਿਆ ਹੈ ਕਿ ਜੇ ਸਾਨੂੰ ਇੱਕ ਪੂਰਾ ਦਿਨ ਮੋਬਾਈਲ ਤੋਂ ਬਿਨਾਂ ਬਿਤਾਉਣਾ ਪਵੇ ਤਾਂ ਸਾਡਾ ਦਿਨ ਕਿਹੋ ਜਿਹਾ ਹੋਵੇਗਾ ?

ਪੁਰਾਣੇ ਸਮੇਂ 'ਚ ਜਦੋਂ ਮੋਬਾਈਲ ਲੋਕਾਂ ਦੀ ਜ਼ਿੰਦਗੀ ਦਾ ਹਿੱਸਾ ਨਹੀਂ ਸਨ, ਲੋਕ ਇੱਕ-ਦੂਜੇ ਨਾਲ ਬੈਠ ਕੇ ਗੱਲਾਂ ਕਰਦੇ ਸਨ। ਪਰਿਵਾਰ ਦੇ ਮੈਂਬਰ ਇਕੱਠੇ ਸਮਾਂ ਬਿਤਾਉਂਦੇ ਤੇ ਰਿਸ਼ਤਿਆਂ 'ਚ ਆਪਣਾਪਣ ਤੇ ਪਿਆਰ ਦਿਖਾਈ ਦਿੰਦਾ ਸੀ। ਬੱਚੇ ਖੇਡਣ ਲਈ ਬਾਹਰ ਜਾਂਦੇ ਸਨ ਤੇ ਬਜ਼ੁਰਗਾਂ ਕੋਲ ਬੈਠ ਕੇ ਉਨ੍ਹਾਂ ਦੀਆਂ ਗੱਲਾਂ ਸੁਣਦੇ ਸਨ। ਅੱਜ ਹਰ ਮੈਂਬਰ ਦੇ ਹੱਥ 'ਚ ਆਪਣਾ ਮੋਬਾਇਲ ਹੈ। ਇੱਕੋ ਕਮਰੇ 'ਚ ਬੈਠੇ ਹੋਣ ਦੇ ਬਾਵਜੂਦ ਕਈ ਵਾਰ ਪਰਿਵਾਰਕ ਮੈਂਬਰ ਆਪਸ 'ਚ ਗੱਲਬਾਤ ਕਰਨ ਦੀ ਬਜਾਏ ਆਪਣੇ-ਆਪਣੇ ਫੋਨ ਵਿੱਚ ਰੁੱਝੇ ਰਹਿੰਦੇ ਹਨ।

ਜੇ ਅਸੀਂ ਇੱਕ ਦਿਨ ਮੋਬਾਈਲ ਤੋਂ ਦੂਰ ਰਹੀਏ ਤਾਂ ਸਾਨੂੰ ਆਪਣੇ ਪਰਿਵਾਰ ਤੇ ਦੋਸਤਾਂ ਨਾਲ ਗੱਲਬਾਤ ਕਰਨ ਦਾ ਮੌਕਾ ਮਿਲ ਸਕਦਾ ਹੈ। ਅਸੀਂ ਆਪਣੇ ਬੱਚਿਆਂ ਨਾਲ ਖੇਡ ਸਕਦੇ ਹਾਂ, ਬਜ਼ੁਰਗਾਂ ਨਾਲ ਬੈਠ ਸਕਦੇ



ਹਾਂ ਤੇ ਆਪਣੇ ਮਨ ਦੀਆਂ ਗੱਲਾਂ ਸਾਂਝੀਆਂ ਕਰ ਸਕਦੇ ਹਾਂ। ਇਸ ਨਾਲ ਰਿਸ਼ਤਿਆਂ ਵਿਚ ਪਿਆਰ ਤੇ ਨੇੜਤਾ ਵਧੇਗੀ ਅਤੇ ਮਨ ਨੂੰ ਵੀ ਸਕੂਨ ਮਿਲੇਗਾ।

ਇੱਕ ਦਿਨ ਫੋਨ ਤੋਂ ਬਿਨਾਂ ਬਿਤਾਉਣਾ ਸਾਨੂੰ ਇਹ ਵੀ ਸਮਝਾਉਂਦਾ ਹੈ ਕਿ ਅਸੀਂ ਦਿਨ ਵਿਚ ਕਿੰਨੀ ਵਾਰ ਬਿਨਾਂ ਕਿਸੇ ਜ਼ਰੂਰਤ ਦੇ ਫੋਨ ਦੀ ਸਕਰੀਨ ਦੇਖਦੇ ਹਾਂ। ਵਾਰ-ਵਾਰ ਨੋਟੀਫਿਕੇਸ਼ਨ ਚੈੱਕ ਕਰਨ ਦੀ ਆਦਤ ਕਾਰਨ ਸਾਡਾ ਧਿਆਨ ਭਟਕਦਾ ਹੈ ਤੇ ਅਸੀਂ ਆਪਣੇ ਕੰਮ 'ਤੇ ਪੂਰਾ ਧਿਆਨ ਨਹੀਂ ਦੇ ਪਾਉਂਦੇ। ਮੋਬਾਇਲ ਸਾਡੇ ਲਈ ਬਹੁਤ ਲਾਭਦਾਇਕ ਹੈ ਪਰ ਇਸ ਦੀ ਸੰਤੁਲਿਤ ਵਰਤੋਂ ਕਰਨੀ ਚਾਹੀਦੀ ਹੈ। ਤਕਨਾਲੋਜੀ ਸਾਡੀ ਜ਼ਿੰਦਗੀ ਨੂੰ ਆਸਾਨ ਬਣਾਉਣ ਲਈ ਹੈ, ਸਾਡੀ ਪੂਰੀ ਜ਼ਿੰਦਗੀ ਬਣਨ ਲਈ ਨਹੀਂ। ਇਸ ਲਈ ਕਦੇ-ਕਦੇ ਫੋਨ ਨੂੰ ਪਾਸੇ ਰੱਖ ਕੇ ਪਰਿਵਾਰ, ਦੋਸਤਾਂ ਤੇ ਆਪਣੇ ਆਪ ਨਾਲ ਸਮਾਂ ਬਿਤਾਉਣਾ ਚਾਹੀਦਾ ਹੈ, ਤਾਂ ਜੋ ਅਸੀਂ ਸਕਰੀਨ ਦੇ ਪਿੱਛੇ ਗੁਆਏ ਹੋਏ ਖ਼ੂਬਸੂਰਤ ਪਲਾਂ ਨੂੰ ਮੁੜ ਜੀਅ ਸਕੀਏ।

**- ਮਨਜਿੰਦਰ ਕੌਰ**

# ਸਮੇਂ ਦੀ ਕਦਰ ਕਰਨ ਬੱਚੇ

ਬੀਤਿਆ ਹੋਇਆ ਸਮਾਂ ਤੇ ਮੂੰਹੋਂ ਨਿਕਲਿਆ ਸ਼ਬਦ ਕਦੇ ਵਾਪਸ ਨਹੀਂ ਆਉਂਦੇ। ਇਹ ਕਹਾਵਤ ਮਨੁੱਖੀ ਜੀਵਨ ਦੀ ਅਜਿਹੀ ਸੱਚਾਈ ਨੂੰ ਪ੍ਰਗਟ ਕਰਦੀ ਹੈ, ਜਿਸ ਨੂੰ ਕੋਈ ਵੀ ਝੁਠਲਾ ਨਹੀਂ ਸਕਦਾ। ਮਨੁੱਖ ਧਨ-ਦੌਲਤ ਗੁਆ ਕੇ ਮੁੜ ਕਮਾ ਸਕਦਾ ਹੈ, ਸਿਹਤ ਵੀ ਇਲਾਜ ਨਾਲ ਸੁਧਰ ਸਕਦੀ ਹੈ ਪਰ ਲੰਘਿਆ ਹੋਇਆ ਸਮਾਂ ਕਦੇ ਵੀ ਵਾਪਸ ਨਹੀਂ ਆਉਂਦਾ। ਇਸ ਲਈ ਸਮਾਂ ਜੀਵਨ ਦੀ ਸਭ ਤੋਂ ਕੀਮਤੀ ਪੂੰਜੀ ਹੈ। ਜੋ ਵਿਅਕਤੀ ਸਮੇਂ ਦੀ ਕਦਰ ਕਰਨਾ ਸਿੱਖ ਲੈਂਦਾ ਹੈ, ਉਹ ਆਪਣੇ ਜੀਵਨ ਨੂੰ ਸਫਲਤਾ, ਅਨੁਸ਼ਾਸਨ ਤੇ ਸੰਤੁਸ਼ਟੀ ਨਾਲ ਭਰ ਲੈਂਦਾ ਹੈ।

ਅੱਜ ਦਾ ਯੁੱਗ ਤਕਨਾਲੋਜੀ ਤੇ ਸਖ਼ਤ ਮੁਕਾਬਲੇ ਦਾ ਯੁੱਗ ਹੈ। ਹਰ ਦਿਨ ਨਵੀਆਂ ਚੁਣੌਤੀਆਂ ਤੇ ਨਵੇਂ ਮੌਕੇ ਸਾਹਮਣੇ ਆ ਰਹੇ ਹਨ। ਅਜਿਹੇ ਸਮੇਂ 'ਚ ਉਹੀ ਵਿਅਕਤੀ ਅੱਗੇ ਵਧਦਾ ਹੈ, ਜੋ ਆਪਣੇ ਸਮੇਂ ਦੀ ਯੋਜਨਾਬੱਧ ਵਰਤੋਂ ਕਰਦਾ ਹੈ। ਸਮੇਂ ਦੀ ਪਾਬੰਦੀ ਕੇਵਲ ਘੜੀ ਦੇਖ ਕੇ ਚੱਲਣ ਦਾ ਨਾਂ ਨਹੀਂ ਸਗੋਂ ਇਹ ਅਜਿਹੀ ਜੀਵਨਸ਼ੈਲੀ ਹੈ, ਜੋ ਮਨੁੱਖ ਨੂੰ ਜ਼ਿੰਮੇਵਾਰ, ਭਰੋਸੇਯੋਗ ਤੇ ਕਰਮਸ਼ੀਲ ਬਣਾਉਂਦੀ ਹੈ। ਹਰ ਮਨੁੱਖ ਨੂੰ ਦਿਨ ਦੇ ਚੌਵੀ ਘੰਟੇ ਹੀ ਮਿਲਦੇ ਹਨ। ਕੁਦਰਤ ਨੇ ਇਸ 'ਚ ਕਦੇ ਭੇਦਭਾਵ ਨਹੀਂ ਕੀਤਾ। ਫ਼ਰਕ ਸਿਰਫ਼ ਇਸ ਗੱਲ ਦਾ ਹੁੰਦਾ ਹੈ ਕਿ ਕੋਈ ਇਨ੍ਹਾਂ ਘੰਟਿਆਂ ਨੂੰ ਸਿਰਜਣਾਤਮਕ ਕੰਮਾਂ, ਸਿੱਖਿਆ, ਮਿਹਨਤ ਤੇ ਸਮਾਜ ਸੇਵਾ 'ਚ ਲਗਾਉਂਦਾ ਹੈ, ਜਦੋਂਕਿ ਕੋਈ ਆਲਸ, ਟਾਲ-ਮਟੋਲ ਤੇ ਬੇਲੋੜੇ ਮਨੋਰੰਜਨ ਵਿੱਚ ਗੁਆ ਦਿੰਦਾ ਹੈ। ਸਮੇਂ ਦੀ ਸਹੀ ਵਰਤੋਂ ਕਰਨ ਵਾਲੇ ਲੋਕ ਹੀ ਆਪਣੇ ਸੁਪਨਿਆਂ ਨੂੰ ਹਕੀਕਤ ਦਾ ਰੂਪ ਦਿੰਦੇ ਹਨ।



ਸਮੇਂ ਦੀ ਪਾਬੰਦੀ ਮਨੁੱਖ ਦੇ ਚਰਿੱਤਰ ਦਾ ਦਰਪਣ ਹੈ। ਸਮੇਂ ਦਾ ਪਾਬੰਦ ਵਿਅਕਤੀ ਆਪਣੇ ਵਾਅਦਿਆਂ ਦਾ ਪੱਕਾ, ਦੂਜਿਆਂ ਦੇ ਸਮੇਂ ਦਾ ਸਤਿਕਾਰ ਕਰਨ ਵਾਲਾ ਤੇ ਆਪਣੇ ਫ਼ਰਜ਼ਾਂ ਪ੍ਰਤੀ ਇਮਾਨਦਾਰ ਹੁੰਦਾ ਹੈ। ਸਮਾਜ 'ਚ ਅਜਿਹੇ ਲੋਕਾਂ ਉੱਤੇ ਭਰੋਸਾ ਕੀਤਾ ਜਾਂਦਾ ਹੈ ਤੇ ਉਹ ਆਪਣੇ ਆਚਰਨ ਰਾਹੀਂ ਦੂਜਿਆਂ ਲਈ ਪ੍ਰੇਰਣਾ ਬਣਦੇ ਹਨ। ਸਕੂਲੀ ਜੀਵਨ ਵਿੱਚ ਸਮੇਂ ਦੀ ਪਾਬੰਦੀ ਦਾ ਵਿਸ਼ੇਸ਼ ਮਹੱਤਵ ਹੈ। ਜਿਹੜੇ ਵਿਦਿਆਰਥੀ ਸਮੇਂ ਸਿਰ ਸਕੂਲ ਪਹੁੰਚਦੇ ਹਨ, ਨਿਯਮਿਤ ਪੜ੍ਹਾਈ ਕਰਦੇ ਹਨ ਤੇ ਆਪਣੇ ਕੰਮ ਨਿਰਧਾਰਿਤ ਸਮੇਂ ਵਿਚ ਪੂਰੇ ਕਰਦੇ ਹਨ, ਉਹ ਭਵਿੱਖ 'ਚ ਵੀ ਸਫਲਤਾ ਹਾਸਲ ਕਰਦੇ ਹਨ। ਅਧਿਆਪਕ ਵੀ ਇਸ ਸੰਸਕਾਰ ਦੇ ਮੁੱਖ ਵਾਹਕ ਹਨ। ਉਨ੍ਹਾਂ ਦਾ ਸਮੇਂ ਸਿਰ ਕਲਾਸ ਵਿਚ ਪਹੁੰਚਣਾ ਤੇ ਅਨੁਸ਼ਾਸਿਤ ਢੰਗ ਨਾਲ ਪੜ੍ਹਾਉਣਾ ਵਿਦਿਆਰਥੀਆਂ ਲਈ ਜੀਵੰਤ ਸਿੱਖਿਆ ਬਣ ਜਾਂਦਾ ਹੈ। ਸਮੇਂ ਦੀ ਪਾਬੰਦੀ ਵਿਕਸਿਤ ਕਰਨ ਲਈ ਸਾਨੂੰ ਆਪਣੇ ਦਿਨ ਦੀ ਯੋਜਨਾ ਬਣਾਉਣੀ ਚਾਹੀਦੀ ਹੈ, ਕੰਮਾਂ ਨੂੰ ਤਰਜੀਹ ਦੇਣੀ ਚਾਹੀਦੀ ਹੈ, ਟਾਲ-ਮਟੋਲ ਤੋਂ ਬਚਣਾ ਚਾਹੀਦਾ ਹੈ ਤੇ ਹਰ ਦਿਨ ਦੇ ਅੰਤ 'ਤੇ ਆਪਣੇ ਕੰਮਾਂ ਦੀ ਸਮੀਖਿਆ ਕਰਨੀ ਚਾਹੀਦੀ ਹੈ। ਛੋਟੀਆਂ-ਛੋਟੀਆਂ ਚੰਗੀਆਂ ਆਦਤਾਂ ਹੀ ਵੱਡੀਆਂ ਕਾਮਯਾਬੀਆਂ ਦਾ ਆਧਾਰ ਬਣਦੀਆਂ ਹਨ।

ਸਮੇਂ ਦੀ ਪਾਬੰਦੀ ਕੋਈ ਸਧਾਰਨ ਆਦਤ ਨਹੀਂ ਸਗੋਂ ਸਫਲਤਾ ਦਾ ਮੂਲ ਮੰਤਰ, ਚੰਗੇ ਚਰਿੱਤਰ ਦੀ ਪਛਾਣ ਤੇ ਵਿਕਸਤ ਰਾਸ਼ਟਰ ਦੀ ਨੀਂਹ ਹੈ। ਆਓ ਅਸੀਂ ਅੱਜ ਤੋਂ ਹੀ ਇਹ ਸੰਕਲਪ ਕਰੀਏ ਕਿ ਸਮੇਂ ਦਾ ਸਤਿਕਾਰ ਕਰਾਂਗੇ, ਹਰ ਕੰਮ ਸਮੇਂ ਸਿਰ ਕਰਾਂਗੇ ਤੇ ਆਪਣੇ ਜੀਵਨ ਨੂੰ ਅਨੁਸ਼ਾਸਨ, ਮਿਹਨਤ ਅਤੇ ਇਮਾਨਦਾਰੀ ਨਾਲ ਸਜਾਵਾਂਗੇ ਕਿਉਂਕਿ ਸਮਾਂ ਹੀ ਉਹ ਅਨਮੋਲ ਪੂੰਜੀ ਹੈ, ਜੋ ਸਾਡੀ ਕਿਸਮਤ ਵੀ ਲਿਖਦੀ ਹੈ ਤੇ ਸਾਡੀ ਪਛਾਣ ਵੀ ਬਣਾਉਂਦੀ ਹੈ। ਜੋ ਮਨੁੱਖ ਸਮੇਂ ਦੀ ਕਦਰ ਕਰਦਾ ਹੈ, ਸਮਾਂ ਉਸ ਨੂੰ ਅਜਿਹੀ ਪਛਾਣ ਦਿੰਦਾ ਹੈ, ਜਿਸ ਨੂੰ ਦੁਨੀਆ ਸਾਲਾਂ ਤੱਕ ਯਾਦ ਰੱਖਦੀ ਹੈ।

**- ਸਿਮਰਨਜੀਤ ਕੌਰ**



# 'ਤਾਕੀਦ'

ਪ੍ਰਤਾਪ ਪਾਰਸ ਗੁਰਦਾਸਪੁਰੀ

ਬਾਪੂ ਇਹ ਪੱਟ 'ਤੇ ਮੋਰਨੀਆਂ ਵੀ ਵਿਚਾਰੀਆਂ ਭੁੱਖੀਆਂ ਮਰਦੀਆਂ ਸੋਚਦੀਆਂ ਹੋਣੀਆਂ ਕਿ ਕਿਤੇ ਕਿਸੇ ਬਾਗ਼ 'ਚ ਜਗ੍ਹਾ ਨਹੀਂ ਮਿਲੀ, ਜੇ ਕਿਤੇ ਭੋਰਾ ਟਿਕਣ ਦੀ ਜਗ੍ਹਾ ਮਿਲੀ ਤੇ ਉਹ ਵੀ ਢੀਂਗਰ ਵਰਗੀਆਂ ਲੱਤਾਂ 'ਤੇ। ਨਹੀਂ ਵੈਸੇ ਬਾਪੂ ਇਹ ਮੋਰਨੀਆਂ ਪੁਵਾਉਣ ਦੀ ਕੀ ਲੋੜ ਪੈ ਗਈ ਸੀ ਤੈਨੂੰ ? ਤੂੰ ਕਿਹੜਾ ਗਾਮੇ ਪਹਿਲਵਾਨ ਦਾ ਜ਼ੋਰ ਕਰਵਾਉਂਦਾ ਰਿਹਾ ਏਂ ਭਲਾ ? ਬੋਹੜ ਦੀ ਛਾਵੇਂ ਬੈਠੇ ਅੱਸੀਆਂ ਨੂੰ ਢੁਕੇ ਸੁਰਜਨ ਸਿਓਂ ਨੂੰ ਲਾਗਲੇ ਪਿੰਡ ਦੇ ਕੱਬਡੀ ਖੇਡ 'ਚ ਪੈਰ ਧਰ ਰਹੇ ਜਵਾਨ ਗੱਭਰੂ ਦਲੇਰ ਸਿੰਘ ਨੇ ਹੁੱਜਤ ਜਿਹੀ ਕਰਦਿਆਂ ਕਿਹਾ। 'ਜਦੋਂ ਮੋਰ ਹੀ ਨਹੀਂ ਰਿਹਾ ਤਾਂ ਪੁੱਤਰਾ ਮੋਰਨੀਆਂ ਕਿੱਥੋਂ ਰਹਿਣੀਆਂ ਸੀ' ? ਕਦੇ ਪੱਟਾਂ 'ਤੇ ਪਾਈਆਂ ਏਹੀ ਮੋਰਨੀਆਂ ਤੇਰੇ ਸੁਰਜਨ ਸਿਓਂ ਦੇ ਪੱਟ 'ਤੇ ਥਾਪੀ ਮਾਰਨ ਦੀ ਥਾਪ 'ਤੇ ਨੱਚਦੀਆਂ ਹੁੰਦੀਆਂ ਸੀ। ਚਲੋ ਅੱਜ ਨਹੀਂ ਤੇ ਕਦੇ ਵੀ ਨਹੀਂ। ਵਕਤ ਸਦਾ ਇੱਕੋ ਜਿਹਾ ਨਹੀਂ ਰਹਿੰਦਾ ਪੁੱਤਰਾ। ਉਹ ਕਹਿੰਦੇ ਨੇ ਨਾ ਕਿ 'ਢਾਈ ਦਿਨ ਤਾਂ ਜਵਾਨੀ ਭੇਡ 'ਤੇ ਵੀ ਆਉਂਦੀਆ', ਸੁਰਜਨ ਸਿਓਂ ਤਾਂ ਫਿਰ ਵੀ ਕਹਿੰਦੇ ਕਹਾਉਂਦੇ ਜੱਟ ਦਾ ਪੁੱਤ ਸੀ।

ਸੁਰਜਨ ਸਿਓਂ ਨੇ ਭੁਰ ਚੁੱਕੀਆਂ ਮੁੱਛਾਂ 'ਤੇ ਹੱਥ ਮਾਰਦਿਆਂ ਥੋੜ੍ਹਾ ਉੱਚੀ ਆਵਾਜ਼ 'ਚ ਕਿਹਾ। 'ਨਹੀਂ ਬਾਪੂ ਤੂੰ ਕਿਹੜਾ ਖਿਡਾਰੀ ਰਿਹਾ ਏਂ ਭਲਾ, ਵੱਧ ਤੋਂ ਵੱਧ ਸ਼ਰਤ ਲਾ ਕੇ ਰੋਟੀਆਂ ਹੀ ਖਾਧੀਆਂ ਹੋਣੀਆਂ ਨੇ ਕਿਤੇ ਜਾਂ ਕਿਤੇ ਸ਼ਰਤ ਲਗਾ ਕੇ ਰੌਹ ਪੀ ਲਈ ਹੋਵੇਗੀ ਵੇਲ੍ਹਣੇ 'ਤੇ, ਹੋਰ ਕਿਹੜਾ ਤੂੰ ਮੁਗਦਰ ਫੇਰਦਾ ਰਿਹਾ ਏਂ।' ਦਲੇਰ ਸਿੰਘ ਨੇ ਦੂਜੀ ਵਾਰ ਫਿਰ ਬਾਪੂ ਨੂੰ ਛੇੜ ਦਿੱਤਾ। ਬਾਪੂ ਸੁਰਜਨ ਸਿਓਂ ਨੇ ਬਾਂਹ ਫੜ ਕੇ ਦਲੇਰ ਸਿੰਘ ਨੂੰ ਆਪਣੇ ਖੱਬੇ ਪਾਸੇ ਬਿਠਾ ਲਿਆ। 'ਪੁੱਤ ਤੂੰ ਬਖਤੌਰ ਸਿਓਂ ਦਾ ਹੀ ਪੋਤਾ ਏ ਨਾ, ਆਪਣੇ ਬਾਬੇ ਨੂੰ ਪੁੱਛੀਂ ਕਿ ਬਾਬਾ ਤੂੰ ਭਿੱਟੇਵੱਡ ਵਾਲੇ ਸੁਰਜਨ ਸਿਓਂ ਨੂੰ ਜਾਣਦਾ ਏਂ' ? ਸੁਰਜਨ ਸਿਓਂ ਨੇ ਆਪਣੇ ਪਿਛਲੇ ਜੀਵਨ ਦੀ ਬਾਤ ਪਾਉਂਦਿਆਂ ਥੋੜ੍ਹਾ ਜੋਸ਼ ਜਿਹੇ ਨਾਲ ਕਿਹਾ। 'ਨਹੀਂ, ਤੇ ਮੈਂ ਬਾਪੂ ਨੂੰ ਜਾ ਕੇ ਕੀ ਪੁੱਛਣਾ ਏ ? ਬਾਪੂ ਤੂੰ ਹੀ ਦੱਸ ਦੇ, ਜਿਹੜੇ ਮੱਗ ਮਾਰੇ ਆ ਜਵਾਨੀ ਵਿੱਚ' ? ਦਲੇਰ ਸਿੰਘ ਨੇ ਬਾਪੂ ਨੂੰ ਬਹੁਤਾ ਹੀ ਹਲਕੇ 'ਚ ਲੈਂਦਿਆਂ ਵਿਅੰਗ ਜਿਹੇ ਨਾਲ ਕਿਹਾ। 'ਅੱਛਾ ਲੈ ਸੁਣ ਫਿਰ, ਮੈਂ ਕਿਹੜੇ-ਕਿਹੜੇ ਮੱਗ ਮਾਰੇ ਹੋਏ ਨੇ।' ਸੁਰਜਨ ਸਿਓਂ ਨੇ ਥੜ੍ਹੇ ਉੱਤੇ ਸਵਾਹਰਾ ਹੋ ਕੇ ਬਹਿੰਦਿਆਂ ਆਪਣੀ ਹੋਸ਼ ਸੰਭਾਲਣ ਵੇਲੇ ਤੋਂ ਸ਼ੁਰੂ ਕਰ ਦਿੱਤੀ ਆਪਣੀ ਜੀਵਨੀ।

'ਕਾਕਾ ਮੈਂ ਤੀਜੀ-ਚੌਥੀ 'ਚ ਪੜ੍ਹਦਾ ਸੀ, ਬਾਪੂ ਦੀ ਜ਼ਮੀਨ ਕੋਈ ਚੌਦਾਂ-ਪੰਦਰਾਂ ਖੱਤੇ ਸੀ। ਖਾਣ ਪੀਣ ਲਈ ਘਰ ਲਵੇਰਾ ਵਾਧੂ ਸੀ। ਹਾਣੀਆਂ ਨਾਲ ਲੁਕਣਮੀਚੀ, ਛੂਹਣ-ਛੁਪਾਈ ਖੇਡਦਿਆਂ-ਖੇਡਦਿਆਂ ਪਤਾ ਹੀ ਨਾ ਲੱਗਾ ਕਿ ਕਦੋਂ ਹੱਡ-ਪੈਰ ਮੋਕਲੇ ਹੋ ਗਏ। ਵਿਹਲੇ ਘੁੰਮਦੇ-ਘੁਮਾਉਂਦਿਆਂ ਬਾਪੂ ਨੂੰ ਸਕੂਲ ਜਾਣ ਤੋਂ ਕੋਰੀ ਨਾ ਕਰ ਦਿੱਤੀ। ਬਾਪੂ ਨੇ ਵੀ ਸੋਚਿਆ ਕਿ ਜਿਹੜਾ ਹੁਣ ਹੀ ਅੜ-ਅੜ ਕੇ ਸਕੂਲੇ ਜਾਂਦਾ ਏ, ਬਾਅਦ ਵਿੱਚ ਕਿਹੜਾ ਇਹਨੇ ਡੀ.ਸੀ. ਲੱਗ ਜਾਣਾ ਏ ਪੜ੍ਹ ਕੇ। ਬਾਪੂ ਨੇ ਵੀ ਮੈਨੂੰ ਬਿਨਾਂ ਵਿਰੋਧ ਕੀਤਿਆਂ ਖੇਤਾਂ ਵੱਲ ਨੂੰ ਜਾਂਦੇ ਗੱਡੇ 'ਤੇ ਚੜ੍ਹਾ ਲਿਆ। ਬਸ ਫੇਰ ਕੀ ਸੀ ਖੁੱਲ੍ਹਾ ਖਾਣਾ-ਪੀਣਾ, ਖੁੱਲ੍ਹਾ ਘੁੰਮਣਾ-ਫਿਰਨਾ ਤੇ ਖੇਡਣਾ-ਮੱਲਣਾ। ਮੈਂ 'ਠਾਰਾਂ-ਉੱਨੀ ਸਾਲਾਂ ਦਾ ਹੋਣਾ ਉਦੋਂ, ਜਦੋਂ ਮੇਰੇ ਪਿੰਡ ਦੇ ਮੁੰਡਿਆਂ ਨੇ ਤੁਹਾਡੇ ਪਿੰਡ ਠੱਕਰਵਾਲ ਨਾਲ ਕੱਬਡੀ ਦਾ ਮੈਚ ਪਾ ਲਿਆ ਸੀ। ਤੇਰਾ ਦਾਦਾ ਆਪਣੇ ਪਿੰਡ ਵੱਲੋਂ ਟੀਮ ਦਾ ਕਪਤਾਨ ਤੇ ਮੈਂ ਆਪਣੇ ਪਿੰਡ ਵੱਲੋਂ ਟੀਮ ਦਾ ਮੋਹਰੀ। ਹੁਣ ਇਹ ਨਾ ਸੋਚੀਂ ਕਿ ਬਾਬਾ ਫੈਂਟਰ ਮਾਰਦੈ, ਆਪਣੇ ਬਾਬੇ ਨੂੰ ਇਹ ਜ਼ਰੂਰ ਪੁੱਛੀਂ ਕਿ ਬਾਬਾ ਤੈਨੂੰ ਇੱਕ ਕੰਨੋਂ ਥੋੜ੍ਹਾ ਉੱਚਾ ਕਿਉਂ ਸੁਣਦੈ ? ਮੈਨੂੰ ਲੱਗਦੈ ਸੁਰਜਨ ਸਿਓਂ ਦਾ ਨਾਂ ਜ਼ਰੂਰ ਚੇਤੇ ਕਰੇਗਾ। ਨਾਲੇ ਤੈਨੂੰ ਮੇਰੇ ਬਾਰੇ ਹੋਰ ਵੀ ਦੱਸੇਗਾ ਬੜਾ ਕੁਝ। ਮੁੱਕਦੀ ਗੱਲ ਕਿ ਕਬੱਡੀ ਅਸੀਂ ਜਿੱਤੀ। ਤੁਹਾਡੇ ਪਿੰਡ ਦੇ ਓਸ ਵੇਲੇ ਦੇ ਲੰਬੜਦਾਰ ਨੇ ਮੈਨੂੰ ਓਸੇ ਵੇਲੇ ਦੇਸੀ ਘਿਓ ਦਾ ਪੀਪਾ ਇਨਾਮ ਦਿੱਤਾ ਸੀ, ਜੀਹਦੀ ਸਾਰੇ ਪਾਸੇ ਖ਼ੂਬ ਚਰਚਾ ਹੋਈ ਸੀ। ਫਿਰ ਸੁਰਜਨ ਸਿਓਂ ਦੀਆਂ ਧੁੰਮਾਂ ਪੂਰੇ ਇਲਾਕੇ 'ਚ ਪੈਣੀਆਂ ਸ਼ੁਰੂ ਹੋ ਗਈਆਂ। ਪੂਰੇ ਇਲਾਕੇ 'ਚ ਜਿੱਥੇ ਵੀ ਕੱਬਡੀ ਦੇ ਮੈਚ ਹੁੰਦੇ, ਲੋਕ ਦੂਰੋਂ-ਦੂਰੋਂ ਸੁਰਜਨ ਸਿਓਂ ਦੀ ਕਬੱਡੀ ਵੇਖਣ ਆਉਂਦੇਤੇ ਲੋਕ ਮੇਰੀ ਕਬੱਡੀ 'ਤੇ ਕਦੇ ਇੱਕ ਰੁਪਈਆ, ਦੋ ਰੁਪਈਏ ਤੇ ਕਦੇ-ਕਦੇ ਲੋਕ ਪੰਜ ਰੁਪਏ ਵੀ ਲਾ ਦਿੰਦੇ। ਮੈਨੂੰ ਯਾਦ ਆ ਕਿ ਮੈਂ ਕਦੇ ਆਪਣੇ ਪਿੰਡੇ ਨੂੰ ਮਿੱਟੀ ਨਹੀਂ ਸੀ ਲੱਗਣ ਦਿੱਤੀ। ਲੋਕ ਕਹਿੰਦੇ ਸਨ ਕਿ ਬਿਜਲੀ ਆਈ ਤੇ ਬਿਜਲੀ ਗਈ। ਲੋਕ ਮੈਨੂੰ ਬਿਜਲੀ ਕਹਿੰਦੇ ਸਨ। ਚਲੋ ਮੈਂ ਜ਼ਿਲ੍ਹੇ ਤੱਕ ਚੰਗੀ ਧਾਂਕ ਜਮਾਈ। ਜਦੋਂ ਪੁੱਤਰਾ ਸ਼ੋਹਰਤ ਮਿਲਦੀ ਹੈ ਤੇ ਦਿਮਾਗ਼ ਵੀ ਨਾਲ ਹੀ ਖ਼ਰਾਬ ਹੋ ਜਾਂਦੇ ਨੇ। ਜਦੋਂ ਲੋਕ ਮੇਰੀ ਵਾਹ-ਵਾਹ ਕਰਨ ਲੱਗ ਪਏ ਤਾਂ ਮੈਂ ਵੀ ਅੱਡੀਆਂ ਚੁੱਕ-ਚੁੱਕ ਤੁਰਨ ਲੱਗ ਪਿਆ। ਕਦੇ ਕਿਸੇ ਨਾਲ ਪੰਗਾ, ਕਦੇ ਕਿਸੇ ਨਾਲ ਪੰਗਾ।

ਸਿਆਣੇ ਕਹਿੰਦੇ ਹਨ ਕਿ ਜਵਾਨੀ ਪੰਗਿਆਂ ਜੋਗੀ ਹੁੰਦੀ ਏ ਤੇ ਬੁਢਾਪਾ ਖੰਘਣ ਜੋਗਾ ਹੁੰਦਾ ਏ। ਗੱਲ ਵੱਧਦੀ-ਵੱਧਦੀ ਵੱਧਦੀ ਹੀ ਗਈ। ਕਬੱਡੀ ਖੇਡਦਿਆਂ ਇੱਕ ਵਾਰੀ ਆਹ ਨਾਲ'ਦੇ ਸੁਮੱਧਰ ਪਿੰਡ ਦੇ ਮੁੰਡਿਆਂ ਨਾਲ ਕੁਝ ਖਾਸਾ ਹੀ ਪੇਚਾ ਪੈ ਗਿਆ। ਗੱਲ ਇੱਥੋਂ ਤੱਕ ਵੱਧ ਗਈ ਕਿ ਉਹ ਮੇਰੀ ਜਾਨ ਦੇ ਵੈਰੀ ਹੀ ਬਣ ਗਏ। ਉਹ ਕਹਿਣ ਲੱਗੇ ਕਿ ਸੁਰਜਨ ਨੂੰ ਹੁਣ ਕਬੱਡੀ ਖੇਡਣ ਜੋਗਾ ਰਹਿਣ ਨਹੀਂ ਦੇਣਾ। ਮੇਰੇ ਕੰਨੀਂ ਵੀ ਇਹ ਗੱਲ ਆਣ ਪਈ ਕਿਸੇ ਜ਼ਰੀਏ। ਹੋਇਆ ਇਹ ਕਿ ਇੱਕ ਦਿਨ ਮੈਂ ਕਿਤੇ ਬਾਹਰੋਂ ਕਬੱਡੀ ਖੇਡ ਕੇ ਪਿੰਡ ਨੂੰ ਆ ਰਿਹਾ ਸੀ ਕਿ ਸੁਮੱਧਰ ਪਿੰਡ ਦੇ ਬਾਹਰੋਂ ਵਗਦੀ ਨਹਿਰ ਦੇ ਪੱਤਣ 'ਤੇ ਸਾਡੇ ਟਾਕਰੇ ਹੋ ਗਏ। ਉਹ ਤਿੰਨ ਗੱਭਰੂ ਤੇ ਮੈਂ 'ਕੱਲਾ ਹੀ ਸੀ ਪਰ ਮੈਂ ਉਸ ਵੇਲੇ ਆਪਣੇ ਨਾਲ ਟਕੂਆ ਪੱਕਾ ਹੀ ਰੱਖਿਆ ਕਰਦਾ ਸੀ। ਉਹ ਮੈਨੂੰ ਇਕੱਲੇ ਨੂੰ ਵੇਖ ਕੇ ਆਣ ਪਏ। ਉਹ ਮੈਨੂੰ ਹੇਠਾਂ ਸੁੱਟਦੇ, ਇਸ ਤੋਂ ਪਹਿਲਾਂ ਹੀ ਮੈਂ ਪੈਂਦਿਆਂ ਹੀ ਆਪਣੇ ਵੱਡੇ ਵੈਰੀ ਸੁਰਜੀਤੇ ਦੀ ਹਿੱਕ 'ਚ ਟਕੂਆ ਠੋਕ ਦਿੱਤਾ। ਸੁਰਜੀਤੇ ਨੇ ਤੀਜਾ ਸਾਹ ਨਹੀਂ ਲਿਆ ਤੇ ਦੂਜੇ ਦੋ ਸਰਜੀਤੇ ਨੂੰ ਚੁੱਕਣ ਦੀ ਬਜਾਏ ਰਫੂ ਚੱਕਰ ਹੋ ਗਏ ਉਥੋਂ। ਪਿੰਡ 'ਚ ਰੌਲਾ ਪੈ ਗਿਆ ਕਿ ਸੁਰਜਨ ਸਿਓਂ ਨੇ ਕਤਲ ਕਰ ਦਿੱਤਾ। ਰਾਤ ਹੀ ਪੁਲਿਸ ਆ ਗਈ ਤੇ ਫੜ ਕੇ ਥਾਣੇ ਲੈ ਗਈ। ਮੈਂ ਭੱਜਿਆ ਨਹੀਂ ਕਿਉਂਕਿ ਭੱਜਣਾ ਡਰਪੋਕ ਲੋਕਾਂ ਦਾ ਕੰਮ ਹੁੰਦਾ ਹੈ। ਤਿੰਨ ਕੁ ਸਾਲ ਹੀ ਕੇਸ ਚੱਲਿਆ ਮੈਨੂੰ ਵੀਹ ਸਾਲਾ ਕੈਦ ਬੋਲ ਗਈ। ਵੀਹ ਸਾਲ ਜੇਲ੍ਹ ਕੱਟੀ, ਆਉਂਦਿਆਂ ਨੂੰ ਬੇਬੇ-ਬਾਪੂ ਚੜ੍ਹਾਈ ਕਰ ਗਏ। ਕਬੀਲਦਾਰੀ ਦੀ ਪੰਡ ਸਿਰ 'ਤੇ ਆਣ ਪਈ। ਚਾਰ-ਪੰਜ ਖੱਤੇ ਤਾਂ ਮੇਰੇ ਕੇਸ ਵਿੱਚ ਹੀ ਵਿਕ ਗਏ ਸਨ। ਬਾਕੀ ਭਰਾਵਾਂ ਵਿੱਚ ਵੰਡੇ ਗਏ। ਮੇਰੇ ਹਿੱਸੇ ਆਏ ਦੋ ਕਿੱਲੇ। ਵਿਆਹ ਦੇ ਵੱਤਰੋਂ ਮੈਂ ਲੰਘ ਚੁੱਕਿਆ ਸੀ, ਨਾਲੇ ਬਦਮਾਸ਼ ਨੂੰ ਕੁੜੀ ਦੇਣੀ ਵੀ ਕੀਨ੍ਹੇ ਸੀ ? ਮੈਂ ਸੁਰਜਨ ਸਿਓਂ ਬਿਜਲੀ ਤੋਂ ਸੁਰਜਨ ਛੜਾ ਬਣ ਗਿਆ। ਜਵਾਨੀ ਢਲਣੀ ਸ਼ੁਰੂ ਹੋ ਗਈ, ਕੀਤੇ 'ਤੇ ਪਛਤਾਵੇ ਹੋਣ ਲੱਗੇ ਪਰ ਪੁੱਤਰਾ, ਵਕਤ ਹੈ ਜੋ, ਨਾ ਕਦੇ ਰੁਕਦਾ ਹੈ ਤੇ ਨਾ ਕਦੇ ਮੁੜ ਕੇ ਹੀ ਆਉਂਦਾ ਏ।

ਮੈਨੂੰ ਯਾਦ ਹੈ ਕਿ ਜਦੋਂ ਮੈਂ ਮੇਲੇ ਤੋਂ ਆਪਣੇ ਪੱਟਾਂ 'ਤੇ ਮੋਰਨੀਆਂ ਪੁਵਾ ਕੇ ਆਇਆ ਸੀ ਤਾਂ ਮੇਰੇ ਬਾਪੂ ਨੇ ਮੈਨੂੰ ਕਿਹਾ ਸੀ ਓਏ ਸੁਰਜਨਾ, ਮੋਰਨੀਆਂ ਤਾਂ ਪੁਵਾ ਲਈਆਂ ਈ ਪੱਟਾਂ 'ਤੇ ਪਰ ਵੇਖੀਂ ਕਦੇ ਇਹ ਮੋਰਨੀਆਂ ਵੇਖ-ਵੇਖ ਕੇ ਰੋਇਆ ਕਰੇਂਗਾ। ਅੱਜ ਬਾਪੂ ਚੇਤੇ ਆਉਂਦਾ ਏ ਤੇ ਬਾਪੂ ਦੀਆਂ ਕਹੀਆਂ ਉਹ ਗੱਲਾਂ ਵੀ।' ਸੁਰਜਨ ਸਿਓਂ ਨੇ ਸਿੱਲ੍ਹੀਆਂ ਅੱਖਾਂ ਪੂੰਝਦਿਆਂ ਗੱਲ ਅੱਗੇ ਤੋਰੀ। 'ਮੈਨੂੰ ਉਹ ਵੀ ਦਿਨ ਯਾਦ ਨੇ ਪੁੱਤਰਾ, ਜਦੋਂ ਬਾਪੂ ਨੇ ਗੁੜ ਕੱਢਣ ਲਈ ਵੇਲ੍ਹਣਾ ਜੋਣਾਂ ਤਾਂ ਕਈ ਵਾਰੀ ਇੱਕ ਬੰਨੇ ਬਲਦ ਜੋਅ ਲੈਣਾ ਤੇ ਦੂਜੇ ਪਾਸੇ ਜੂਲੇ ਵਿੱਚ ਸੁਰਜਨ ਸਿਓਂ ਨੇ ਮਾਣ ਨਾਲ ਹੀ ਸਿਰ ਵਾੜ ਦੇਣਾ। ਏਨੀ ਜਾਨ ਸੀ ਮੇਰੇ 'ਚ ਉਦੋਂ। ਮਾੜੇ-ਮੋਟੇ ਬੰਦੇ ਤਾਂ ਮੇਰੀਆਂ ਅੱਖਾਂ ਦੀ ਲਾਲੀ ਤੇ ਮੁੱਛਾਂ ਦੇ ਕੁੰਡ ਵੇਖ ਕੇ ਹੀ ਰਾਹ ਛੱਡ ਦਿੰਦੇ ਸਨ। ਬੜੇ ਕਿੱਸੇ ਨੇ ਸੁਣਾਉਣ ਵਾਲੇ ਪਰ ਹੁਣ ਕੀ ਫ਼ਾਇਦਾ ਸੁਣਾਉਣ ਦਾ। ਝੂਰਨਾ ਹੀ ਏ ਚੇਤੇ ਕਰ-ਕਰ ਕੇ। ਬਸ ਤੈਨੂੰ ਮੈਂ ਫਿਰ ਕਹਿੰਨਾ ਕਿ ਇੱਕ ਵਾਰੀ ਆਪਣੇ ਬਾਬੇ ਨੂੰ ਪੁੱਛ ਕੇ ਦੁਬਾਰਾ ਦੱਸੀਂ ਮੈਨੂੰ ਆ ਕੇ ਕਿ ਤੇਰਾ ਬਾਬਾ ਕੀ ਕਹਿੰਦਾ ਸੀ ਮੇਰੇ ਬਾਰੇ। ਬੱਸ ਇਹੀ ਕਹੀਂ ਅੱਜ ਮੈਨੂੰ ਨਾਲ ਦੇ ਪਿੰਡ ਵਾਲਾ ਬਾਪੂ ਸੁਰਜਨ ਸਿੰਘ ਮਿਲਿਆ ਸੀ। ਉਹ ਤੁਹਾਡੇ ਨਾਲ ਕਬੱਡੀ ਖੇਡਦਾ ਰਿਹਾ ਏ ਭਲਾ ? ਫਿਰ ਉਹ ਆਪੇ ਦੱਸ ਦੇਵੇਗਾ ਅਗਲੀ ਸਾਰੀ ਗੱਲਬਾਤ'।

'ਉਹ ਬਾਪੂ, ਤੂੰ ਏਨੀ ਬਲਾ ਏਂ ਓਏ' ? ਮੈਂ ਤਾਂ ਸੋਚਦਾ ਸੀ ਕਿ ਇਹ ਬੁੱਢਾ ਕਿਤੇ ਫੀਮ ਦਾ ਝੰਬਿਆ ਹੋਇਆ ਏ ਪਰ ਤੂੰ ਤਾਂ ਬੜਾ ਅੱਥਰਾ ਬੂੜਾ ਨਿਕਲਿਐਂ ਬਾਪੂ। ਹੁਣ ਬਾਪੂ ਨੂੰ ਪੁੱਛਣ ਵਾਲੀ ਤਾਂ ਗੱਲ ਕੋਈ ਰਹੀ ਹੀ ਨਹੀਂ। ਤੇਰੇ ਦੱਸਣ ਤੋਂ ਹੀ ਮੈਨੂੰ ਪਤਾ ਲੱਗ ਗਿਆ ਏ ਕਿ ਤੂੰ ਜੋ ਕਹਿ ਰਿਹਾ ਏਂ, ਸੱਚ ਹੀ ਕਹਿ ਰਿਹਾ ਏਂ ਭਰਾਵਾ।' ਦਲੇਰ ਸਿੰਘ ਨੇ ਖੱਬੇ ਪਾਸਿਓਂ ਉੱਠ ਕੇ ਬਾਪੂ ਸੁਰਜਨ ਸਿਓਂ ਦੇ ਅੱਗੇ ਹੁੰਦਿਆਂ ਸੁਰਜਨ ਸਿਓਂ ਦੇ ਹੱਥ ਫੜ ਕੇ ਆਪਣੇ ਸਿਰ 'ਤੇ ਰੱਖ ਲਏ। 'ਬਾਪੂ ਗੱਲਾਂ ਤਾਂ ਮੈਂ ਤੇਰੀਆਂ ਸਾਰੀਆਂ ਸੁਣ ਲਈਆਂ ਤੇ ਸਮਝ ਵੀ ਲਈਆਂ ਨੇ। ਹੁਣ ਮੈਂ ਦੱਸਾਂ ਦਿਲ ਦੀ ਗੱਲ ਕਿ ਮੈਂ ਵੀ ਕਬੱਡੀ ਦੀ ਖੇਡ 'ਚ ਪੈਰ ਪਾ ਰਿਹਾ ਹਾਂ। ਕੋਈ ਅਜਿਹੀ ਸਿੱਖ-ਮੱਤ ਦੇ ਦਿਓ ਤਾਂ ਜੋ ਮੈਂ ਆਪਣੇ ਨਿਸ਼ਾਨੇ ਤੋਂ ਥਿੜਕ ਨਾ ਜਾਵਾਂ।' 'ਗੱਲ ਤਾਂ ਉੱਪਰ ਵਾਲੀਆਂ ਹੀ ਕਾਫ਼ੀ ਹਨ ਤੇਰੇ ਸਮਝਣ ਲਈ ਪਰ ਫਿਰ ਵੀ ਜੇ ਤੂੰ ਕਹੇਂ ਤਾਂ ਮੈਂ ਬਸ ਇਹੀ ਕਹਾਂਗਾ ਕਿ ਪੁੱਤ ਜਵਾਨੀ ਦਾ ਮਾਣ ਨਹੀਂ ਕਰਨਾ, ਲੋਕਾਂ ਦੀਆਂ ਚੁੱਕਣਾ 'ਚ ਨਹੀਂ ਆਉਣਾ, ਜ਼ਮੀਨ 'ਤੇ ਚੱਲਣਾ ਤੇ ਸਫ਼ਰ ਅੰਬਰ 'ਤੇ ਤੈਅ ਕਰਨਾ। ਵਕਤ ਕਦੇ ਕਿਸੇ ਨੂੰ ਮਾਫ਼ ਨਹੀਂ ਕਰਦਾ। ਇਕ ਕਦਮ ਰਾਹ ਤੋਂ ਭਟਕਿਆ ਬੰਦਾ ਸਾਰੀ ਜ਼ਿੰਦਗੀ ਲੀਹ 'ਤੇ ਨਹੀਂ ਆ ਸਕਦਾ। ਜੇ ਫਿਰ ਵੀ ਕੋਈ ਕਸਰ ਲੱਗੇ ਤਾਂ ਸੁਰਜਨ ਸਿਓਂ ਦੇ ਜੀਵਨ ਵੱਲ ਝਾਤੀ ਮਾਰ ਲਵੀਂ।' ਏਨਾ ਕਹਿ ਕੇ ਸੁਰਜਨ ਸਿਓਂ ਗੋਡਿਆਂ 'ਤੇ ਹੱਥ ਰੱਖ ਖੜ੍ਹਾ ਹੋਇਆ ਤੇ ਆਪਣਾ ਖੂੰਡਾ ਫੜ ਕੇ ਘਰ ਦੇ ਰਸਤੇ ਨੂੰ ਤੁਰ ਪਿਆ। ਦਲੇਰ ਸਿੰਘ ਨੂੰ ਹੁਣ ਤੋਂ ਹੀ ਮਨ ਹੀ ਮਨ 'ਚ ਆਪਣੇ ਉਨ੍ਹਾਂ ਦੋਸਤਾਂ ਨਾਲ ਨਫ਼ਰਤ ਹੋਣ ਲੱਗ ਪਈ ਸੀ, ਜੋ ਉਸ ਨੂੰ ਕਦੇ ਬੁਲਟ ਮੋਟਰਸਾਈਕਲ 'ਤੇ ਅਤੇ ਕਦੇ ਥਾਰ 'ਤੇ ਬਿਠਾ ਕੇ ਪਿੰਡਾਂ ਵਿੱਚ ਗੇੜੀਆਂ ਦੇਣ ਲੈ ਜਾਂਦੇ ਸਨ। ਕਦੇ ਕਿਸੇ ਨਾਲ ਪੇਚਾ ਪਵਾ ਦਿੰਦੇ ਤੇ ਕਦੇ ਕਿਸੇ ਨਾਲ। ਉਸ ਨੂੰ ਸਮਝ ਲੱਗ ਗਈ ਸੀ ਕਿ ਇਹ ਮੇਰੇ ਫੁਕਰੇ ਦੋਸਤ ਮੈਨੂੰ ਨਾਲ ਖੜ੍ਹ ਕੇ ਆਪਣੇ ਨੰਬਰ ਬਣਾਉਂਦੇ ਹਨ। ਇਹ ਮੈਨੂੰ ਕਿਤੇ ਨਾ ਕਿਤੇ ਮਰਵਾਉਣਗੇ। ਕਿਤੇ ਅਜਿਹਾ ਨਾ ਹੋਵੇ ਕਿ ਮੈਂ ਵੀ ਬਾਪੂ ਸੁਰਜਨ ਸਿੰਘ ਵਾਂਗ ਕਿਤੇ ਤਾਕਤ ਦੇ ਨਸ਼ੇ 'ਚ ਆ ਕੇ ਕੁਝ ਅਜਿਹਾ ਕਰ ਬੈਠਾ ਕਿ ਮੇਰੇ ਜੀਵਨ ਦੀ ਗੱਡੀ ਵੀ ਪਟੜੀ ਤੋਂ ਲਹਿ ਜਾਵੇ।ਅੱਜ ਜਦੋਂ ਦਲੇਰ ਸਿੰਘ ਨੂੰ ਹਿੰਦੁਸਤਾਨ ਤੇ ਪਾਕਿਸਤਾਨ ਦੇ ਹੋਏ ਫਾਈਨਲ ਕਬੱਡੀ ਕੱਪ ਮੁਕਾਬਲੇ ਵਿੱਚ ਬੈਸਟ ਰੇਡਰ ਦਾ ਇਨਾਮ ਲੈਂਦਿਆਂ ਬਾਪੂ ਸੁਰਜਨ ਸਿੰਘ ਨਾਲ ਹੋਈ ਉਹ ਮੁਲਾਕਾਤ ਯਾਦ ਆਈ, ਜਿਸ ਵਿੱਚ ਬਾਪੂ ਸੁਰਜਨ ਸਿੰਘ ਨੇ ਉਸ ਨੂੰ ਜ਼ਿੰਦਗੀ ਦੀ ਲੀਹ ਤੋਂ ਨਾ ਥਿੜਕਣ ਦੀ 'ਤਾਕੀਦ' ਕੀਤੀ ਸੀ। ਦਲੇਰ ਸਿੰਘ ਨੇ ਪਿੰਡ ਆ ਕੇ ਸਭ ਤੋਂ ਪਹਿਲਾਂ ਬਾਪੂ ਸੁਰਜਨ ਸਿੰਘ ਦੀ ਆਪਣੀ ਹੀ ਪੈਲੀ ਦੀ ਨੁੱਕਰ ਵਿੱਚ ਬਣੀ ਛੋਟੀ ਜਿਹੀ ਸਮਾਧ 'ਤੇ ਪਹੁੰਚ ਸੀਸ ਝੁਕਾ ਕੇ ਸਿੱਜਦਾ ਕਰਨਾ ਪਹਿਲਾ ਫ਼ਰਜ਼ ਸਮਝਿਆ।

## ਮਿੰਨੀ ਕਹਾਣੀ

# ਰੱਬ ਦਾ ਆੜੀ

ਪਿਆਰਾ ਸਿੰਘ ਗੁਰਨੇ ਕਲਾਂ

ਸਾਬਕਾ ਸਰਪੰਚ ਜਗਤਾਰ ਸਿੰਘ ਨੂੰ ਸਾਹ ਲੈਣ ਵਿੱਚ ਕੁਝ ਦਿੱਕਤ ਆ ਰਹੀ ਸੀ ਤੇ ਉਸ ਦੀ ਛਾਤੀ ਵਿੱਚ ਦਰਦ ਵੀ ਸੀ। ਉਹ ਹਸਪਤਾਲ ਗਿਆ ਤਾਂ ਡਾਕਟਰ ਨੇ ਧਮਣੀਆਂ ਵਿੱਚ ਰੁਕਾਵਟ ਦੀ ਤਕਲੀਫ਼ ਦੱਸਦਿਆਂ ਸਟੈਂਟ ਪਵਾਉਣ ਦੀ ਸਲਾਹ ਦਿੱਤੀ। ਉਹ ਇਲਾਜ ਤੋਂ ਇਨਕਾਰ ਕਰਕੇ ਘਰ ਮੁੜ ਆਇਆ। ਜਗਤਾਰ ਸਿੰਘ ਮਿਹਨਤੀ ਇਨਸਾਨ ਸੀ। ਲੋਕਾਂ ਦੇ ਕੰਮ ਅੱਗੇ ਹੋ ਕੇ ਕਰਦਾ ਤੇ ਰੋਜ਼ ਕਿਲੋਮੀਟਰਾਂ ਦੇ ਹਿਸਾਬ ਨਾਲ ਤੋਰਾ-ਫੇਰਾ ਕਰ ਲੈਂਦਾ ਸੀ। ਪਿਛਲੀ ਵਾਰ ਸਰਪੰਚ ਹੁੰਦਿਆਂ ਵੀ ਉਹ ਲਗਪਗ ਸਾਰਾ ਸਮਾਂ ਪਿੰਡ ਵਾਲਿਆਂ ਦੇ ਕੰਮ ਕਰਾਉਂਦਾ ਰਿਹਾ ਸੀ। ਹੁਣ ਵੀ ਉਸ ਦੇ ਘਰ ਲੋਕਾਂ ਦੀ ਆਉਣ-ਜਾਣ ਲੱਗਿਆ ਹੀ ਰਹਿੰਦਾ ਸੀ। ਉਸ ਦਾ ਮੰਨਣਾ ਸੀ ਕਿ ਇਹ ਸਭ ਕੰਮ ਉਸ ਦੇ ਹੱਥੋਂ ਉਸ ਦਾ ਰੱਬ ਹੀ ਕਰਵਾਉਂਦਾ ਹੈ ਤੇ ਇਸ ਪਿੱਛੇ ਕਿਤੇ ਨਾ ਕਿਤੇ ਉਸ ਦਾ ਆਪਣਾ ਭਲਾ ਹੀ ਲੁਕਿਆ ਹੁੰਦਾ ਹੈ।

ਜਗਤਾਰ ਸਿੰਘ ਡਾਕਟਰ ਨੂੰ ਤਾਂ ਮਨ੍ਹਾਂ ਕਰ ਆਇਆ ਸੀ, ਪਰ ਉਸ ਦੇ ਸੀਨੇ ਵਿੱਚ ਹਲਕੀ ਹਲਕੀ ਪੀੜ ਹਾਲੇ ਵੀ ਜਾਰੀ ਸੀ। ਓਧਰ ਉਸ ਦੀ ਪਤਨੀ ਹਰਬੰਸ ਕੌਰ ਆਪਣੀ ਭੈਣ ਦਾ ਪਤਾ ਲੈਣ ਹਸਪਤਾਲ ਗਈ ਹੋਈ ਸੀ। ਹਰਬੰਸ ਕੌਰ ਨੂੰ ਉੱਥੇ ਆਪਣੇ ਪਿੰਡ ਦਾ ਨਰੈਣ ਸਿੰਘ ਮਿਲਿਆ, ਜਿਸ ਦੀ ਹਾਲਤ ਕਾਫ਼ੀ ਖਰਾਬ ਦੱਸੀ ਜਾ ਰਹੀ ਸੀ। ਹਾਲਤ ਨਾਜ਼ੁਕ ਹੋਣ ਕਰਕੇ ਡਾਕਟਰਾਂ ਨੇ ਉਸ ਨੂੰ ਵੱਡੇ ਹਸਪਤਾਲ ਲਿਜਾਣ ਦੀ ਸਲਾਹ ਦਿੱਤੀ। ਹਰਬੰਸ ਕੌਰ ਨੇ ਤੁਰੰਤ ਇਸ ਦੀ ਜਾਣਕਾਰੀ ਜਗਤਾਰ ਸਿੰਘ ਨੂੰ ਦਿੱਤੀ। ਜਗਤਾਰ ਸਿੰਘ ਤੁਰੰਤ ਕਾਰ ਲੈ ਕੇ ਹਸਪਤਾਲ ਪਹੁੰਚਿਆ ਤੇ ਨਰੈਣ ਸਿੰਘ ਨੂੰ ਲੈ ਕੇ ਵੱਡੇ ਹਸਪਤਾਲ ਵੱਲ ਰਵਾਨਾ ਹੋ ਗਿਆ।ਵੱਡੇ ਹਸਪਤਾਲ ਤੱਕ ਦਾ ਰਾਹ ਲਗਪਗ ਚਾਰ ਘੰਟੇ ਦਾ ਸੀ। ਖ਼ੁਦ ਜਗਤਾਰ ਦੀ ਹਾਲਤ ਠੀਕ ਨਾ ਹੋਣ ਕਰਕੇ ਉਸ ਦਾ ਭਰਾ ਸੁਖਚੈਨ ਵੀ ਜ਼ਿੱਦ ਕਰਕੇ ਨਾਲ ਤੁਰ ਪਿਆ। ਦੋਵੇਂ ਜਦੋਂ ਹਸਪਤਾਲ ਪਹੁੰਚੇ ਤਾਂ ਡਾਕਟਰਾਂ ਨੇ ਮਰੀਜ਼ ਨੂੰ ਚੈੱਕ ਕਰਕੇ ਦਵਾਈਆਂ ਦਿੱਤੀਆਂ ਤੇ ਨਿਗਰਾਨੀ ਲਈ ਦਾਖ਼ਲ ਕਰ ਲਿਆ। ਇਸ ਦੌੜ-ਭੱਜ ਵਿੱਚ ਜਗਤਾਰ ਸਿੰਘ ਨੇ ਖ਼ੁਦ ਵੱਲ ਬਿਲਕੁਲ ਧਿਆਨ ਨਹੀਂ ਸੀ ਦਿੱਤਾ।ਜਗਤਾਰ ਤੇ ਸੁਖਚੈਨ ਦੋਵੇਂ ਵਾਰਡ ਦੇ ਬਾਹਰ ਖੜ੍ਹੇ ਮਰੀਜ਼ ਨੂੰ ਹੋਸ਼ ਆਉਣ ਦੀ ਉਡੀਕ ਕਰ ਰਹੇ ਸਨ ਤਾਂ ਅਚਾਨਕ ਜਗਤਾਰ ਸਿੰਘ ਨੂੰ ਠੰਢੀਆਂ ਤਰੇਲੀਆਂ ਆਉਣ ਲੱਗੀਆਂ ਤੇ ਉਸ ਦੇ ਸੀਨੇ ਦਾ ਦਰਦ ਵੀ ਤੇਜ਼ ਹੋ ਗਿਆ। ਉੱਥੇ ਮੌਜੂਦ ਡਾਕਟਰਾਂ ਨੇ ਉਸ ਦੀ ਜਾਂਚ ਕੀਤੀ ਤੇ ਤੁਰੰਤ ਉਸ ਨੂੰ ਦਿਲ ਦੇ ਮਾਹਿਰ ਡਾਕਟਰ ਕੋਲ ਭੇਜ ਦਿੱਤਾ। ਮਾਹਿਰ ਡਾਕਟਰਾਂ ਦੀ ਟੀਮ ਨੇ ਤੁਰੰਤ ਉਸ ਦਾ ਇਲਾਜ ਸ਼ੁਰੂ ਕਰ ਦਿੱਤਾ। ਮੌਕੇ 'ਤੇ ਇਲਾਜ ਹੋਣ ਕਰਕੇ ਜਗਤਾਰ ਸਿੰਘ ਸਮਾਂ ਰਹਿੰਦੇ ਹੀ ਖ਼ਤਰੇ ਤੋਂ ਬਾਹਰ ਆ ਗਿਆ ਸੀ। ਅਪਰੇਸ਼ਨ ਮਗਰੋਂ ਜਗਤਾਰ ਸਿੰਘ ਨੂੰ ਹੋਸ਼ ਆਇਆ ਤਾਂ ਉਸ ਨੇ ਰੱਬ ਦਾ ਸ਼ੁਕਰਾਨਾ ਕਰਦਿਆਂ ਕਿਹਾ, "ਹੇ ਸੱਚਿਆ ਮਾਲਕਾ, ਤੂੰ ਹੀ ਏਂ ਮੈਨੂੰ ਬਚਾਉਣ ਵਾਲਾ। ਤੇਰੀ ਮਰਜ਼ੀ ਤੋਂ ਬਿਨਾਂ ਪੱਤਾ ਵੀ ਨਹੀਂ ਹਿੱਲਦਾ। ਇਹ ਤੇਰੀ ਹੀ ਮਰਜ਼ੀ ਸੀ ਕਿ ਮੈਂ ਹਸਪਤਾਲ ਪਹੁੰਚ ਜਾਵਾਂ। ਤੂੰ ਹੀ ਮੇਰਾ ਸੱਚਾ ਮਿੱਤਰ ਏਂ।"



# ਪੈਨਸ਼ਨ ਦਾ ਝਮੇਲਾ

ਬਰਜਿੰਦਰ ਕੌਰ ਬਿਸਰਾਓ

ਗੁਰਮੇਲ ਘਰ ਵਿੱਚ ਇਕੱਲਾ ਕਮਾਉ ਸੀ। ਉਹ ਸ਼ਹਿਰ ਵਿੱਚ ਇੱਕ ਦੁਕਾਨ ਉੱਤੇ ਨੌਕਰੀ ਕਰਦਾ ਸੀ। ਤਿੰਨ ਜਵਾਕਾਂ ਦੀ ਪੜ੍ਹਾਈ, ਬਜ਼ੁਰਗ ਮਾਤਾ-ਪਿਤਾ, ਦੋ ਵਿਆਹੀਆਂ ਭੈਣਾਂ ਦੀ ਰਿਸ਼ਤੇਦਾਰੀ ਤੇ ਹੋਰ ਖ਼ਰਚੇ ਰਲਾ ਕੇ ਘਰ ਦਾ ਗੁਜ਼ਾਰਾ ਮਸਾਂ ਹੀ ਚੱਲਦਾ ਸੀ। ਉਸ ਨੂੰ ਇੱਕ ਮਿੱਤਰ ਨੇ ਸਲਾਹ ਦਿੱਤੀ ਕਿ ਉਹ ਆਪਣੇ ਮਾਂ-ਬਾਪ ਦੀ ਬੁਢਾਪਾ ਪੈਨਸ਼ਨ ਲਵਾ ਲਵੇ। ਉਸ ਮਿੱਤਰ ਦੀ ਕੁੜੀ ਬੈਂਕ ਵਿੱਚ ਲੱਗੀ ਹੋਈ ਸੀ। ਗੁਰਮੇਲ ਨੇ ਫਾਰਮ ਭਰ ਦਿੱਤਾ ਤੇ ਮਿੱਤਰ ਦੀ ਧੀ ਨੇ ਉਸ ਦਾ ਕੰਮ ਪਹਿਲ ਦੇ ਆਧਾਰ 'ਤੇ ਕਰਵਾ ਦਿੱਤਾ।

ਜਦੋਂ ਪੈਨਸ਼ਨ ਲੱਗੀ ਤਾਂ ਪਹਿਲਾਂ ਪਹਿਲ ਗੁਰਮੇਲ ਨੂੰ ਕੁਝ ਆਸਰਾ ਹੋ ਗਿਆ। ਬਾਪੂ ਬੇਬੇ ਨੂੰ ਸਾਈਕਲ ਪਿੱਛੇ ਬਿਠਾ ਕੇ ਸਵੇਰੇ ਬੈਂਕ ਲੈ ਜਾਂਦਾ ਤੇ ਦੋਵੇਂ ਦਿਨ ਢਲਦੇ ਤੱਕ ਪੈਨਸ਼ਨ ਲੈ ਕੇ ਘਰ ਮੁੜ ਆਉਂਦੇ। ਇਸ ਪੈਨਸ਼ਨ ਵਿੱਚੋਂ ਹੀ ਉਨ੍ਹਾਂ ਦੀ ਦਵਾਈ ਵੀ ਆ ਜਾਂਦੀ। ਹੌਲੀ ਹੌਲੀ ਬਾਪੂ ਦੀ ਨਿਗ੍ਹਾ ਘਟਣ ਲੱਗ ਪਈ, ਜਦੋਂ ਚੈੱਕ ਕਰਵਾਈ ਤਾਂ ਡਾਕਟਰ ਨੇ ਮੋਤੀਆ ਦੱਸਿਆ। ਬੇਬੇ ਵੀ ਗੋਡੇ ਦੁਖਣ ਕਰਕੇ ਹੁਣ ਚੱਲਣ ਫਿਰਨ ਤੋਂ ਤੰਗ ਸੀ। ਹੁਣ ਜਦੋਂ ਵੀ ਪੈਨਸ਼ਨ ਲੈਣ ਜਾਣਾ ਹੁੰਦਾ ਤਾਂ ਗੁਰਮੇਲ ਕੰਮ ਤੋਂ ਛੁੱਟੀ ਕਰਕੇ ਦੋਵਾਂ ਨੂੰ ਵਾਰੀ ਵਾਰੀ ਬੈਂਕ ਛੱਡਣ ਜਾਂਦਾ। ਫਿਰ ਉਨ੍ਹਾਂ ਨਾਲ ਬੈਂਕ ਵਿੱਚ ਉਡੀਕ ਕਰਦਾ ਤੇ ਕਈ ਵਾਰ ਭੀੜ ਜ਼ਿਆਦਾ ਹੋਣ ਕਾਰਨ ਅਗਲੇ ਵੀਰਵਾਰ ਆਉਣ ਲਈ ਕਹਿ ਦਿੱਤਾ ਜਾਂਦਾ। ਇੰਝ ਪੈਨਸ਼ਨ ਮਿਲਣ ਨਾਲੋਂ ਵਧੇਰੇ ਚਿੰਤਾ ਗੁਰਮੇਲ ਨੂੰ ਆਪਣੀਆਂ ਦੋ ਦਿਹਾੜੀਆਂ ਕੱਟੇ ਜਾਣ ਦੀ ਹੁੰਦੀ।ਉਸ ਨੂੰ ਹੁਣ ਪੈਨਸ਼ਨ ਦਾ ਸਹਾਰਾ ਘੱਟ ਤੇ ਮੁਸੀਬਤ ਵੱਧ ਲੱਗਣ ਲੱਗ ਪਈ ਸੀ। ਇੱਕ ਦਿਨ ਉਸ ਨੇ ਅੱਕੇ ਹੋਏ ਨੇ ਬੈਂਕ ਜਾ ਕੇ ਮਿੱਤਰ ਦੀ ਧੀ ਨੂੰ ਆਖਿਆ, "ਭਾਈ ਬੀਬਾ......ਜਿਹੜੀ ਤੂੰ ਸਾਡੀ ਬੀਬੀ ਤੇ ਭਾਪਾ ਜੀ ਨੂੰ ਪੈਨਸ਼ਨ ਲਵਾਈ ਸੀ, ਉਹ ਕੱਟ ਦੇ। ਅਸੀਂ ਨ੍ਹੀਂ ਹੁਣ ਲੈਣੀ।" ਕੁੜੀ ਨੇ ਉਸ ਨੂੰ ਸਮਝਾਉਂਦਿਆਂ ਕਿਹਾ, "ਅੰਕਲ ਜੀ, ਜੇ ਚਾਰ ਪੈਸੇ ਘਰ ਆਉਂਦੇ ਹਨ ਤਾਂ ਲਾਹੇ ਦੇ ਹੀ ਹਨ। ਇਸ ਤਰ੍ਹਾਂ ਮੈਂ ਕਿਵੇਂ ਕਟਵਾ ਦੇਵਾਂ ਓਹਨਾਂ ਦੀ ਪੈਨਸ਼ਨ ? ਉਸ ਲਈ ਤਾਂ ਤੁਹਾਨੂੰ ਮੈਨੇਜਰ ਨੂੰ ਲਿਖ ਕੇ ਦੇਣਾ ਪਵੇਗਾ।" ਗੁਰਮੇਲ ਨੇ ਕੁੜੀ ਨੂੰ ਆਪਣੀ ਮਜਬੂਰੀ ਦੱਸਦਿਆਂ ਉਸ ਤੋਂ ਹੀ ਅਰਜ਼ੀ ਲਿਖਵਾ ਕੇ ਮੈਨੇਜਰ ਕੋਲ ਦੇ ਦਿੱਤੀ। ਹੁਣ ਗੁਰਮੇਲ ਇਸ ਪੈਨਸ਼ਨ ਵਾਲੇ ਝਮੇਲੇ ਤੋਂ ਸੁਰਖ਼ਰੂ ਹੋ ਕੇ ਬਹੁਤ ਖ਼ੁਸ਼ ਸੀ।

# ਕਾਵਿ ਸੰਸਾਰ



## ਮਾਵਾਂ

**ਹਰਪ੍ਰੀਤ ਪੱਤੋ**



ਮਾਂ ਬਿਨਾਂ ਜਗ ਘੁੱਪ ਹਨੇਰਾ,
ਕਹਿੰਦੇ ਲੋਕ ਸਿਆਣੇ।
ਖੋਹ ਲੈਂਦੇ ਟੁੱਕ ਹੱਥਾਂ ਵਿੱਚੋਂ,
ਕਾਂ ਕਾਲੇ ਮਰ ਜਾਣੇ।
ਚਾਅ ਮੁੱਕ ਜਾਣ ਦਿਲਾਂ ਦੇ,
ਰੁਲਦੇ ਗਲੀਆਂ ਵਿੱਚ ਨਿਆਣੇ।
ਜਿਨ੍ਹਾਂ ਕੋਲੇ ਮਾਂ ਨ੍ਹੀਂ ਹੁੰਦੀ,
ਘਾਟਾਂ ਉਹੀ ਜਾਣੇ।
ਕਈ ਮਾਵਾਂ ?, ਮਾਵਾਂ ਨ੍ਹੀਂ ਹੁੰਦੀਆਂ,
ਰੱਖਦੀਆਂ ਭੁੱਖਣ ਭਾਣੇ।
ਨਾਲ ਮਾਸੂਮਾਂ ਦਗਾ ਕਮਾਵਣ,
ਮੱਲਦੀਆਂ ਹੋਰ ਟਿਕਾਣੇ।
ਕੀਤੇ ਕਿਹੜੇ ਪਾਪ ਇਨ੍ਹਾਂ ਨੇ,
ਜਾਂ ਮੰਨ ਲਈਏ ਭਾਣੇ।
ਉਨ੍ਹਾਂ ਮਾਵਾਂ ਨੂੰ ਕੀ ਕਹੀਏ,
ਜੋ ਦਿੰਦੀਆਂ ਜ਼ਹਿਰੀ ਖਾਣੇ।
ਇੱਕ ਪੱਖ ਨਾ ਰੱਖੀਏ 'ਪੱਤੋ',
ਚਾਹੀਏ ਦੋਵੇਂ ਪੱਖ ਦਰਸਾਣੇ।



## ਮਾਂ

**ਸਰਿਤਾ ਤੇਜੀ**

ਉਹ ਮਾਂ ਹੈ
ਬੁੱਕਲ
ਨਿੱਘ
ਤੇ ਅੱਪਣਤ ਮਾਂ ਹੈ।
ਨਿਰਸਵਾਰਥ
ਕੁਰਬਾਨੀ
ਤੇ ਮਮਤਾ ਮਾਂ ਹੈ।
ਜ਼ਿਕਰ
ਫ਼ਿਕਰ
ਤੇ ਕਰਤੱਵ ਮਾਂ ਹੈ
ਪਿਆਰ
ਮਨੁਹਾਰ
ਤੇ ਵਿਹਾਰ ਮਾਂ ਹੈ।
ਔਲਾਦ ਦੇ ਤਾਨੇ
ਆਪਣੇ ਬੇਗਾਨੇ
ਤੇ ਵਿਸ਼ਵਾਸ ਮਾਂ ਹੈ ।

## ਪਾਰਸ ਪੱਥਰ . . .

**ਮਨਜੀਤ ਕੌਰ ਧੀਮਾਨ**



ਕੀਹਦੇ ਨਾਲ ਫਰੋਲਾਂ ਦਿਲ ਨੀ,
ਕੀਹਨੂੰ ਦਰਦ ਦਿਖਾਵਾਂ ਅੜੀਏ।
ਤੇਰੇ ਬਿਨ ਸਾਡਾ ਕੌਣ ਹੈ ਦੱਸ,
ਕੀਹਦਾ ਪਾਰਸ ਪੱਥਰ ਬਣੀਏ।
ਬਚਪਨ ਵਿੱਚ ਨਾ 'ਕੱਲਿਆਂ ਛੱਡਦੀ,
ਕਦੇ ਨਾ ਭੁੱਖਿਆਂ ਰਹਿਣ ਦਿੰਦੀ।
ਸੁੱਖਾਂ ਦੇ ਵਿੱਚ ਰਹਿੰਦੇ ਸਾਂ ਸਦਾ,
ਦੁੱਖ ਕਦੇ ਨਾ ਸਹਿਣ ਦਿੰਦੀ।
ਕਿਸ ਭਰੋਸੇ ਛੱਡ ਕੇ ਤੁਰ ਗਈ,
ਕਿਹੜਾ ਹੱਥ ਜਾ ਫੜੀਏ।
'ਕੱਲਿਆਂ ਹੀ ਹੁਣ ਰਹਿੰਦੇ ਹਾਂ,
ਕੋਈ ਨਾ ਪੁੱਛਦਾ ਸਾਰ ਸਾਡੀ।
ਸੁਖਾਂ ਦਾ ਕੋਈ ਪਤਾ ਨਹੀਂ,
ਦੁੱਖਾਂ ਨਾਲ ਹੈ ਸਾਂਝ ਪਈ।
ਤੇਰੀ ਫੋਟੋ ਗਲ਼ ਲੱਗ ਰੋਈਏ,
ਮਾਲਾ ਮੋਤੀ ਦੇ ਨਾਲ ਜੜੀਏ।
ਮਾਵਾਂ ਹਨ ਸੰਘਣੀਆਂ ਛਾਵਾਂ,
ਇਹ ਸਮਝ ਹੁਣੇ ਹੀ ਆਈ।
ਇਨ੍ਹਾਂ ਸੰਗ ਹੀ ਸੋਹਣੀ ਹੁੰਦੀ,
ਜ਼ਿੰਦਗੀ ਜਿਹੜੀ ਹੰਢਾਈ।
ਲੱਖ ਕਿਤਾਬਾਂ ਪੜ੍ਹਨ ਤੋਂ ਪਹਿਲਾਂ,
ਮਾਂ ਦੀਆਂ ਅੱਖਾਂ ਪੜ੍ਹੀਏ।
ਦੂਰ ਕਿਤੇ ਉਹ ਰਹਿੰਦੀ ਹੋਣੀ,
ਸੁਪਨਿਆਂ ਦੇ ਵਿੱਚ ਆਉਂਦੀ ਏ।
ਤੱਕ ਕੇ ਸਾਡੇ ਮੂੰਹ ਮੁਰਝਾਏ,
ਉਦਾਸ ਜਿਹੀ ਹੋ ਜਾਂਦੀ ਏ।
ਕਿੱਥੋਂ ਲੰਘਦੀ ਹੁੰਦੀ ਹੋਣੀ,
ਕਿਹੜੇ ਰਾਹੀਂ ਜਾ ਖੜ੍ਹੀਏ।

## .ਗ਼ਜ਼ਲ

**ਬਲਵਿੰਦਰ 'ਬਾਲਮ' ਗੁਰਦਾਸਪੁਰ**

ਕੁਦਰਤ ਉਸ ਨੂੰ ਤੋਹ.ਫ਼ਾ ਦਿੰਦੀ ਕਦਰ ਸਮੇਂ ਦੀ ਕਰਦਾ ਜੋ,
ਉਹੋ ਸਾਹਿਲ ਉਤੇ ਪੁੱਜਦਾ ਡੂੰਘੇ ਪਾਣੀ ਤਰਦਾ ਜੋ।
ਦੂਜੇ ਉੱਤੇ ਨਿਰਭਰ ਬੰਦਾ ਭੁੱਖ ਕਦੀ ਨ੍ਹੀਂ ਛੱਡਦਾ,
ਤ੍ਰਿਪਤ ਇਰਾਦੇ ਉਹੋ ਰੱਖਦਾ ਆਤਮ ਬਲ ਨਾਲ ਲੜਦਾ ਜੋ।
ਸਭ ਕੁਝ ਹੁੰਦਿਆਂ-ਸੁੰਦਿਆਂ ਫਿਰ ਵੀ ਰੀਂਘਣ ਦਾ ਆਦੀ ਹੁੰਦਾ ਜੋ,
ਧਰਤੀ ਉਪਰ ਬੋਝ ਹੈ ਹੁੰਦਾ, ਜਿਊਂਦਾ ਤੇ ਨਾ ਮਰਦਾ ਉਹ।
ਧਰਤੀ 'ਚੋਂ ਖ਼ੁਸ਼ਹਾਲੀ ਵਰਗਾ ਸੋਨਾ ਪੈਦਾ ਕਰਦੇ ਵੇਖੇ,
ਅਪਣੇ ਤਨ ਦੇ ਸਿੱਦਕ ਉਤੇ ਨਿੱਤ ਖ਼ੂਨ ਪਸੀਨਾ ਜਰਦੇ ਜੋ।
ਬੁਜ਼ਦਿਲ ਕਾਇਰ ਰੱਖਦਾ ਨਾਹੀ ਜ਼ੁਰਰਤ ਮੌਕਾ ਪਾਵਣ ਦੀ,
ਅੱਤ ਗਰਮੀ ਦੇ ਮੌਸਮ ਵਿੱਚ ਵੀ ਸਰਦੀ ਵਾਗੂੰ ਠਰਦਾ ਜੋ।
ਆਪੇ ਅੱਗ ਲਗਾ ਦਿੰਦਾ ਹੈ, ਆਪੇ ਦਿੰਦਾ ਫੇਰ ਬੁਝਾ,
ਅਪਣੀਆਂ ਕਰਤੂਤਾਂ ਉਤੇ ਆਪੇ ਪਾਂਦਾ ਪਰਦਾ ਜੋ।
'ਬਾਲਮ' ਦੂਜੇ ਦੇ ਕੰਮ ਆਉਣਾ ਸੱਚਾ ਧਰਮ ਕਹਾਉਂਦਾ ਹੈ,
ਬੱਦਲ ਸ਼ੁੱਭ ਅਸੀਸਾਂ ਲੈਂਦਾ ਔੜਾਂ ਦੇ ਵਿੱਚ ਵਰ੍ਹਦਾ ਜੋ।

## ਬਦਲਦੀ ਦੁਨੀਆ ਬਦਲਦੇ ਲੋਕ

**ਦੀਪਿਕਾ ਅਰੋੜਾ**

ਅਜਬ ਦੁਨੀਆ ਦਾ ਫ਼ਲਸਫ਼ਾ ਹੋ ਗਿਆ ਹੈ,
ਕਿ ਇੰਸਾਂ 'ਚੋਂ ਇੰਸਾਂ ਜੁਦਾ ਹੋ ਗਿਆ ਹੈ।
ਮਜ਼ਹਬ ਦੇ ਨਾਂ 'ਤੇ ਮਨੁੱਖਤਾ ਦੀਆਂ ਵੰਡਿਆਂ,
ਐਸੀ ਫ਼ਿਤਰਤ 'ਤੇ ਹੈਰਾਂ ਖ਼ੁਦਾ ਹੋ ਗਿਆ ਹੈ।
ਹਰਿਕ ਥਾਂ ਫ਼ਰੇਬੀ ਦੀ ਹੋਵੇ ਹੈ ਪੁੱਛ-ਗਿੱਛ,
ਸੱਚ ਬੋਲਣਾ ਜਿਉਂ ਗੁਨਾਹ ਹੋ ਗਿਆ ਹੈ।
ਹੰਸਾਂ ਦੀ ਡਾਰਾਂ 'ਤੇ ਚੁੱਪ ਦੀ ਹੈ ਬੰਦਿਸ਼,
ਕਾਗਾਂ ਦਾ ਹੁਣ ਦਬਦਬਾ ਹੋ ਗਿਆ ਹੈ।
ਪੀੜਾਂ 'ਤੇ ਸਦਕੇ ਇਮੋਜੀ ਦਾ ਮਰਹਮ,
ਕਿ ਹੱਕ ਦੋਸਤੀ ਦਾ ਅਦਾ ਹੋ ਗਿਆ ਹੈ।
ਕਠਪੁਤਲੀ ਬਣਕੇ ਕਦੋਂ ਤਕ ਮੈਂ ਨਚਦਾ,
ਬਗ਼ਾਵਤ ਜੋ ਕੀਤੀ ਗੁਨਾਹ ਹੋ ਗਿਆ ਹੈ।
ਮੁਜ਼ਰਿਮ ਅਸਾਡਾ ਹੀ ਮੁਨਸਿਫ਼ ਹੈ ਬਣਿਆ,
ਤੇ ਚੋਰਾਂ ਦਾ ਡੱਡੂ ਗਵਾਹ ਹੋ ਗਿਆ ਹੈ।

## ਮਨਿ ਜੀਤੈ ਜਗੁ ਜੀਤੁ

**ਜਤਿੰਦਰ ਸਿੰਘ 'ਸੂਫੀ' ਪਮਾਲ**

ਕਦੇ ਮੰਦਿਰ, ਕਦੇ ਮਸਜਿਦ ਕਦੇ ਗੁਰਦੁਆਰਾ,
ਚੈਨ ਨਾ ਆਵੇ ਮਨ ਨੂੰ ਕੀ ਕਰੇ ਵਿਚਾਰਾ।
ਮਨ ਦੀ ਸ਼ਾਂਤੀ ਲਈ ਤੀਰਥ ਕਈ ਨ੍ਹਾਤੇ,
ਪਰ ਨਾ ਮਿਲਿਆ ਚਿੰਤਾਵਾਂ ਤੋਂ ਛੁਟਕਾਰਾ।
ਹਰ ਥਾਂ ਗੋਲਕਾਂ ਖਾਤਰ ਲੜਾਈਆਂ,
ਧਰਮਾਂ ਦੇ ਨਾ 'ਤੇ ਹੋਵੇ ਬਟਵਾਰਾ।
ਸੱਚ ਜਾਣੋ ਹੈ ਘਰ ਵਿੱਚ ਤੀਰਥ,
ਰਹੇ ਹਸਦਾ-ਵਸਦਾ ਜੇ ਟੱਬਰ ਸਾਰਾ।
ਪੱਕਾ ਵੇਖ ਨਾ ਢਾਹਿਓ ਕੱਚਾ,
ਕਰੋ ਚਾਦਰ ਵੇਖ ਕੇ ਪੈਰ ਪਸਾਰਾ।
ਸਬਰ, ਸੰਤੋਖ, ਸਾਦਗੀ, ਸੰਜਮ,
ਅਸਲ ਜ਼ਿੰਦਗੀ ਦਾ ਅਸਲ ਨਜ਼ਾਰਾ।
ਲਾਲਚ ਦੇ ਚੱਕਰ ਵਿੱਚ ਨਾ ਫਸਿਓ,
ਅੰਤ ਨੂੰ ਛੱਡਣਾ ਖਾਲੀ ਹੱਥ ਸਾਰਾ।
ਕਿਰਤੀਆਂ, ਕਾਮਿਆਂ ਨੂੰ ਗਲ ਲਾਇਓ
ਮਲਕ ਭਾਗੋ ਦਾ ਛੱਡ ਭੰਡਾਰਾ।
ਲੋਟੂ ਲੀਡਰਾਂ 'ਤੇ ਇਤਬਾਰ ਨਾ ਕਰਿਓ,
ਦੋ ਮਿੰਟਾਂ ਵਿੱਚ ਕਰਨ ਪੱਗ ਦਾ ਬਟਵਾਰਾ।
ਕਿਰਤ ਕਰੋ, ਨਾਮ ਜਪੋ, ਵੰਡ ਛੱਕੋ,
ਹੈ ਸਭ ਸਿਧਾਂਤਾਂ ਤੋਂ ਸਿਧਾਂਤ ਨਿਆਰਾ।

## ਕਵਿਤਾ

**ਸੰਤਵੀਰ**

ਆ ਵੇ ਸੱਜਣਾ ਰਲ-ਮਿਲ ਪਾਈਏ,
ਜ਼ਿੰਦਗੀ ਦੀ ਕੋਈ ਬਾਤ,
ਰੋਸਿਆਂ ਵਿੱਚ ਨਾ ਲੰਘ ਜਾਵੇ ਕਿਤੇ,
ਸੁੰਦਰ ਇਹ ਪ੍ਰਭਾਤ।
ਜੀਵਨ ਰੂਪੀ ਕੱਤਣੀ ਉੱਤੇ,
ਤੰਦ ਪਿਆਰ ਦੀ ਪਾਈਏ,
ਹੱਸੀਏ ਖੇਡੀਏ ਨੱਚੀਏ ਟੱਪੀਏ,
ਇਸ ਜੱਗ ਨੂੰ ਰੁਸ਼ਨਾਈਏ।
ਚੜ੍ਹਦੇ-ਢਲ਼ਦੇ
ਇਹ ਪਰਛਾਵੇਂ,
ਦਿਲ ਕਿਉਂ ਛੋਟਾ ਕਰੀਏ,
ਮੌਤ ਆਉਂਦੀ ਏ ਜੰਮ-ਜੰਮ ਆਵੇ
ਬਿਨ ਮੌਤੋਂ ਕਿਉਂ ਮਰੀਏ।
ਫ਼ਿਰਕੂ ਸੋਚ ਦਾ ਤਾਣਾ ਬੁਣ ਕੇ,
ਮਸਲਾ ਨਾ ਉਲਝਾਈਏ,
ਬਹੁਤ ਗੁਆ ਚੁੱਕੇ ਹਾਂ
ਹੁਣ ਤੇ ਹੋਰ ਨਾ ਲਾਂਬੂ ਲਾਈਏ।

## ਰੁੱਖ ਤੇ ਪਾਣੀ

**ਗੁਰਤੇਜ ਸਿੰਘ**



ਕਿੱਥੋਂ ਠੰਢੀਆਂ ਛਾਵਾਂ ਲੱਭਦਾ
ਕਿੱਥੋਂ ਲੱਭੇ ਪਾਣੀ
ਵਿੱਚ ਲਾਲਚ ਦੇ ਸਾਰੇ ਵੱਢ 'ਤੇ
ਸਮਝੀ ਨਹੀਂ ਕਹਾਣੀ
ਵਰਤ-ਵਰਤ ਕੇ ਨਵੀਆਂ ਜੁਗਤਾਂ
ਡੂੰਘੀਆਂ ਖੱਡਾਂ ਪੱਟੇ
ਇੱਕ ਦਿਨ ਐਸਾ ਆ ਜਾਣਾ ਏ
ਹੱਥ ਰਹਿਣੇ ਨੇ ਵੱਟੇ।
ਮੁੱਲ ਬਾਜ਼ਾਰੋਂ ਲੈ ਨੀ ਹੋਣਾ
ਇਹੋ ਸੱਚ ਪਛਾਣੀਂ
ਕਿੱਥੋਂ ਠੰਢੀਆਂ ਛਾਵਾਂ ਲੱਭਦਾ
ਕਿੱਥੋਂ ਲੱਭੇ ਪਾਣੀ।
ਸਾਹ ਨਾ ਸੌਖਾ ਆਉਂਦਾ ਕਿੱਧਰੇ
ਤਪਦੀ ਧਰਤੀ ਲੂਹੇ
ਲੰਬੀ ਧੂਏਂ ਦੀ ਇੱਕ ਚਾਦਰ
ਅਸਮਾਨਾਂ ਨੂੰ ਛੂਹੇ।
ਤਣੇ, ਟਾਹਣੀਆ, ਪੱਤੇ ਸੜ ਗਏ
ਸੜ ਗਏ ਨੇ ਕਈ ਹਾਣੀ
ਕਿੱਥੋਂ ਠੰਢੀਆਂ ਛਾਵਾਂ ਲੱਭਦਾ
ਕਿੱਥੋਂ ਲੱਭੇ ਪਾਣੀ।
ਬਿਨ ਮਤਲਬੋਂ ਡੋਲ੍ਹੀਂ ਜਾਵੇਂ
ਕਦਰ ਕਿਉਂ ਨਹੀਂ ਕਰਦੇ
ਪੁੱਛੋ ਓਹਨਾਂ ਕੋਲੋਂ ਕੀਮਤ
ਜੋ ਕੋਹਾਂ ਤੋਂ ਭਰਦੇ।
ਪਾਣੀ ਬਾਝ ਨਾ ਕਦੇ ਵੀ ਉਪਜੇ
ਪੌਦਾ ਅਤੇ ਪ੍ਰਾਣੀ
ਕਿੱਥੋਂ ਠੰਢੀਆਂ ਛਾਵਾਂ ਲੱਭਦਾ
ਕਿੱਥੋਂ ਲੱਭੇ ਪਾਣੀ।
ਹਾਲੇ ਵੀ ਕੁਝ ਨਾ ਵਿਗੜਿਆ
ਅਕਲਾਂ ਨੂੰ ਹੱਥ ਮਾਰ
ਕੁਦਰਤ ਨੇ ਸੌਗਾਤਾਂ ਦਿੱਤੀਆਂ
ਇਹਨਾਂ ਨੂੰ ਸੰਭਾਲ।
'ਤੇਜਿਆ' ਮਤਲਬ ਨਹੀਓਂ ਚੰਗਾ
ਛੱਡ ਕਰਨੀ ਮਨਮਾਨੀ
ਕਿੱਥੋਂ ਠੰਢੀਆਂ ਛਾਵਾਂ ਲੱਭਦਾ
ਕਿੱਥੋਂ ਲੱਭੇ ਪਾਣੀ।



# ਏਸ਼ਿਅਨ ਖੇਡਾਂ ’ਚ ਭਾਰਤੀ ਮਹਿਲਾ ਕ੍ਰਿਕਟ ਟੀਮ ਨੇ ਜਿੱਤਿਆ ਸੋਨ ਤਗਮਾ

## ਫਾਈਨਲ ਵਿੱਚ ਹਰਮਨਪ੍ਰੀਤ ਕੌਰ ਦੀ ਅਗਵਾਈ ਵਾਲੀ ਟੀਮ ਨੇ ਸ੍ਰੀਲੰਕਾ ਨੂੰ 147 ਦੌੜਾਂ ਦੇ ਵੱਡੇ ਫ਼ਰਕ ਨਾਲ ਹਰਾਇਆ



ਨਿਸ਼ਿਨ (ਜਪਾਨ)/ਏ.ਟੀ.ਨਿਊਜ਼: ਭਾਰਤੀ ਮਹਿਲਾ ਕ੍ਰਿਕਟ ਟੀਮ ਨੇ ਏਸ਼ਿਆਈ ਖੇਡਾਂ ਵਿੱਚ ਆਪਣੀ ਬਾਦਸ਼ਾਹਤ ਕਾਇਮ ਰੱਖਦਿਆਂ ਲਗਾਤਾਰ ਦੂਜੀ ਵਾਰ ਸੋਨ ਤਗਮਾ ਜਿੱਤਿਆ ਹੈ। ਫਾਈਨਲ ਵਿੱਚ ਹਰਮਨਪ੍ਰੀਤ ਕੌਰ ਦੀ ਅਗਵਾਈ ਵਾਲੀ ਟੀਮ ਨੇ ਸ੍ਰੀਲੰਕਾ ਨੂੰ 147 ਦੌੜਾਂ ਦੇ ਵੱਡੇ ਫ਼ਰਕ ਨਾਲ ਕਰਾਰੀ ਮਾਤ ਦਿੱਤੀ। ਇਸ ਵਾਰ ਦੀਆਂ ਖੇਡਾਂ ਵਿੱਚ ਭਾਰਤ ਦਾ ਇਹ ਪਹਿਲਾ ਸੋਨ ਤਗਮਾ ਹੈ। ਇਸ ਤੋਂ ਪਹਿਲਾਂ ਪਾਕਿਸਤਾਨ ਨੇ ਬੰਗਲਾਦੇਸ਼ ਨੂੰ 31 ਦੌੜਾਂ ਨਾਲ ਹਰਾ ਕੇ ਕਾਂਸੇ ਦਾ ਤਗ਼ਮਾ ਹਾਸਲ ਕੀਤਾ।

ਟਾਸ ਜਿੱਤ ਕੇ ਪਹਿਲਾਂ ਬੱਲੇਬਾਜ਼ੀ ਕਰਦਿਆਂ ਭਾਰਤੀ ਟੀਮ ਨੇ ਤਿੰਨ ਵਿਕਟਾਂ ’ਤੇ 216 ਦੌੜਾਂ ਦਾ ਵੱਡਾ ਸਕੋਰ ਬਣਾਇਆ, ਜੋ ਏਸ਼ਿਆਈ ਖੇਡਾਂ ਦੇ ਇਤਿਹਾਸ ਦਾ ਸਭ ਤੋਂ ਵੱਡਾ ਸਕੋਰ ਹੈ। ਪਾਰੀ ਦੀ ਸ਼ੁਰੂਆਤ ਵਿੱਚ ਸਮ੍ਰਿਤੀ ਮੰਧਾਨਾ ਅਤੇ ਸ਼ੈਫਾਲੀ ਵਰਮਾ ਨੇ ਸ਼ਾਨਦਾਰ ਬੱਲੇਬਾਜ਼ੀ ਕਰਦਿਆਂ ਪਹਿਲੇ ਛੇ ਓਵਰਾਂ ਵਿੱਚ ਹੀ 59 ਦੌੜਾਂ ਜੋੜ ਦਿੱਤੀਆਂ। ਮੰਧਾਨਾ ਨੇ 45 ਗੇਂਦਾਂ ਵਿੱਚ 79 ਦੌੜਾਂ ਬਣਾਈਆਂ, ਸ਼ੈਫਾਲੀ 48 ਦੌੜਾਂ ਬਣਾ ਕੇ ਆਊਟ ਹੋਈ। ਆਖਰੀ ਓਵਰਾਂ ਵਿੱਚ ਰਿਚਾ ਘੋਸ਼ ਨੇ ਹਮਲਾਵਰ ਪਾਰੀ ਖੇਡਦਿਆਂ ਮਹਿਜ਼ 22 ਗੇਂਦਾਂ ਵਿੱਚ 49 ਦੌੜਾਂ ਦੀ ਨਾਬਾਦ ਪਾਰੀ ਖੇਡੀ। ਵੱਡੇ ਟੀਚੇ ਦਾ ਪਿੱਛਾ ਕਰਨ ਉੱਤਰੀ ਸ੍ਰੀਲੰਕਾ ਦੀ ਟੀਮ ਭਾਰਤੀ ਗੇਂਦਬਾਜ਼ਾਂ ਅੱਗੇ ਟਿਕ ਨਾ ਸਕੀ ਅਤੇ 15.4 ਓਵਰਾਂ ਵਿੱਚ ਮਹਿਜ਼ 69 ਦੌੜਾਂ ਉੱਤੇ ਢੇਰ ਹੋ ਗਈ। ਖ਼ਿਤਾਬ ਜਿੱਤਣ ਮਗਰੋਂ ਕਪਤਾਨ ਹਰਮਨਪ੍ਰੀਤ ਨੇ ਕਿਹਾ ਕਿ ਟੀਮ ਨੇ ਦੇਸ਼ ਲਈ ਸੋਨ ਤਗਮਿਆਂ ਦਾ ਖਾਤਾ ਖੋਲ੍ਹ ਕੇ ਆਪਣਾ ਟੀਚਾ ਪੂਰਾ ਕਰ ਲਿਆ ਹੈ। ਉਨ੍ਹਾਂ ਆਸ ਪ੍ਰਗਟਾਈ ਕਿ ਹੋਰ ਭਾਰਤੀ ਖਿਡਾਰੀ ਵੀ ਸੋਨਾ ਜਿੱਤਣਗੇ। ਜਪਾਨ ਵਿੱਚ ਮੈਦਾਨ ਦੇ ਪ੍ਰਬੰਧਾਂ ਬਾਰੇ ਉਨ੍ਹਾਂ ਕਿਹਾ ਕਿ ਇੱਥੋਂ ਦੀ ਹਾਈਬ੍ਰਿਡ ਪਿੱਚ ਬਹੁਤ ਵਧੀਆ ਨਿਕਲੀ, ਜਿਸ ਨੇ ਬੱਲੇਬਾਜ਼ਾਂ ਤੇ ਗੇਂਦਬਾਜ਼ਾਂ ਦੋਵਾਂ ਦੀ ਮਦਦ ਕੀਤੀ ਅਤੇ ਕਿਸੇ ਖਿਡਾਰੀ ਨੂੰ ਕੋਈ ਸੱਟ ਵੀ ਨਹੀਂ ਲੱਗੀ।

### ਏਸ਼ਿਅਨ ਖੇਡਾਂ ’ਚ ਇਤਿਹਾਸ ਰਚਦਿਆਂ ਮੀਰਾਬਾਈ ਚਾਨੂ ਨੇ ਵੇਟਲਿਫਟਿੰਗ ’ਚ ਜਿੱਤਿਆ ਚਾਂਦੀ ਦਾ ਤਗਮਾ




ਜਾਪਾਨ/ਏ.ਟੀ.ਨਿਊਜ਼: ਭਾਰਤ ਨੇ 28 ਸਾਲਾਂ ਬਾਅਦ ਏਸ਼ਿਅਨ ਖੇਡਾਂ ਵਿੱਚ ਵੇਟਲਿਫਟਿੰਗ ’ਚ ਮੈਡਲ ਜਿੱਤਿਆ ਹੈ। ਇਹ ਮੈਡਲ ਮੀਰਾਬਾਈ ਚਾਨੂ ਨੇ ਜਿੱਤਿਆ। ਕਰਨਮ ਮੱਲੇਸ਼ਵਰੀ ਨੇ 1998 ਵਿੱਚ ਚਾਂਦੀ ਦਾ ਤਗਮਾ ਜਿੱਤਿਆ ਸੀ। ਮੀਰਾਬਾਈ ਔਰਤਾਂ ਦੇ 49 ਕਿਲੋਗ੍ਰਾਮ ਭਾਰ ਵਰਗ ਵਿਚ 198 ਕਿਲੋਗ੍ਰਾਮ ਭਾਰ ਚੁੱਕ ਕੇ ਦੂਜੇ ਸਥਾਨ ’ਤੇ ਰਹੀ। ਉਸ ਨੇ ਸਨੈਚ ਵਿੱਚ 87 ਕਿਲੋਗ੍ਰਾਮ ਅਤੇ ਕਲੀਨ ਐਂਡ ਜਰਕ ਵਿੱਚ 111 ਕਿਲੋਗ੍ਰਾਮ ਭਾਰ ਚੁੱਕਿਆ।

ਇਹ 32 ਸਾਲਾ ਮੀਰਾਬਾਈ ਦਾ ਪਹਿਲਾ ਏਸ਼ਿਅਨ ਖੇਡਾਂ ਦਾ ਮੈਡਲ ਹੈ। ਉਸ ਨੇ ਉਲੰਪਿਕ ਖੇਡਾਂ, ਰਾਸ਼ਟਰਮੰਡਲ ਖੇਡਾਂ ਅਤੇ ਵਿਸ਼ਵ ਚੈਂਪੀਅਨਸ਼ਿਪ ਵਰਗੇ ਵੱਡੇ ਮੁਕਾਬਲਿਆਂ ਵਿੱਚ ਮੈਡਲ ਜਿੱਤੇ ਹਨ।

### ਪੰਜਾਬ ਸਰਕਾਰ ਵੱਲੋਂ ਹਰਮਨਪ੍ਰੀਤ ਕੌਰ ਨੂੰ ਇੱਕ ਕਰੋੜ ਰੁਪਏ ਦੇਣ ਦਾ ਐਲਾਨ



ਚੰਡੀਗੜ੍ਹ/ਏ.ਟੀ.ਨਿਊਜ਼: ਏਸ਼ਿਆਈ ਖੇਡਾਂ ਵਿੱਚ ਭਾਰਤੀ ਮਹਿਲਾ ਕ੍ਰਿਕਟ ਟੀਮ ਵੱਲੋਂ ਸੋਨ ਤਗਮਾ ਜਿੱਤਣ ’ਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਟੀਮ ਨੂੰ ਵਧਾਈ ਦਿੱਤੀ ਹੈ। ਉਨ੍ਹਾਂ ਕਿਹਾ ਕਿ ਭਾਰਤੀ ਮਹਿਲਾ ਕ੍ਰਿਕਟ ਟੀਮ ਨੇ ਸੋਨ ਤਗਮਾ ਜਿੱਤ ਕੇ ਪੰਜਾਬ ਅਤੇ ਪੂਰੇ ਦੇਸ਼ ਦਾ ਮਾਣ ਵਧਾਇਆ ਹੈ। ਮੁੱਖ ਮੰਤਰੀ ਨੇ ਕਿਹਾ ਕਿ ਸਾਨੂੰ ਸਾਰਿਆਂ ਨੂੰ ਪੰਜਾਬ ਦੀ ਧੀ ਅਤੇ ਭਾਰਤੀ ਟੀਮ ਦੀ ਕਪਤਾਨ ਹਰਮਨਪ੍ਰੀਤ ਕੌਰ ’ਤੇ ਬੇਹੱਦ ਮਾਣ ਹੈ।

ਭਗਵੰਤ ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਦੀ ਖੇਡ ਨੀਤੀ ਤਹਿਤ ਹਰਮਨਪ੍ਰੀਤ ਕੌਰ ਨੂੰ 1 ਕਰੋੜ ਰੁਪਏ ਦੇ ਨਕਦ ਇਨਾਮ ਨਾਲ ਸਨਮਾਨਿਤ ਕੀਤਾ ਜਾਵੇਗਾ। ਉਨ੍ਹਾਂ ਨੇ ਕਪਤਾਨ ਹਰਮਨਪ੍ਰੀਤ ਕੌਰ ਅਤੇ ਪੂਰੀ ਭਾਰਤੀ ਮਹਿਲਾ ਕ੍ਰਿਕਟ ਟੀਮ ਨੂੰ ਇਸ ਸ਼ਾਨਦਾਰ ਪ੍ਰਾਪਤੀ ਲਈ ਦਿਲੋਂ ਵਧਾਈ ਦਿੱਤੀ।

ਭਾਰਤੀ ਟੀਮ ਨੇ ਏਸ਼ਿਆਈ ਖੇਡਾਂ ਦੇ ਮਹਿਲਾ ਟੀ-20 ਕ੍ਰਿਕਟ ਦੇ ਫਾਈਨਲ ਵਿੱਚ ਸ੍ਰੀਲੰਕਾ ਨੂੰ 147 ਦੌੜਾਂ ਨਾਲ ਹਰਾ ਕੇ ਸੋਨ ਤਮਗਾ ਆਪਣੇ ਨਾਂਅ ਕੀਤਾ। ਭਾਰਤ ਨੇ ਪਹਿਲਾਂ ਬੱਲੇਬਾਜ਼ੀ ਕਰਦਿਆਂ 20 ਓਵਰਾਂ ਵਿੱਚ 3 ਵਿਕਟਾਂ ਗੁਆ ਕੇ 216 ਦੌੜਾਂ ਬਣਾਈਆਂ। ਸਮ੍ਰਿਤੀ ਮੰਧਾਨਾ ਨੇ 79 ਦੌੜਾਂ ਦੀ ਸ਼ਾਨਦਾਰ ਪਾਰੀ ਖੇਡੀ, ਜਦਕਿ ਸ਼ੈਫਾਲੀ ਵਰਮਾ ਨੇ 48 ਦੌੜਾਂ ਬਣਾਈਆਂ। ਰਿਚਾ ਘੋਸ਼ ਨੇ ਵੀ ਸਿਰਫ਼ 22 ਗੇਂਦਾਂ ਵਿੱਚ ਨਾਬਾਦ 49 ਦੌੜਾਂ ਦੀ ਧਮਾਕੇਦਾਰ ਪਾਰੀ ਖੇਡੀ।

ਭਾਰਤ ਵੱਲੋਂ ਦਿੱਤੇ 217 ਦੌੜਾਂ ਦੇ ਟੀਚੇ ਦਾ ਪਿੱਛਾ ਕਰਦਿਆਂ ਸ੍ਰੀਲੰਕਾ ਦੀ ਪੂਰੀ ਟੀਮ 15.4 ਓਵਰਾਂ ਵਿੱਚ ਸਿਰਫ਼ 69 ਦੌੜਾਂ ’ਤੇ ਆਊਟ ਹੋ ਗਈ। ਦੀਪਤੀ ਸ਼ਰਮਾ ਨੇ ਸ਼ਾਨਦਾਰ ਗੇਂਦਬਾਜ਼ੀ ਕਰਦਿਆਂ 4 ਓਵਰਾਂ ਵਿੱਚ ਸਿਰਫ਼ 6 ਦੌੜਾਂ ਦੇ ਕੇ 3 ਵਿਕਟਾਂ ਹਾਸਲ ਕੀਤੀਆਂ। ਸ਼ੈਫਾਲੀ ਵਰਮਾ, ਸ਼੍ਰੇਯੰਕਾ ਪਾਟਿਲ ਅਤੇ ਹੋਰ ਗੇਂਦਬਾਜ਼ਾਂ ਨੇ ਵੀ ਸ੍ਰੀਲੰਕਾ ਦੇ ਬੱਲੇਬਾਜ਼ਾਂ ਨੂੰ ਟਿਕਣ ਦਾ ਮੌਕਾ ਨਹੀਂ ਦਿੱਤਾ।

ਇਸ ਜਿੱਤ ਨਾਲ ਭਾਰਤ ਨੇ ਏਸ਼ਿਆਈ ਖੇਡਾਂ ਵਿੱਚ ਮਹਿਲਾ ਕ੍ਰਿਕਟ ਦਾ ਲਗਾਤਾਰ ਦੂਜਾ ਸੋਨ ਤਗਮਾ ਜਿੱਤਿਆ ਹੈ। ਭਾਰਤੀ ਟੀਮ ਨੇ ਇਸ ਤੋਂ ਪਹਿਲਾਂ 2023 ਵਿੱਚ ਹਾਂਗਜ਼ੂ ਏਸ਼ਿਆਈ ਖੇਡਾਂ ਵਿੱਚ ਵੀ ਸੋਨ ਤਗਮਾ ਜਿੱਤਿਆ ਸੀ। 2026 ਦੀਆਂ ਏਸ਼ਿਆਈ ਖੇਡਾਂ ਲਈ ਵੀ ਹਰਮਨਪ੍ਰੀਤ ਕੌਰ ਨੂੰ ਭਾਰਤੀ ਮਹਿਲਾ ਟੀਮ ਦੀ ਕਪਤਾਨ ਬਣਾਇਆ ਗਿਆ ਸੀ।

(ਬਾਕੀ ਸਫ਼ਾ 26 ’ਤੇ)

# ਸਮੇਂ ਦੇ ਨਾਲ ਬਦਲਦਾ ਰਿਹੈ ਹਾਕੀ ਸਟਿੱਕਾਂ ਦਾ ਰੂਪ

## ਲੱਕੜ ਤੋਂ ਕਾਰਬਨ ਫਾਈਬਰ ਤੱਕ ਹੋਇਆ ਲਗਾਤਾਰ ਵਿਕਾਸ

ਕੁਝ ਹਫ਼ਤੇ ਪਹਿਲਾਂ, ਭਾਰਤ ਦੇ ਚੋਟੀ ਦੇ ਡਰੈਗ-ਫਲਿਕਰ ਜੁਗਰਾਜ ਸਿੰਘ ਨੇ ਆਪਣੀ ਹਾਕੀ ਸਟਿੱਕ ਬਣਾਉਣ ਵਾਲੀ ਕੰਪਨੀ ਕੋਲ ਇੱਕ ਖਾਸ ਮੰਗ ਰੱਖੀ ਸੀ। ਉਹ ਆਪਣੀ ਸਟਿੱਕ ’ਤੇ ਪੇਂਟ ਜਾਂ ਪ੍ਰਾਈਮਰ ਦੀ ਇੱਕ ਹੋਰ ਪਰਤ ਚੜ੍ਹਾਉਣਾ ਚਾਹੁੰਦੇ ਸਨ, ਖਾਸ ਕਰਕੇ ਉਸ ਹਿੱਸੇ ’ਤੇ ਜਿੱਥੋਂ ਉਹ ਪੈਨਲਟੀ ਕਾਰਨਰ ਦੌਰਾਨ ਗੇਂਦ ਨੂੰ ‘ਡਰੈਗ’ (ਖਿੱਚ) ਕਰਦੇ ਹਨ।

ਇਹ ਉਨ੍ਹਾਂ ਹਾਲੀਆ ਬਦਲਾਅ ਵਿੱਚੋਂ ਇੱਕ ਹੈ ਜੋ ਹਾਕੀ ਸਟਿੱਕਾਂ ਵਿੱਚ ਲੱਕੜ ਤੋਂ ਕਾਰਬਨ ਫਾਈਬਰ ਤੱਕ ਦੇ ਲਗਾਤਾਰ ਵਿਕਾਸ ਦੌਰਾਨ ਦੇਖਣ ਨੂੰ ਮਿਲੇ ਹਨ।

‘ਅਲਫਾ’ ਬ੍ਰਾਂਡ ਦੇ ਮਾਲਕ ਅਤੇ ਦੂਜੀ ਪੀੜ੍ਹੀ ਦੇ ਹਾਕੀ ਸਟਿੱਕ ਨਿਰਮਾਤਾ ਜਿਤਿਨ ਮਹਾਜਨ ਨੇ ਕਿਹਾ, ‘ਜੁਗਰਾਜ ਨੇ ਸਾਨੂੰ ਆਪਣੀ ਸਟਿੱਕ ’ਤੇ ਪੇਂਟ ਦੀ ਇੱਕ ਪਰਤ ਜੋੜਨ ਲਈ ਕਿਹਾ ਸੀ। ਇਹ ਕੁਝ ਅਜਿਹਾ ਨਵਾਂ ਹੈ ਜੋ ਦੁਨੀਆ ਭਰ ਦੇ ਡਰੈਗ-ਫਲਿਕਰ ਕਰ ਰਹੇ ਹਨ।’



ਇਸ ਬਦਲਾਅ ਬਾਰੇ ਦੱਸਦਿਆਂ, ਹਾਕੀ ਕੋਚ ਸਿਧਾਰਥ ਪਾਂਡੇ ਨੇ ਕਿਹਾ, ‘ਜਦੋਂ ਸਟਿੱਕ ਨਿਰਮਾਣ ਯੂਨਿਟ ਤੋਂ ਬਾਹਰ ਆਉਂਦੀ ਹੈ, ਤਾਂ ਇਸ ਦੀ ਸਤ੍ਹਾ ਬਹੁਤ ਮੁਲਾਇਮ ਹੁੰਦੀ ਹੈ ਅਤੇ ਇਸ ’ਤੇ ਕੋਈ ਕੰਟਰੋਲ ਨਹੀਂ ਹੁੰਦਾ। ਚਿੱਟਾ ਪੇਂਟ ਸਟਿੱਕ ਅਤੇ ਗੇਂਦ ਵਿਚਕਾਰ ਰਗੜ ਦੀ ਇੱਕ ਪਰਤ ਬਣਾਉਂਦਾ ਹੈ। ਇਸ ਨਾਲ ਡਰੈਗ-ਫਲਿਕ ਕਰਨ ਲਈ ਸਟਿੱਕ ਦੀ ਗੇਂਦ ’ਤੇ ਪਕੜ ਬਹੁਤ ਵਧੀਆ ਬਣ ਜਾਂਦੀ ਹੈ।

ਲੱਕੜ ਦੇ ਜ਼ਮਾਨੇ ਤੋਂ ਲੈ ਕੇ ਅਜੋਕੇ ਕਾਰਬਨ ਫਾਈਬਰ ਤੱਕ, ਹਾਕੀ ਸਟਿੱਕਾਂ ਨੂੰ ਖੇਡ ਦੇ ਜਾਦੂਗਰਾਂ ਦੁਆਰਾ ਅਕਸਰ ਜਾਦੂਈ ਛੜੀ ਵਜੋਂ ਵਰਤਿਆ ਗਿਆ ਹੈ, ਜਿੱਥੇ ਮਹਾਨ ਖਿਡਾਰੀ ਅਕਸਰ ਆਪਣੇ ਔਜ਼ਾਰ ਨੂੰ ਆਪਣੀਆਂ ਖਾਸ ਲੋੜਾਂ ਅਨੁਸਾਰ ਤਿਆਰ ਕਰਵਾਉਂਦੇ ਹਨ।

ਹਾਕੀ ਦੀਆਂ ਕਹਾਣੀਆਂ ਵਿੱਚ ਇਹ ਗੱਲ ਸ਼ਾਮਲ ਹੈ ਕਿ ਧਿਆਨ ਚੰਦ ਦੇ ਸ਼ਾਨਦਾਰ ਡ੍ਰਿਬਲਿੰਗ ਹੁਨਰ ਕਾਰਨ ਅਜਿਹੀਆਂ ਅਫਵਾਹਾਂ ਉੱਠੀਆਂ ਸਨ ਕਿ ਉਨ੍ਹਾਂ ਦੀ ਸਟਿੱਕ ਵਿੱਚ ਚੁੰਬਕ ਲੱਗਾ ਹੋਇਆ ਸੀ ਜੋ ਗੇਂਦ ’ਤੇ ਕਾਬੂ ਪਾਉਣ ਵਿੱਚ ਉਨ੍ਹਾਂ ਦੀ ਮਦਦ ਕਰਦਾ ਸੀ।

ਹਾਕੀ ਸਟਿੱਕਾਂ ਨੂੰ ਵਰਤੋਂਕਾਰਾਂ ਦੀਆਂ ਖਾਸ ਲੋੜਾਂ ਮੁਤਾਬਕ ਲਗਾਤਾਰ ਬਦਲਿਆ ਜਾਂਦਾ ਹੈ। ਮਹਾਜਨ ਨੇ ਕਿਹਾ, ‘ਵੱਖਰੀ ਸਟਿੱਕ, ਵੱਖਰੀਆਂ ਵਿਸ਼ੇਸ਼ਤਾਵਾਂ। ਜਿਵੇਂ-ਜਿਵੇਂ ਖੇਡ ਸਮੇਂ ਦੇ ਨਾਲ ਬਦਲੀ ਹੈ, ਹਾਕੀ ਸਟਿੱਕਾਂ ਵੀ ਖਿਡਾਰੀਆਂ ਦੀਆਂ ਲੋੜਾਂ ਅਨੁਸਾਰ ਵਿਕਸਤ ਹੋਈਆਂ ਹਨ।’

ਮਹਾਜਨ ਨੇ ਕਿਹਾ, ‘ਭਾਰਤੀ ਰਾਸ਼ਟਰੀ ਟੀਮ ਵਿੱਚ ਲਗਭਗ ਹਰ ਕੋਈ ਸਾਡੀਆਂ ਸਟਿੱਕਾਂ ਨਾਲ ਖੇਡਦਾ ਹੈ। ਪਰ ਅਸੀਂ ਪੂਰੀ ਟੀਮ ਲਈ ਇੱਕੋ ਵਾਰ ਵਿੱਚ ਸਟਿੱਕਾਂ ਨਹੀਂ ਬਣਾ ਸਕਦੇ। ਹਰ ਸਟਿੱਕ ਨੂੰ ਤਿਆਰ ਕਰਨ ਵਿੱਚ ਸਮਾਂ ਲੱਗਦਾ ਹੈ ਕਿਉਂਕਿ ਖਿਡਾਰੀਆਂ ਦੀਆਂ ਖਾਸ ਲੋੜਾਂ (ਵਿਸ਼ੇਸ਼ਤਾਵਾਂ) ਹੁੰਦੀਆਂ ਹਨ। ਉਦਾਹਰਣ ਵਜੋਂ, ਫਾਰਵਰਡ ਅਭਿਸ਼ੇਕ ‘ਲੋਅ-ਬੋਅ’ ਅਤੇ ਸਟਿੱਕ ਦੇ ਹੇਠਲੇ ਹਿੱਸੇ ’ਤੇ ਵਧੇਰੇ ਭਾਰ ਦੀ ਮੰਗ ਕਰਦਾ ਹੈ ਕਿਉਂਕਿ ਇਸ ਨਾਲ ਸ਼ਾਟ ਲਗਾਉਣ ਵੇਲੇ ਵਧੇਰੇ ਤਾਕਤ ਮਿਲਦੀ ਹੈ।’

ਪਾਂਡੇ ਨੇ ਹਾਕੀ ਸਟਿੱਕ ਵਿੱਚ ਮੌਜੂਦ ਵੱਖ-ਵੱਖ ਤਰ੍ਹਾਂ ਦੇ ਮੋੜਾਂ ਬਾਰੇ ਦੱਸਿਆ।

ਉਨ੍ਹਾਂ ਕਿਹਾ, ‘ਬੋਅ’ ਅਸਲ ਵਿੱਚ ਸਟਿੱਕ ’ਤੇ ਬਣਿਆ ਮੋੜ ਹੁੰਦਾ ਹੈ। ‘ਲੋਅ-ਬੋਅ’ ਦਾ ਮਤਲਬ ਹੈ ਕਿ ਸਟਿੱਕ ਦੇ ਸਭ ਤੋਂ ਹੇਠਲੇ ਸਿਰੇ ’ਤੇ ਮੋੜ ਹੈ, ਜਿਸ ਨਾਲ ਖਿਡਾਰੀ ਹੁਨਰ, ਪਿਕ-ਅੱਪ, ਬੈਕ-ਫਲਿੱਕ ਅਤੇ ਏਰੀਅਲ (ਹਵਾ ਵਿੱਚ ਸ਼ਾਟ) ਵਰਗੀਆਂ ਚਾਲਾਂ ਚੰਗੀ ਤਰ੍ਹਾਂ ਕਰ ਸਕਦੇ ਹਨ ਅਤੇ ਵਧੇਰੇ ਤਾਕਤ ਪ੍ਰਾਪਤ ਕਰ ਸਕਦੇ ਹਨ। ਮਿਡਫੀਲਡਰਾਂ ਲਈ, ਸਟਿੱਕ ਦੇ ਵਿਚਕਾਰਲੇ ਹਿੱਸੇ ਵਿੱਚ ‘ਪ੍ਰੋ-ਬੋਅ’ ਹੁੰਦਾ ਹੈ। ਇਹ ਬਹੁਤ ਜ਼ਿਆਦਾ ਉਭਰਿਆ ਹੋਇਆ ਨਹੀਂ ਹੁੰਦਾ ਪਰ ਪਾਸ ਦੇਣ ਵੇਲੇ ਬਿਹਤਰ ਕੰਟਰੋਲ ਅਤੇ ਸਟੀਕਤਾ ਪ੍ਰਦਾਨ ਕਰਦਾ ਹੈ।




ਹਾਕੀ ਸਟਿੱਕਾਂ ਨੂੰ ਵਰਤੋਂਕਾਰਾਂ ਦੀਆਂ ਖਾਸ ਲੋੜਾਂ ਮੁਤਾਬਕ ਲਗਾਤਾਰ ਬਦਲਿਆ ਜਾਂਦਾ ਹੈ। ਮਹਾਜਨ ਨੇ ਕਿਹਾ, ‘ਭਾਰਤੀ ਡਿਫੈਂਡਰਾਂ ਨੂੰ ਅਕਸਰ ਹਵਾ ਵਿੱਚ ਆਉਂਦੀਆਂ ਗੇਂਦਾਂ (ਏਰੀਅਲ ਬਾਲਾਂ) ਨੂੰ ਸੰਭਾਲਣਾ ਪੈਂਦਾ ਹੈ ਜਾਂ ਗੇਂਦ ਨੂੰ ਉੱਪਰ ਵੱਲ ਚੁੱਕਣਾ (ਸਕੂਪ ਕਰਨਾ) ਪੈਂਦਾ ਹੈ। ਇਸ ਲਈ, ਥੋੜ੍ਹਾ ਵਾਧੂ ਮੋੜ ਉਨ੍ਹਾਂ ਨੂੰ ਗੇਂਦ ’ਤੇ ਬਿਹਤਰ ਕੰਟਰੋਲ ਕਰਨ ਵਿੱਚ ਮਦਦ ਕਰਦਾ ਹੈ। ਜਿਵੇਂ-ਜਿਵੇਂ ਸਾਲਾਂ ਦੌਰਾਨ ਨਵੇਂ ਹੁਨਰ ਵਿਕਸਤ ਹੋਏ ਹਨ, ਹਾਕੀ ਸਟਿੱਕਾਂ ਵਿੱਚ ਵੀ ਅਜਿਹੇ ਬਦਲਾਅ ਕੀਤੇ ਗਏ ਹਨ।’

**ਲੱਕੜ ਤੋਂ ਕੰਪੋਜ਼ਿਟ ਤੱਕ**

ਖੇਡਾਂ ਦੇ ਹੋਰ ਸਾਜ਼ੋ-ਸਾਮਾਨ ਵਾਂਗ, ਹਾਕੀ ਸਟਿੱਕ ਵੀ ਵਰਤੀ ਜਾਣ ਵਾਲੀ ਸਮੱਗਰੀ ਦੇ ਪੱਖੋਂ ਵਿਕਸਤ ਹੋਈ ਹੈ।

ਮਹਾਜਨ, ਜਿਨ੍ਹਾਂ ਦਾ ਬ੍ਰਾਂਡ ਹਾਕੀ ਸਟਿੱਕਾਂ ਦੇ ਘਰੇਲੂ ਬਾਜ਼ਾਰ ਵਿੱਚ ਮੋਹਰੀ ਹੈ, ਨੇ ਕਿਹਾ, ‘ਸਾਡੇ ਪਰਿਵਾਰ ਨੇ 1960 ਦੇ ਦਹਾਕੇ ਵਿੱਚ ਹਾਕੀ ਸਟਿੱਕਾਂ ਬਣਾਉਣੀਆਂ ਸ਼ੁਰੂ ਕੀਤੀਆਂ ਸਨ। ਸਮੇਂ ਦੇ ਨਾਲ-ਨਾਲ ਸਟਿੱਕ ਵਿੱਚ ਲਗਾਤਾਰ ਵਿਕਾਸ ਹੁੰਦਾ ਰਿਹਾ ਹੈ। ਅਸੀਂ ਪਹਿਲਾਂ ਲੱਕੜ ਦੀਆਂ ਸਟਿੱਕਾਂ ਬਣਾਉਂਦੇ ਸੀ ਪਰ ਇਸ ਵਿੱਚ ਬਹੁਤ ਸਮਾਂ ਲੱਗਦਾ ਸੀ। ਜਦੋਂ 2000 ਦੇ ਦਹਾਕੇ ਦੇ ਸ਼ੁਰੂ ਵਿੱਚ ਐਫ.ਆਈ.ਐੱਚ ਨੇ ਗਲਾਸ ਅਤੇ ਕਾਰਬਨ ਫਾਈਬਰ ਦੀ ਵਰਤੋਂ ਸ਼ੁਰੂ ਕੀਤੀ।’

ਜਿੱਥੇ ਭਾਰਤ ਵਿੱਚ ‘ਅਲਫ਼ਾ’ ਬਾਜ਼ਾਰ ਵਿੱਚ ਮੋਹਰੀ ਹੈ, ਉੱਥੇ ਪਾਕਿਸਤਾਨ ਦੀ ‘ਅਵਾਨ ਸਪੋਰਟਸ’ ਵਿਸ਼ਵ ਪੱਧਰੀ ਬਾਜ਼ਾਰ ’ਤੇ ਛਾਈ ਹੋਈ ਹੈ; ਇੱਥੇ ਐਡੀਦਾਸ, ਨਾਈਕੀ, ਓਸਾਕਾ ਅਤੇ ਗ੍ਰੇਜ਼ ਵਰਗੀਆਂ ਕੰਪਨੀਆਂ ਹਾਕੀ ਸਟਿੱਕਾਂ ਬਣਾਉਂਦੀਆਂ ਹਨ

(ਬਾਕੀ ਸਫ਼ਾ 27 ’ਤੇ)

# ਪੰਜਾਬੀ ਸਿਨੇਮਾ ’ਚ ਇਤਿਹਾਸ ਸਿਰਜਣ ਵਾਲੀ ਪਹਿਲੀ ਸੁਪਰਹਿੱਟ ਫਿਲਮ ‘ਲੱਛੀ’




**ਅੰਗਰੇਜ਼ ਸਿੰਘ ਵਿਰਦੀ**

ਪੰਜਾਬੀ ਫਿਲਮ ‘ਲੱਛੀ’ ਨੂੰ ਵੰਡ ਤੋਂ ਬਾਅਦ ਭਾਰਤੀ ਪੰਜਾਬੀ ਸਿਨੇਮਾ ਦੇ ਇਤਿਹਾਸ ਦੀ ਪਹਿਲੀ ਬਲਾਕਬਸਟਰ ਫਿਲਮ ਹੋਣ ਦਾ ਮਾਣ ਹਾਸਲ ਹੈ। 1949 ਵਿੱਚ ਭਾਰਤੀ ਪੰਜਾਬ ਅਤੇ ਪਾਕਿਸਤਾਨੀ ਪੰਜਾਬ ਵਿੱਚ ਇਕੱਠਿਆਂ ਫਿਲਮੀ ਪਰਦੇ ਦਾ ਸ਼ਿੰਗਾਰ ਬਣੀ ਇਸ ਕਾਮੇਡੀ-ਡਰਾਮਾ ਫਿਲਮ ਦੇ ਬਿਹਤਰੀਨ ਸੰਗੀਤ ਨੇ ਇਸ ਦੀ ਕਾਮਯਾਬੀ ਵਿੱਚ ਅਹਿਮ ਰੋਲ ਅਦਾ ਕੀਤਾ ਸੀ। ਚੜ੍ਹਦੇ ਪੰਜਾਬ ਦੇ ਪੰਜਾਬੀ ਸਿਨੇਮਾ ਨੂੰ ਮੁੜ ਤੋਂ ਪੈਰਾਂ ਸਿਰ ਕਰਨ ਵਾਲੀ ਇਸ ਫਿਲਮ ਦੀ ਕਾਮਯਾਬੀ ਨੇ ਜੋ ਇਤਿਹਾਸ ਰਚਿਆ ਉਸ ਦੇ ਚਰਚੇ ਅੱਜ ਵੀ ਹੁੰਦੇ ਹਨ। ਫਿਲਮ ‘ਲੱਛੀ’ ਵਿੱਚ ਬੌਲੀਵੁੱਡ ਦੀਆਂ ਮਸ਼ਹੂਰ ਗਾਇਕਾਵਾਂ ਲਤਾ ਮੰਗੇਸ਼ਕਰ, ਆਸ਼ਾ ਭੌਂਸਲੇ ਅਤੇ ਸ਼ਮਸ਼ਾਦ ਬੇਗ਼ਮ ਨੇ ਪਹਿਲੀ ਵਾਰ ਇਕੱਠਿਆਂ ਕਿਸੇ ਪੰਜਾਬੀ ਫਿਲਮ ਲਈ ਗੀਤ ਰਿਕਾਰਡ ਕਰਵਾਏ ਸਨ।

ਸਾਲ 1947 ਤੋਂ ਬਾਅਦ ਲਾਹੌਰ ਫਿਲਮ ਇੰਡਸਟਰੀ ਤੋਂ ਹਿਜਰਤ ਕਰਕੇ ਜਿੰਨੇ ਵੀ ਫਿਲਮੀ ਕਲਾਕਾਰ, ਤਕਨੀਸ਼ੀਅਨ ਅਤੇ ਨਿਰਮਾਤਾ ਨਿਰਦੇਸ਼ਕ ਭਾਰਤ ਆਏ ਉਹ ਸਾਰੇ ਫਿਲਮ ਨਗਰੀ ਮੁੰਬਈ ਜਾ ਵੱਸੇ। ਇਨ੍ਹਾਂ ਵਿੱਚ ਇਸ ਫਿਲਮ ਦੇ ਨਿਰਮਾਤਾ ਮੁਲਕ ਰਾਜ ਭਾਖੜੀ ਅਤੇ ਲੇਖ ਰਾਜ ਭਾਖੜੀ ਵੀ ਸ਼ਾਮਲ ਸਨ। ਉਨ੍ਹਾਂ ਨੂੰ ਭਾਰਤੀ ਸਿਨੇਮਾ ਵਿੱਚ ‘ਭਾਖੜੀ ਭਰਾ’ ਵਜੋਂ ਜਾਣਿਆ ਜਾਂਦਾ ਹੈ ਅਤੇ ਜਿਨ੍ਹਾਂ ਦਾ ਹਿੰਦੀ ਅਤੇ ਖ਼ਾਸ ਕਰਕੇ ਪੰਜਾਬੀ ਸਿਨੇਮਾ ਦੇ ਸ਼ੁਰੂਆਤੀ ਦੌਰ ਵਿੱਚ ਬਹੁਤ ਵੱਡਾ ਯੋਗਦਾਨ ਰਿਹਾ ਹੈ। ਲਾਹੌਰ ਫਿਲਮ ਇੰਡਸਟਰੀ ਤੋਂ ਜਿੰਨੇ ਵੀ ਕਲਾਕਾਰ ਮੁੰਬਈ ਫਿਲਮ ਇੰਡਸਟਰੀ ਵਿੱਚ ਆਏ ਉਨ੍ਹਾਂ ਸਾਰਿਆਂ ਨੂੰ ਫਿਲਮਾਂ ਵਿੱਚ ਕੰਮ ਲੈਣ ਲਈ ਕਾਫ਼ੀ ਜੱਦੋ ਜਹਿਦ ਕਰਨੀ ਪਈ। ਇਸ ਫਿਲਮ ਦੇ ਕਈ ਕਲਾਕਾਰ ਲਾਹੌਰ ਤੋਂ ਹਿਜਰਤ ਕਰ ਕੇ ਮੁੰਬਈ ਫਿਲਮ ਨਗਰੀ ਵਿੱਚ ਆਏ ਸਨ, ਜਿਨ੍ਹਾਂ ਵਿੱਚ ਫਿਲਮ ਦਾ ਹੀਰੋ ਵਾਸਤੀ, ਹੀਰੋਇਨ ਮਨੋਰਮਾ, ਮਜ਼ਾਹੀਆ ਅਦਾਕਾਰ ਮਜਨੂੰ ਅਤੇ ਨਾਮਵਰ ਅਦਾਕਾਰ ਓਮ ਪ੍ਰਕਾਸ਼ ਸ਼ਾਮਲ ਹਨ।

ਫਿਲਮ ਦੀ ਕਹਾਣੀ ਦੀ ਜੇਕਰ ਗੱਲ ਕੀਤੀ ਜਾਵੇ ਤਾਂ ਇਹ ਪੇਂਡੂ ਪੰਜਾਬੀ ਪਿਛੋਕੜ, ਉਨ੍ਹਾਂ ਦੇ ਰਹਿਣ ਸਹਿਣ, ਉਨ੍ਹਾਂ ਦੇ ਹਾਸੇ ਠੱਠੇ ਤੇ ਸਾਦਗੀ ਨੂੰ ਪੇਸ਼ ਕਰਦੀ ਹੈ ਜਿਸ ਵਿੱਚ ਫਿਲਮ ਦਾ ਨਾਇਕ ਭੋਲਾ (ਅਦਾਕਾਰ ਵਾਸਤੀ) ਹੈ। ਉਹ ਇੱਕ ਸਾਦਾ ਅਤੇ ਬਹੁਤ ਹੀ ਮਾਸੂਮ ਨੌਜਵਾਨ ਹੈ ਜੋ ਆਪਣੇ ਪਿਤਾ ਦੀ ਅਚਾਨਕ ਮੌਤ ਤੋਂ ਬਾਅਦ ਆਪਣੇ ਪਰਿਵਾਰ ਦੀਆਂ ਜ਼ਿੰਮੇਵਾਰੀਆਂ ਨੂੰ ਵਿਰਾਸਤ ਵਿੱਚ ਪ੍ਰਾਪਤ ਕਰਦਾ ਹੈ ਅਤੇ ਆਪਣੇ ਪਿਤਾ ਦੀ ਆਖਰੀ ਇੱਛਾ ਨੂੰ ਪੂਰਾ ਕਰਨ ਲਈ ਬਹੁਤ ਦ੍ਰਿੜ ਹੈ। ਉਸ ਦੇ ਪਿਤਾ ਦੀ ਖਾਹਿਸ਼ ਸੀ ਕਿ ਉਹ ਆਪਣੇ ਲਈ ਇੱਕ ਢੁੱਕਵੀਂ ਕੁੜੀ ਲੱਭੇ ਅਤੇ ਉਸ ਨਾਲ ਵਿਆਹ ਕਰਵਾ ਕੇ ਆਪਣੇ ਗ੍ਰਹਿਸਤੀ ਜੀਵਨ ਨੂੰ ਅੱਗੇ ਤੋਰੇ, ਪਰ ਭੋਲੇ ਦੀ ਸਾਦਗੀ ਉਸ ਦੇ ਵਿਆਹ ਵਿੱਚ ਅੜਚਣ ਪਾਉਂਦੀ ਹੈ। ਭੋਲੇ ਦਾ ਇੱਕ ਜਿਗਰੀ ਯਾਰ ਮੱਖਣ (ਅਦਾਕਾਰ ਮਜਨੂੰ) ਹੈ ਜੋ ਉਸ ਨੂੰ ਉਸ ਦੀ ਵਹੁਟੀ ਲੱਭਣ ਵਿੱਚ ਮਦਦ ਕਰਨ ਲਈ ਅੱਗੇ ਆਉਂਦਾ ਹੈ। ਦੋਵੇਂ ਦੋਸਤ ਕੁੜੀ ਦੀ ਭਾਲ ਵਿੱਚ ਇੱਕ ਪਿੰਡ ਵਿੱਚ ਪਹੁੰਚ ਜਾਂਦੇ ਹਨ ਜਿੱਥੇ ਉਨ੍ਹਾਂ ਦਾ ਸਾਹਮਣਾ ਇੱਕ ਸੋਹਣੀ ਸੁਨੱਖੀ, ਮਨਮੋਹਕ ਅਤੇ ਜੋਸ਼ੀਲੀ ਕੁੜੀ ਲੱਛੀ (ਅਦਾਕਾਰਾ ਮਨੋਰਮਾ) ਨਾਲ ਹੁੰਦਾ ਹੈ ਜਿਸ ਨਾਲ ਪਹਿਲਾਂ ਤਾਂ ਭੋਲੇ ਦੀ ਨੋਕ ਝੋਕ ਹੁੰਦੀ ਹੈ, ਪਰ ਬਾਅਦ ਵਿੱਚ ਦੋਵਾਂ ਨੂੰ ਇੱਕ ਦੂਜੇ ਨਾਲ ਪਿਆਰ ਹੋ ਜਾਂਦਾ ਹੈ। ਫਿਲਮ ਵਿੱਚ ਬਹੁਤ ਸਾਰੀ ਕਾਮੇਡੀ ਹੈ। ਘਟਨਾਵਾਂ ਤੇਜ਼ੀ ਨਾਲ ਵਾਪਰਦੀਆਂ ਹਨ, ਬਹੁਤ ਸਾਰਾ ਰੁਮਾਂਸ, ਗ਼ਲਤਫਹਿਮੀਆਂ, ਪਰਿਵਾਰਕ ਨਾਟਕ ਅਤੇ ਰਵਾਇਤੀ ਸਮਾਜਿਕ ਰੁਕਾਵਟਾਂ ਤੋਂ ਬਾਅਦ ਅਖੀਰ ਨਾਇਕ ਭੋਲੇ ਅਤੇ ਨਾਇਕਾ ਲੱਛੀ ਦੇ ਮਿਲਾਪ ਨਾਲ ਫਿਲਮ ਸਮਾਪਤ ਹੋ ਜਾਂਦੀ ਹੈ।

ਕੁਲਦੀਪ ਪਿਕਚਰਜ਼ ਲਿਮਟਿਡ, ਬੰਬੇ ਦੇ ਬੈਨਰ ਹੇਠ ਬਣੀ ਇਸ ਫਿਲਮ ਦੇ ਨਿਰਮਾਤਾ ਸਨ ਲੇਖ ਰਾਜ ਭਾਖੜੀ ਅਤੇ ਕੁਲਦੀਪ ਸਹਿਗਲ। ਰਾਜਿੰਦਰ ਸ਼ਰਮਾ ਦੀ ਨਿਰਦੇਸ਼ਨਾ ਵਿੱਚ ਬਣੀ ਇਸ ਫਿਲਮ ਦੇ ਸੰਗੀਤਕਾਰ ਸਨ ਹੰਸ ਰਾਜ ਬਹਿਲ ਅਤੇ ਫਿਲਮ ਦੇ ਗੀਤ ਲਿਖੇ ਸਨ ਮੁਲਕ ਰਾਜ ਭਾਖੜੀ, ਵਰਮਾ ਮਲਿਕ ਅਤੇ ਨਾਜ਼ਿਮ ਪਾਣੀਪਤੀ ਨੇ। ਫਿਲਮ ਵਿੱਚ ਅਦਾਕਾਰ ਵਾਸਤੀ ਅਤੇ ਅਦਾਕਾਰਾ ਮਨੋਰਮਾ ਨੇ ਮੁੱਖ ਕਿਰਦਾਰ ਨਿਭਾਏ ਹਨ ਅਤੇ ਬਾਕੀ ਅਦਾਕਾਰਾ ਵਿੱਚ ਸ਼ਾਮਲ ਹਨ ਓਮ ਪ੍ਰਕਾਸ਼, ਮਜਨੂੰ, ਰਣਧੀਰ, ਭਾਗ ਸਿੰਘ, ਕੁੱਕੂ, ਸ਼ਾਂਤੀ ਮਧੋਕ, ਉਰਵਸ਼ੀ ਅਤੇ ਰਮੇਸ਼ ਠਾਕੁਰ। ਫਿਲਮ ਦੇ ਜੇਕਰ ਸੰਗੀਤ ਦੀ ਗੱਲ ਕੀਤੀ ਜਾਵੇ ਤਾਂ ਇਸ ਵਿੱਚ ਕੁੱਲ 11 ਗੀਤ ਸ਼ਾਮਲ ਹਨ, ਜਿਨ੍ਹਾਂ ਵਿੱਚ ‘ਓ ਹਾੜ੍ਹਾ ਵੇ ਚੰਨਾ ਯਾਦ ਸਾਨੂੰ ਤੇਰੀ ਆਏ’ (ਲਤਾ ਮੰਗੇਸ਼ਕਰ), ‘ਤੂੰਬਾ ਵੱਜਦਾ ਈ ਨਾ ਤਾਰ ਬਿਨਾਂ (ਮੁਹੰਮਦ ਰਫ਼ੀ ਅਤੇ ਲਤਾ ਮੰਗੇਸ਼ਕਰ), ‘ਨਾਲੇ ਲੰਮੀ ਤੇ ਨਾਲੇ ਕਾਲੀ ਹਾਏ ਵੇ ਚੰਨਾ’ (ਲਤਾ ਮੰਗੇਸ਼ਕਰ), ‘ਦੋ ਮਿਲਦੇ ਹੋਏ ਦਿਲਾਂ ਨੂੰ ਬੇਦਰਦ ਜ਼ਮਾਨਾ’ (ਲਤਾ ਮੰਗੇਸ਼ਕਰ), ‘ਮੇਰੀ ਲੱਗਦੀ ਕਿਸੇ ਨਾ ਵੇਖੀ ਤੇ ਟੁੱਟਦੀ ਨੂੰ ਜੱਗ ਜਾਣਦਾ’ (ਸ਼ਮਸ਼ਾਦ ਬੇਗ਼ਮ), ‘ਕਾਲੀ ਕੰਘੀ ਨਾਲ ਕਾਲੇ ਵਾਲ’ (ਮੁਹੰਮਦ ਰਫ਼ੀ ਅਤੇ ਲਤਾ ਮੰਗੇਸ਼ਕਰ), ‘ਹਮਨੇ ਤੇਰੇ ਨਾਲ ਪਿਆਰ ਪਾ ਲੀਆ’ (ਮੁਹੰਮਦ ਰਫ਼ੀ ਅਤੇ ਲਤਾ ਮੰਗੇਸ਼ਕਰ), ‘ਸ਼ਰਾਬ-ਏ-ਇਸ਼ਕ ਜਾਤੀ ਹੈ ਪਿਲਾਈ’ (ਕੱਵਾਲੀ-ਲਤਾ ਮੰਗੇਸ਼ਕਰ, ਗੀਤਾ ਰਾਏ ਅਤੇ ਸਾਥਣਾਂ), ‘ਕਦੀ ਭੁੱਲ ਚੁੱਕ ਕੇ ਬੀਬਾ’ (ਆਸ਼ਾ ਭੌਂਸਲੇ), ‘ਜੱਗ ਵਾਲਾ ਮੇਲਾ ਯਾਰੋ ਥੋੜ੍ਹੀ ਦੇਰ ਦਾ’ (ਮੁਹੰਮਦ ਰਫ਼ੀ), “ਦਿਲ ਲੈ ਗਿਆ ਕੋਈ ਰੱਬ ਜੀ’ (ਮੁਹੰਮਦ ਰਫ਼ੀ ਅਤੇ ਐੱਸ ਬਲਬੀਰ)।

ਬਿਹਤਰੀਨ ਕਹਾਣੀ, ਮਧੁਰ ਸੰਗੀਤ ਅਤੇ ਸ਼ਾਨਦਾਰ ਅਦਾਕਾਰੀ ਨਾਲ ਸਜੀ ਆਰੰਭਿਕ ਪੰਜਾਬੀ ਸਿਨੇਮਾ ਦੀ ਇਹ ਇੱਕ ਅਜਿਹੀ ਫਿਲਮ ਹੈ ਜਿਸ ਦਾ ਮੌਜੂਦਾ ਸਮੇਂ ਵਿੱਚ ਕੋਈ ਪ੍ਰਿੰਟ ਮੌਜੂਦ ਨਹੀਂ ਹੈ ਜਿਸ ਕਰਕੇ ਸਿਨੇਮਾ ਪ੍ਰੇਮੀ ਇਸ ਬਿਹਤਰੀਨ ਫਿਲਮ ਨੂੰ ਦੇਖਣ ਤੋਂ ਸਦਾ ਲਈ ਵਾਂਝੇ ਹੋ ਗਏ ਹਨ, ਪਰ ਇਸ ਫਿਲਮ ਦੇ ਗੀਤ ਅੱਜ ਵੀ ਪੁਰਾਣੇ ਤਵਿਆ ਰਾਹੀਂ ਅਤੇ ਯੂਟਿਊਬ ਰਾਹੀਂ ਸੁਣੇ ਜਾ ਸਕਦੇ ਹਨ।

## ਗੁਲਜ਼ਾਰ ਦਾ ਦਰਸ਼ਕਾਂ ਨਾਲ ਵੱਖਰੀ ਕਿਸਮ ਦਾ ਰਿਸ਼ਤਾ: ਮੇਘਨਾ






ਫ਼ਿਲਮ ਨਿਰਮਾਤਾ-ਨਿਰਦੇਸ਼ਕ ਮੇਘਨਾ ਗੁਲਜ਼ਾਰ ਦਾ ਮੰਨਣਾ ਹੈ ਕਿ ਉਨ੍ਹਾਂ ਦੇ ਪਿਤਾ ਗੁਲਜ਼ਾਰ ਦੀ ਆਪਣੇ ਆਪ ਨੂੰ ਲਗਾਤਾਰ ਢਾਲਣ ਤੇ ਵਰਤਮਾਨ ਮੁਤਾਬਕ ਗੱਲ ਕਰਨ ਦੀ ਯੋਗਤਾ ਨੇ ਹੀ ਉਨ੍ਹਾਂ ਦੀ ਕਵਿਤਾ ਅਤੇ ਗੀਤਾਂ ਨੂੰ ਨੌਜਵਾਨ ਪੀੜ੍ਹੀ ’ਚ ਨਵਾਂ ਦਰਸ਼ਕ ਵਰਗ ਲੱਭਣ ਵਿੱਚ ਮਦਦ ਕੀਤੀ ਹੈ। ਪਟਕਥਾ ਲੇਖਕ ਅਤੇ ਕਈ ਸ਼ਲਾਘਾਯੋਗ ਫ਼ਿਲਮਾਂ ਦੇ ਨਿਰਦੇਸ਼ਕ ਵਜੋਂ ਆਪਣੇ ਕੰਮ ਤੋਂ ਇਲਾਵਾ, ਗੁਲਜ਼ਾਰ ਨੇ ਸੱਤ ਦਹਾਕਿਆਂ ਤੋਂ ਵੱਧ ਦੇ ਆਪਣੇ ਕੈਰੀਅਰ ਵਿੱਚ ਅਣਗਿਣਤ ਪ੍ਰਸਿੱਧ ਗੀਤ ਲਿਖੇ ਹਨ। ਉਨ੍ਹਾਂ ਦੇ ਲਿਖੇ ਕੁਝ ਹਿੱਟ ਗੀਤਾਂ ਵਿੱਚ ਫ਼ਿਲਮ ‘ਆਨੰਦ’ ਦਾ ‘ਮੈਨੇ ਤੇਰੇ ਲੀਏ’, ‘ਮਾਸੂਮ’ ਦਾ ‘ਤੁਝਸੇ ਨਾਰਾਜ਼ ਨਹੀਂ ਜ਼ਿੰਦਗੀ’, ਫ਼ਿਲਮ ‘ਇਜਾਜ਼ਤ’ ਦਾ ‘ਮੇਰਾ ਕੁਛ ਸਾਮਾਨ’, ‘ਆਂਧੀ’ ਦਾ ‘ਤੇਰੇ ਬਿਨਾ ਜ਼ਿੰਦਗੀ ਸੇ ਕੋਈ’, ਫ਼ਿਲਮ ‘ਦਿਲ ਸੇ..’ ਦਾ ‘ਛਈਆਂ ਛਈਆਂ’ ਅਤੇ ‘ਗੁਰੂ’ ਫ਼ਿਲਮ ਦਾ ‘ਏ ਹੈਰਤੇ’ ਵਰਗੇ ਗੀਤ ਸ਼ਾਮਲ ਹਨ। ਉਨ੍ਹਾਂ ਦੇ ਗੀਤਾਂ, ਕਵਿਤਾਵਾਂ ਅਤੇ ਬੋਲਾਂ ਨੂੰ ਸੋਸ਼ਲ ਮੀਡੀਆ ’ਤੇ ਵੀ ਨਵਾਂ ਜੀਵਨ ਮਿਲਿਆ ਹੈ। ਉਨ੍ਹਾਂ ਦੇ ਸ਼ੇਅਰ ਅਕਸਰ ਇੰਸਟਾਗ੍ਰਾਮ ਦੀਆਂ ਰੀਲਾਂ ’ਤੇ ਦਿਖਾਈ ਦਿੰਦੇ ਹਨ, ਜਿਸ ਨੂੰ ਮੇਘਨਾ ਨੇ ਬਹੁਤ ਚੰਗਾ ਦੱਸਿਆ ਹੈ। ਮੇਘਨਾ ਨੇ ਦੱਸਿਆ, “ਉਨ੍ਹਾਂ ਨੂੰ ਉਸ ਪੀੜ੍ਹੀ ਵੱਲੋਂ ਦੁਬਾਰਾ ਖੋਜਿਆ ਗਿਆ ਹੈ ਜੋ ਸ਼ਾਇਦ ਕਵਿਤਾ ਨੂੰ ਉਂਨਾ ਪ੍ਰੇਮ ਨਹੀਂ ਕਰਦੀ, ਪਰ ਇਹ ਜਜ਼ਬਾਤ ਅਤੇ ਸ਼ਬਦ ਹੀ ਹਨ ਜੋ ਉਨ੍ਹਾਂ ਦੇ ਦਿਲ ਨੂੰ ਐਨਾ ਛੂਹ ਲੈਂਦੇ ਹਨ ਕਿ ਉਹ ਅਖ਼ੀਰ ਉਨ੍ਹਾਂ ਨੂੰ ਆਪਣੀਆਂ ਰੀਲਾਂ ਵਿੱਚ ਪਾਉਂਦੇ ਹਨ।’’ ਮੇਘਨਾ ਗੁਲਜ਼ਾਰ ਨੇ ਕਿਹਾ ਕਿ ਉਨ੍ਹਾਂ ਲਗਾਤਾਰ ਉਸ ਸਮੇਂ ਦੇ ਸ਼ਬਦਾਂ ਵਿੱਚ ਗੱਲ ਕੀਤੀ ਹੈ ਜਿਸ ਵਿੱਚ ਉਹ ਰਹਿ ਰਹੇ ਸਨ। ਨਿਰਦੇਸ਼ਕਾ ਨੇ ਹੋਰ ਕਿਹਾ ਕਿ ਉਨ੍ਹਾਂ ਦੇ ਪਿਤਾ ਦਾ ਦਰਸ਼ਕਾਂ ਨਾਲ ਵੱਖਰੀ ਕਿਸਮ ਦਾ ਰਿਸ਼ਤਾ ਹੈ। ਲੋਕਾਂ ਨੂੰ ਲੱਗਦਾ ਹੈ ਕਿ ਉਹ ਉਨ੍ਹਾਂ ਨੂੰ ਜਾਣਦੇ ਹਨ, ਅਤੇ ਇਹ ਪਛਾਣ ਬਹੁਤ ਖ਼ਾਸ ਹੈ। ਗੁਲਜ਼ਾਰ (92) ਨੇ ਮੇਘਨਾ ਦੀ ਪਹਿਲੀ ਫ਼ਿਲਮ ‘ਫ਼ਿਲਹਾਲ’ ਤੋਂ ਲੈ ਕੇ ‘ਤਲਵਾਰ’, ‘ਰਾਜ਼ੀ’, ‘ਛਪਾਕ’ ਅਤੇ ‘ਸੈਮ ਬਹਾਦੁਰ’ ਅਤੇ ਹੁਣ ਉਨ੍ਹਾਂ ਦੀ ਨਵੀਂ ਫ਼ਿਲਮ ‘ਦਾਇਰਾ’ ਤੱਕ ਦੇ ਸਾਰੇ ਪ੍ਰਾਜੈਕਟਾਂ ਵਿੱਚ ਗੀਤਕਾਰ ਵਜੋਂ ਆਪਣਾ ਰੋਲ ਅਦਾ ਕੀਤਾ ਹੈ।

# ਭਾਰਤ ਸਰਕਾਰ ਵੱਲੋਂ ਸੈਂਸਰ ਬੋਰਡ ਦਾ ਪੁਨਰਗਠਨ




ਨਵੀਂ ਦਿੱਲੀ/ ਏ.ਟੀ.ਨਿਊਜ਼ : ਸਰਕਾਰ ਨੇ ਸੈਂਸਰ ਬੋਰਡ ਦਾ ਮੁੜ ਗਠਨ ਕਰਦਿਆਂ ਹੰਸ ਰਾਜ ਹੰਸ, ਪ੍ਰੀਤੀ ਜ਼ਿੰਟਾ, ਪੱਲਵੀ ਜੋਸ਼ੀ, ਪੰਕਜ ਤ੍ਰਿਪਾਠੀ ਅਤੇ ਰਿੱਕੀ ਕੇਜ ਸਮੇਤ 18 ਨਵੇਂ ਮੈਂਬਰਾਂ ਦੇ ਨਾਵਾਂ ਦਾ ਐਲਾਨ ਕੀਤਾ।

ਪੱਲਵੀ ਜੋਸ਼ੀ, ਜੋ ‘ਕਸ਼ਮੀਰ ਫਾਈਲਜ਼’ ਵਿੱਚ ਨਜ਼ਰ ਆਈ ਸੀ, ਕਾਮੇਡੀ ਸ਼ੋਅ ‘ਸਾਰਾਭਾਈ ਬਨਾਮ ਸਾਰਾਭਾਈ’ ਵਿੱਚ ਮੋਨਿਸ਼ਾ ਦੀ ਭੂਮਿਕਾ ਲਈ ਜਾਣੀ ਜਾਂਦੀ ਟੀਵੀ ਅਦਾਕਾਰਾ ਅਤੇ ਡਰਾਮਾ ਸੀਰੀਜ਼ ‘ਅਨੁਪਮਾ’ ਵਿੱਚ ਮੁੱਖ ਭੂਮਿਕਾ ਨਿਭਾਉਣ ਵਾਲੀ ਰੁਪਾਲੀ ਗਾਂਗੁਲੀ, ਅਦਾਕਾਰ ਪੰਕਜ ਤ੍ਰਿਪਾਠੀ ਅਤੇ ਸੁਨੀਲ ਸ਼ੈੱਟੀ ਨੂੰ ਵੀ ਨਵੇਂ ਸਿਰਿਓਂ ਬਣਾਏ ਗਏ ਸੈਂਟਰਲ ਬੋਰਡ ਆਫ਼ ਫ਼ਿਲਮ ਸਰਟੀਫਿਕੇਸ਼ਨ ਵਿੱਚ ਸ਼ਾਮਲ ਕੀਤਾ ਗਿਆ ਹੈ। ਹੋਰ ਸ਼ਾਮਲ ਕੀਤੇ ਗਏ ਵਿਅਕਤੀਆਂ ਵਿੱਚ ਵਿਨੋਦ ਅਨੁਪਮ ਜੋ ਕਿ ਇੱਕ ਭਾਰਤੀ ਫ਼ਿਲਮ ਅਤੇ ਕਲਾ ਆਲੋਚਕ, ਲੇਖਕ, ਸੰਪਾਦਕ, ਅਤੇ ਸੱਭਿਆਚਾਰਕ ਟਿੱਪਣੀਕਾਰ ਹਨ ਜਿਨ੍ਹਾਂ ਨੇ 2002 ਵਿੱਚ ਸਰਵੋਤਮ ਫ਼ਿਲਮ ਆਲੋਚਕ ਲਈ ਕੌਮੀ ਫ਼ਿਲਮ ਪੁਰਸਕਾਰ ਪ੍ਰਾਪਤ ਕੀਤਾ ਅਤੇ ਭਾਰਤੀ ਸਿਨੇਮਾ, ਸਾਹਿਤ ਅਤੇ ਕਲਾਵਾਂ ਵਿੱਚ ਆਪਣੇ ਮਹੱਤਵਪੂਰਨ ਯੋਗਦਾਨ ਲਈ ਜਾਣੇ ਜਾਂਦੇ ਹਨ। ਮਰਾਠੀ ਰੰਗਮੰਚ ਦੇ ਦਿੱਗਜ ਅਤੇ ਅਦਾਕਾਰ ਮਨੋਜ ਜੋਸ਼ੀ, ਅਭਿਸ਼ੇਕ ਜੈਨ, ਜੋ ਆਧੁਨਿਕ ਗੁਜਰਾਤੀ ਸਿਨੇਮਾ ਨੂੰ ਮੁੜ ਸੁਰਜੀਤ ਕਰਨ ਲਈ ਜਾਣੇ ਜਾਂਦੇ ਹਨ ਅਤੇ ਰਿੱਕੀ ਕੇਜ, ਤਿੰਨ ਵਾਰ ਗ੍ਰੈਮੀ ਅਵਾਰਡ ਜੇਤੂ ਅਤੇ ਚਾਰ ਵਾਰ ਗ੍ਰੈਮੀ ਨਾਮੀਨੀ ਸ਼ਾਮਲ ਹਨ।

ਸੂਚੀ ਵਿੱਚ ਸੁਪ੍ਰਿਆ ਯਾਰਲਾਗੱਡਾ ਵੀ ਹੈ, ਜੋ ਇੱਕ ਭਾਰਤੀ ਫ਼ਿਲਮ ਨਿਰਮਾਤਾ, ਅਦਾਕਾਰਾ, ਅਤੇ ਅੰਨਪੂਰਨਾ ਸਟੂਡੀਓਜ਼ ਵਿੱਚ ਕਾਰਜਕਾਰੀ ਨਿਰਦੇਸ਼ਕ ਹੈ ਜੋ ਮੁੱਖ ਤੌਰ ’ਤੇ ਤੇਲਗੂ ਸਿਨੇਮਾ ਵਿੱਚ ਕੰਮ ਕਰਦੀ ਹੈ; ਪ੍ਰੋਸੈਨਜੀਤ ਚੈਟਰਜੀ ਇੱਕ ਅਦਾਕਾਰ, ਨਿਰਦੇਸ਼ਕ, ਨਿਰਮਾਤਾ, ਪਟਕਥਾ ਲੇਖਕ, ਪਲੇਅਬੈਕ ਗਾਇਕ ਹਨ ਜੋ ਮੁੱਖ ਤੌਰ ’ਤੇ ਬੰਗਾਲੀ ਸਿਨੇਮਾ ਵਿੱਚ ਕੰਮ ਕਰਦੇ ਹਨ।

ਸਰਕਾਰ ਵੱਲੋਂ ਜਾਰੀ ਇੱਕ ਬਿਆਨ ਵਿੱਚ ਕਿਹਾ ਗਿਆ ਹੈ, ‘ਭਾਰਤ ਸਰਕਾਰ ਨੇ ਸਿਨੇਮੈਟੋਗ੍ਰਾਫ ਐਕਟ, 1952 ਦੀ ਧਾਰਾ 3 ਦੀ ਉਪ-ਧਾਰਾ (1) ਤਹਿਤ ਪ੍ਰਦਾਨ ਕੀਤੀਆਂ ਗਈਆਂ ਸ਼ਕਤੀਆਂ ਦੀ ਵਰਤੋਂ ਕਰਦਿਆਂ, ਸਿਨੇਮੈਟੋਗ੍ਰਾਫ (ਸਰਟੀਫਿਕੇਸ਼ਨ) ਨਿਯਮ, 2024 ਦੇ ਨਿਯਮ 3 ਨਾਲ ਪੜ੍ਹਦਿਆਂ, ਤੁਰੰਤ ਪ੍ਰਭਾਵ ਨਾਲ ਤਿੰਨ ਸਾਲਾਂ ਦੀ ਮਿਆਦ ਲਈ ਜਾਂ ਅਗਲੇ ਹੁਕਮਾਂ ਤੱਕ ਸੈਂਟਰਲ ਬੋਰਡ ਆਫ਼ ਫ਼ਿਲਮ ਸਰਟੀਫਿਕੇਸ਼ਨ ਦਾ ਮੁੜ ਗਠਨ ਕੀਤਾ ਹੈ।

## ਅਮਰੀਕਾ ਦਾ ਰਾਹ ਹੋਇਆ ਹੋਰ ਔਖਾ

ਅਮਰੀਕਾ ਹਰ ਸਾਲ ਕੰਪਿਊਟਰਾਈਜ਼ਡ ਲਾਟਰੀ ਪ੍ਰਣਾਲੀ ਰਾਹੀਂ ਕੁੱਲ 85,000 ਐਚ-1ਬੀ ਵੀਜ਼ੇ ਜਾਰੀ ਕਰਦਾ ਹੈ (ਜਿਸ ਵਿੱਚ 20,000 ਸੀਟਾਂ ਅਮਰੀਕੀ ਯੂਨੀਵਰਸਿਟੀਆਂ ਤੋਂ ਮਾਸਟਰ ਡਿਗਰੀ ਕਰਨ ਵਾਲਿਆਂ ਲਈ ਰਾਖਵੀਆਂ ਹੁੰਦੀਆਂ ਹਨ)।

ਇਸ ਵੀਜ਼ੇ ਦਾ ਸਭ ਤੋਂ ਵੱਡਾ ਹਿੱਸਾ ਭਾਰਤੀ ਇੰਜੀਨੀਅਰਾਂ ਅਤੇ ਪੇਸ਼ੇਵਰਾਂ ਦੇ ਹਿੱਸੇ ਆਉਂਦਾਹੈ, ਜਿਨ੍ਹਾਂ ਤੋਂ ਬਾਅਦ ਚੀਨ ਦਾ ਨੰਬਰ ਆਉਂਦਾ ਹੈ।

ਡੋਨਾਲਡ ਟਰੰਪ ਸ਼ੁਰੂ ਤੋਂ ਹੀ ਇਸ ਵੀਜ਼ੇ ਦੇ ਆਲੋਚਕ ਰਹੇ ਹਨ।ਉਹਨਾਂ ਦਾ ਦੋਸ਼ ਹੈ ਕਿ ਵੱਡੀਆਂ ਤਕਨੀਕੀ ਕੰਪਨੀਆਂ ਸਥਾਨਕ ਅਮਰੀਕੀ ਕਾਮਿਆਂ ਨੂੰ ਨੌਕਰੀਆਂ ਦੇਣ ਦੀ ਬਜਾਏ, ਘੱਟ ਤਨਖ਼ਾਹਾਂ 'ਤੇ ਵਿਦੇਸ਼ੀ ਮੁਲਾਜ਼ਮਾਂ ਨੂੰ ਰੱਖਣ ਲਈ ਇਸ ਪ੍ਰੋਗਰਾਮ ਦਾ ਇਸਤੇਮਾਲ ਕਰਦੀਆਂ ਹਨ।

ਦੂਜੇ ਪਾਸੇ ਸਿਲੀਕਾਨ ਵੈਲੀ ਅਤੇ ਪ੍ਰਮੁੱਖ ਅਮਰੀਕੀ ਕੰਪਨੀਆਂ ਦਾ ਤਰਕ ਹੈ ਕਿ ਅਮਰੀਕਾ ਅੰਦਰ ਉੱਨਤ ਤਕਨੀਕੀ ਖੇਤਰਾਂ ਵਿੱਚ ਲੋੜੀਂਦੇ ਹੁਨਰਮੰਦ ਕਾਮਿਆਂ ਦੀ ਭਾਰੀ ਘਾਟ ਹੈ। ਜੇਕਰ ਬਾਹਰੋਂ ਕਾਬਲ ਲੋਕ ਨਾ ਲਿਆਂਦੇ ਗਏ ਤਾਂ ਅਮਰੀਕੀ ਕੰਪਨੀਆਂ ਵਿਸ਼ਵ ਪੱਧਰ 'ਤੇ ਮੁਕਾਬਲੇਬਾਜ਼ੀ ਵਿੱਚ ਪੱਛੜ ਜਾਣਗੀਆਂ।

**ਭਾਰਤੀ ਪੇਸ਼ੇਵਰਾਂ 'ਤੇ ਕੀ ਅਸਰ ਹੋਵੇਗਾ**

ਇਸ ਫ਼ੈਸਲੇ ਨਾਲ ਅਮਰੀਕਾ ਜਾਣ ਦੇ ਸੁਪਨੇ ਦੇਖ ਰਹੇ ਭਾਰਤੀ ਨੌਜਵਾਨਾਂ ਦੀਆਂ ਸੰਭਾਵਨਾਵਾਂ ਨੂੰ ਧੱਕਾ ਲੱਗੇਗਾ। ਇੱਕ ਲੱਖ ਡਾਲਰ ਦੀ ਵਾਧੂ ਫ਼ੀਸ ਲੱਗਣ ਕਾਰਨ ਅਮਰੀਕੀ ਕੰਪਨੀਆਂ ਭਾਰਤ ਵਰਗੇ ਮੁਲਕਾਂ ਵਿੱਚੋਂ ਨਵੀਂ ਭਰਤੀ ਕਰਨ ਤੋਂ ਝਿਜਕਣਗੀਆਂ, ਜਿਸ ਨਾਲ ਟੀ.ਸੀ.ਐੱਸ., ਇਨਫੋਸਿਸ ਅਤੇ ਵਿਪਰੋ ਵਰਗੀਆਂ ਭਾਰਤੀ ਆਈ.ਟੀ. ਸੇਵਾਵਾਂ ਦੇਣ ਵਾਲੀਆਂ ਕੰਪਨੀਆਂ ਦੀ ਲਾਗਤ ਵੀ ਕਾਫ਼ੀ ਵਧ ਜਾਵੇਗੀ। ਹੁਣ ਸਾਰਿਆਂ ਦੀਆਂ ਨਜ਼ਰਾਂ ਅਦਾਲਤਾਂ ਦੇ ਅੰਤਿਮ ਫ਼ੈਸਲੇ 'ਤੇ ਟਿਕੀਆਂ ਹੋਈਆਂ ਹਨ ਕਿ ਕੀ ਉਹ ਇਸ ਫ਼ੀਸ ਨੂੰ ਰੱਦ ਕਰਦੀਆਂ ਹਨ ਜਾਂ ਬਹਾਲ ਰੱਖਦੀਆਂ ਹਨ।

***

## ਅਮਿਤ ਸ਼ਾਹ ਨੇ ਗਿਣਾਏ 10 ਜਲ ਵਿਵਾਦ

ਮੁੱਖ ਮੰਗਾਂ ਰੱਖੀਆਂ ਗਈਆਂ ਹਨ।ਸਭ ਤੋਂ ਪਹਿਲਾਂ ਕੈਬਨਿਟ ਨੋਟ ਵਿੱਚ ਪੰਜਾਬ ਨੂੰ ਇਸ ਪ੍ਰੋਜੈਕਟ ਵਿੱਚੋਂ ਬਾਹਰ ਰੱਖਣ ਦੇ ਅਸਲ ਆਧਾਰ ਨੂੰ ਦਰਜ ਕੀਤਾ ਜਾਵੇ।ਦੂਜਾ, ਪੰਜਾਬ ਨੂੰ ਅੱਪਰ ਯਮੁਨਾ ਰਿਵਰ ਬੋਰਡ ਦਾ ਪੂਰਾ ਮੈਂਬਰ ਬਣਾਇਆ ਜਾਵੇ। ਤੀਜਾ, ਕਿਉਂਕਿ ਕਿਸ਼ਾਊ ਸਮਝੌਤੇ ਦੌਰਾਨ ਵਾਤਾਵਰਨ ਹਿੱਤਾਂ ਕਾਰਨ 1994 ਦੇ ਜਲ ਵੰਡ ਸਮਝੌਤੇ ਦੀ ਮੁੜ ਸਮੀਖਿਆ ਹੋਣੀ ਲਾਜ਼ਮੀ ਹੈ, ਇਸ ਲਈ ਉਸ ਸਮੀਖਿਆ ਦੌਰਾਨ ਪੰਜਾਬ ਦਾ ਪੱਖ ਲਾਜ਼ਮੀ ਸੁਣਿਆ ਜਾਵੇ।ਜੇਕਰ ਮੌਜੂਦਾ ਭੂਗੋਲਿਕ ਸਥਿਤੀ ਹੀ ਹੱਕ ਤੈਅ ਕਰਦੀ ਹੈ ਤਾਂ ਰਾਵੀ-ਬਿਆਸ 'ਤੇ ਹਰਿਆਣਾ ਦੀਆਂ ਮੰਗਾਂ ਦਾ ਵੀ ਆਧਾਰ ਖ਼ਤਮ ਹੋ ਜਾਵੇਗਾ ਅਤੇ ਜੇਕਰ ਪੁਨਰਗਠਨ ਦੇ ਆਧਾਰ 'ਤੇ ਹੱਕ ਬਣਦੇ ਹਨ ਤਾਂ ਯਮੁਨਾ 'ਤੇ ਪੰਜਾਬ ਦੀ ਹਿੱਸੇਦਾਰੀ ਵੀ ਪੂਰੀ ਤਰ੍ਹਾਂ ਜਾਇਜ਼ ਹੈ।

***

## ਜੱਗੀ ਜੌਹਲ ਕੁੱਲ 11 'ਚੋਂ 3 ਕੇਸਾਂ ਵਿੱਚ

ਅਤੇ 2016-2017 ਦੌਰਾਨ ਪੰਜਾਬ ਵਿੱਚ ਸੱਜੇ-ਪੱਖੀ ਹਿੰਦੂ ਆਗੂਆਂ ਦੇ ਟਾਰਗੇਟ ਕਤਲਾਂ ਲਈ ਫੰਡਿੰਗ ਅਤੇ ਸਾਜ਼ਿਸ਼ ਵਿੱਚ ਸ਼ਾਮਲ ਸਨ।

ਜੌਹਲ ਦੀ ਕਾਨੂੰਨੀ ਟੀਮ ,ਜੱਗੀ ਜੌਹਲ ਦੇ ਮੁੱਖ ਵਕੀਲ ਜਸਪਾਲ ਸਿੰਘ ਮੰਝਪੁਰ ਅਤੇ ਮਨੁੱਖੀ ਅਧਿਕਾਰ ਸੰਗਠਨਾਂ (ਜਿਵੇਂ ਕਿ 'ਰਿਪਰੀਵ' ਅਤੇ 'ਰਿਡਰੈਸ') ਦਾ ਕਹਿਣਾ ਹੈ ਕਿ ਜੌਹਲ ਇੱਕ ਮਨੁੱਖੀ ਅਧਿਕਾਰ ਕਾਰਕੁਨ ਹਨ, ਜੋ 1984 ਅਤੇ ਉਸ ਤੋਂ ਬਾਅਦ ਸਿੱਖਾਂ ਨਾਲ ਹੋਈਆਂ ਵਧੀਕੀਆਂ ਦੇ ਦਸਤਾਵੇਜ਼ ਤਿਆਰ ਕਰਨ ਵਾਲੀ ਵੈੱਬਸਾਈਟ ਚਲਾ ਰਹੇ ਸਨ, ਜਿਸ ਕਾਰਨ ਉਨ੍ਹਾਂ ਨੂੰ ਨਿਸ਼ਾਨਾ ਬਣਾਇਆ ਗਿਆ।

ਜੌਹਲ ਨੇ ਅਦਾਲਤ ਵਿੱਚ ਬਿਆਨ ਦਿੱਤਾ ਸੀ ਕਿ ਹਿਰਾਸਤ ਦੌਰਾਨ ਉਨ੍ਹਾਂ 'ਤੇ ਬਿਜਲੀ ਦੇ ਝਟਕੇ ਲਗਾਉਣ ਸਮੇਤ ਭਾਰੀ ਸਰੀਰਕ ਤਸ਼ੱਦਦ ਢਾਹਿਆ ਗਿਆ ਸੀ ਅਤੇ ਖ਼ਾਲੀ ਕਾਗਜ਼ਾਂ 'ਤੇ ਦਸਤਖ਼ਤ ਕਰਵਾਏ ਗਏ ਸਨ। ਹਾਲਾਂਕਿ, ਭਾਰਤੀ ਜਾਂਚ ਅਧਿਕਾਰੀਆਂ ਨੇ ਤਸ਼ੱਦਦ ਦੇ ਇਨ੍ਹਾਂ ਦੋਸ਼ਾਂ ਨੂੰ ਸਿਰੇ ਤੋਂ ਨਕਾਰਿਆ ਹੈ।

ਪਿਛਲੇ ਸਾਲ ਮੋਗਾ ਦੀ ਇੱਕ ਅਦਾਲਤ ਨੇ ਇੱਕ ਟਾਰਗੇਟ ਕਿਲਿੰਗ ਮਾਮਲੇ ਵਿੱਚ ਪੁਖ਼ਤਾ ਸਬੂਤ ਨਾ ਹੋਣ ਕਾਰਨ ਉਨ੍ਹਾਂ ਨੂੰ ਬਰੀ ਕਰ ਦਿੱਤਾ ਸੀ। ਸੰਯੁਕਤ ਰਾਸ਼ਟਰ ਦੇ 10 ਮਾਹਿਰਾਂ ਨੇ ਵੀ ਇਸ ਹਿਰਾਸਤ ਨੂੰ ਮਨਮਾਨੀ (ਆਰਬੀਟਰੇਰੀ) ਕਰਾਰ ਦਿੰਦਿਆਂ ਰਿਹਾਈ ਦੀ ਮੰਗ ਕੀਤੀ ਸੀ।

**ਯੂ.ਕੇ. ਸਰਕਾਰ ਭਾਰਤ 'ਤੇ ਸਿੱਧਾ ਦਬਾਅ ਕਿਉਂ ਨਹੀਂ ਬਣਾ ਰਹੀ?**

ਯੂ.ਕੇ. ਵਿੱਚ ਜੌਹਲ ਦੇ ਪਰਿਵਾਰ, ਸੰਸਦ ਮੈਂਬਰਾਂ ਅਤੇ ਸਿੱਖ ਭਾਈਚਾਰੇ ਵੱਲੋਂ ਬ੍ਰਿਟਿਸ਼ ਸਰਕਾਰ 'ਤੇ ਸਖ਼ਤ ਕੂਟਨੀਤਕ ਦਖ਼ਲ ਦੇਣ ਲਈ ਲਗਾਤਾਰ ਮੰਗ ਕੀਤੀ ਜਾਂਦੀ ਰਹੀ ਹੈ, ਪਰ ਯੂ.ਕੇ. ਸਰਕਾਰ ਦੇ ਨਰਮ ਰੁਖ਼ ਪਿੱਛੇ ਮੁੱਖ ਤੌਰ 'ਤੇ ਹੇਠ ਲਿਖੇ ਕਾਰਨ ਰਹੇ ਹਨ।

ਯੂ.ਕੇ. ਦੇ ਵਿਦੇਸ਼ ਦਫ਼ਤਰ ਦਾ ਅਧਿਕਾਰਤ ਪੱਖ ਰਿਹਾ ਹੈ ਕਿ ਉਹ ਦੂਜੇ ਲੋਕਤੰਤਰਿਕ ਦੇਸ਼ ਦੀ ਅਦਾਲਤੀ ਜਾਂ ਨਿਆਂਇਕ ਪ੍ਰਕਿਰਿਆ ਵਿੱਚ ਸਿੱਧਾ ਦਖ਼ਲ ਨਹੀਂ ਦੇ ਸਕਦੇ, ਖ਼ਾਸ ਕਰਕੇ ਜਦੋਂ ਮਾਮਲਾ ਕਤਲ ਅਤੇ ਅੱਤਵਾਦ ਵਿਰੋਧੀ ਕਾਨੂੰਨਾਂ ਨਾਲ ਸੰਬੰਧਿਤ ਹੋਵੇ।

ਬ੍ਰਿਟੇਨ ਲਈ ਭਾਰਤ ਇੱਕ ਬਹੁਤ ਵੱਡਾ ਵਪਾਰਕ, ਸੁਰੱਖਿਆ ਅਤੇ ਰਣਨੀਤਕ ਭਾਈਵਾਲ ਹੈ। ਦੋਵੇਂ ਦੇਸ਼ ਮੁਫ਼ਤ ਵਪਾਰ ਸਮਝੌਤੇ ਅਤੇ ਹਿੰਦ-ਪ੍ਰਸ਼ਾਂਤ ਰਣਨੀਤੀ ਵਿੱਚ ਨੇੜੇ ਹੋ ਰਹੇ ਹਨ, ਜਿਸ ਕਾਰਨ ਬ੍ਰਿਟਿਸ਼ ਸਰਕਾਰ ਸਿੱਧਾ ਟਕਰਾਅ ਟਾਲਦੀ ਰਹੀ ਹੈ।

ਅਜਿਹੇ ਇਲਜ਼ਾਮ ਵੀ ਚਰਚਾ ਵਿੱਚ ਰਹੇ ਹਨ ਕਿ 2017 ਵਿੱਚ ਜੌਹਲ ਦੀ ਗ੍ਰਿਫ਼ਤਾਰੀ ਪਿੱਛੇ ਬ੍ਰਿਟਿਸ਼ ਖ਼ੁਫ਼ੀਆ ਏਜੰਸੀਆਂ ਵੱਲੋਂ ਭਾਰਤ ਨਾਲ ਸਾਂਝੀ ਕੀਤੀ ਗਈ ਇੱਕ ਜਾਣਕਾਰੀ (ਟਿੱਪ-ਆਫ) ਵੀ ਹੋ ਸਕਦੀ ਹੈ, ਜਿਸ ਕਾਰਨ ਬ੍ਰਿਟਿਸ਼ ਅਧਿਕਾਰੀ ਇਸ ਮਾਮਲੇ 'ਤੇ ਜ਼ਿਆਦਾ ਖੁੱਲ੍ਹ ਕੇ ਬੋਲਣ ਤੋਂ ਝਿਜਕਦੇ ਰਹੇ।

ਯੂ.ਕੇ. ਸਰਕਾਰ ਨੇ ਜੌਹਲ ਤੱਕ ਕੌਂਸਲਰ ਪਹੁੰਚ, ਸਿਹਤ ਜਾਂਚ ਅਤੇ ਸੁਣਵਾਈਆਂ 'ਚ ਨਿਰਪੱਖਤਾ ਯਕੀਨੀ ਬਣਾਉਣ ਲਈ ਵਿਸ਼ੇਸ਼ ਦੂਤ ਨਿਯੁਕਤ ਕਰਕੇ ਮੀਟਿੰਗਾਂ ਤਾਂ ਕੀਤੀਆਂ, ਪਰ ਜਨਤਕ ਤੌਰ 'ਤੇ ਕੇਸ ਵਾਪਸ ਲੈਣ ਜਾਂ ਤੁਰੰਤ ਰਿਹਾਈ ਦੀ ਸ਼ਰਤ ਰੱਖਣ ਤੋਂ ਗੁਰੇਜ਼ ਕੀਤਾ।

ਜਿੱਥੇ ਹਾਈ ਕੋਰਟ ਦਾ ਇਹ ਫ਼ੈਸਲਾ ਜੌਹਲ ਦੇ ਪਰਿਵਾਰ ਲਈ ਵੱਡੀ ਰਾਹਤ ਲੈ ਕੇ ਆਇਆ ਹੈ, ਉੱਥੇ ਹੀ ਹੁਣ ਸਾਰਿਆਂ ਦੀਆਂ ਨਜ਼ਰਾਂ ਜ਼ਮਾਨਤ ਦੀਆਂ ਲਿਖਤੀ ਸ਼ਰਤਾਂ ਅਤੇ ਭਵਿੱਖੀ ਕਾਨੂੰਨੀ ਕਾਰਵਾਈ 'ਤੇ ਟਿਕੀਆਂ ਹੋਈਆਂ ਹਨ।

ਦਿੱਲੀ ਹਾਈ ਕੋਰਟ ਵੱਲੋਂ ਮਿਲੀ ਇਹ ਜ਼ਮਾਨਤ ਜੱਗੀ ਜੌਹਲ ਅਤੇ ਉਨ੍ਹਾਂ ਦੇ ਪਰਿਵਾਰ ਲਈ ਕਰੀਬ ਨੌਂ ਸਾਲਾਂ ਦੇ ਲੰਬੇ ਅਤੇ ਔਖੇ ਇੰਤਜ਼ਾਰ ਮਗਰੋਂ ਵੱਡੀ ਕਾਨੂੰਨੀ ਜਿੱਤ ਜ਼ਰੂਰ ਹੈ, ਪਰ ਉਨ੍ਹਾਂ ਦੀ ਮੁਕੰਮਲ ਆਜ਼ਾਦੀ ਦਾ ਰਾਹ ਅਜੇ ਵੀ ਅਦਾਲਤੀ ਸ਼ਰਤਾਂ ਦੇ ਘੇਰੇ ਵਿੱਚ ਹੈ। ਬਿਨਾਂ ਠੋਸ ਸਬੂਤਾਂ ਅਤੇ ਬਿਨਾਂ ਦੋਸ਼ ਸਿੱਧ ਹੋਏ ਇੰਨਾ ਲੰਮਾ ਸਮਾਂ ਜੇਲ੍ਹ ਵਿੱਚ ਬਿਤਾਉਣ ਦਾ ਮੁੱਦਾ ਭਾਰਤ ਦੀ ਕਾਨੂੰਨੀ ਪ੍ਰਕਿਰਿਆ ਦੀ ਰਫ਼ਤਾਰ ਅਤੇ ਯੂ.ਕੇ. ਸਰਕਾਰ ਦੇ ਕੂਟਨੀਤਕ ਰੁਖ਼ 'ਤੇ ਗੰਭੀਰ ਸਵਾਲ ਖੜ੍ਹੇ ਕਰਦਾ ਰਹੇਗਾ। ਹੁਣ ਸਾਰੀਆਂ ਨਜ਼ਰਾਂ ਅਦਾਲਤ ਦੇ ਵਿਸਥਾਰਤ ਹੁਕਮਾਂ, ਬੇਲ ਬੌਂਡ ਦੀਆਂ ਸ਼ਰਤਾਂ ਅਤੇ ਇਸ ਗੱਲ 'ਤੇ ਟਿਕੀਆਂ ਹਨ ਕਿ ਕੀ ਜੌਹਲ ਨੂੰ ਸਿਰਫ਼ ਜੇਲ੍ਹ ਤੋਂ ਹੀ ਰਾਹਤ ਮਿਲਦੀ ਹੈ ਜਾਂ ਉਹ ਆਪਣੇ ਵਤਨ ਸਕਾਟਲੈਂਡ ਪਰਤ ਕੇ ਸੱਚਮੁੱਚ ਖੁੱਲ੍ਹੀ ਹਵਾ ਵਿੱਚ ਸਾਹ ਲੈ ਸਕਣਗੇ?

***

## ਏਸ਼ਿਅਨ ਖੇਡਾਂ 'ਚ ਭਾਰਤੀ ਮਹਿਲਾ ਕ੍ਰਿਕਟ ਟੀਮ

ਫਾਈਨਲ ਤੋਂ ਬਾਅਦ ਹਰਮਨਪ੍ਰੀਤ ਕੌਰ ਨੇ ਟੀਮ ਦੇ ਸਾਂਝੇ ਯਤਨਾਂ ਨੂੰ ਜਿੱਤ ਦਾ ਮੁੱਖ ਕਾਰਨ ਦੱਸਿਆ। ਉਨ੍ਹਾਂ ਨੇ ਖ਼ਾਸ ਤੌਰ 'ਤੇ ਗੇਂਦਬਾਜ਼ਾਂ ਦੇ ਪ੍ਰਦਰਸ਼ਨ ਦੀ ਸ਼ਲਾਘਾ ਕੀਤੀ। ਇਸ ਜਿੱਤ ਨਾਲ ਭਾਰਤ ਨੇ ਇਨ੍ਹਾਂ ਏਸ਼ਿਆਈ ਖੇਡਾਂ ਵਿੱਚ ਆਪਣਾ ਪਹਿਲਾ ਸੋਨ ਤਗਮਾ ਵੀ ਹਾਸਲ ਕੀਤਾ।

ਪੰਜਾਬ ਸਰਕਾਰ ਵੱਲੋਂ ਹਰਮਨਪ੍ਰੀਤ ਕੌਰ ਲਈ 1 ਕਰੋੜ ਰੁਪਏ ਦੇ ਇਨਾਮ ਦਾ ਐਲਾਨ ਖੇਡਾਂ ਵਿੱਚ ਸੋਨ ਤਮਗਾ ਜਿੱਤਣ ਵਾਲੇ ਖਿਡਾਰੀਆਂ ਨੂੰ ਇਨਾਮ ਦੇਣ ਦੀ ਸੂਬੇ ਦੀ ਨੀਤੀ ਨਾਲ ਜੁੜਿਆ ਹੈ। ਪੰਜਾਬ ਸਰਕਾਰ ਨੇ ਪਹਿਲਾਂ ਵੀ ਏਸ਼ਿਆਈ ਖੇਡਾਂ ਦੇ ਸੋਨ ਤਮਗਾ ਜੇਤੂਆਂ ਨੂੰ 1 ਕਰੋੜ ਰੁਪਏ ਦਾ ਇਨਾਮ ਦਿੱਤਾ ਹੈ। 2024 ਵਿੱਚ ਹਾਂਗਜ਼ੂ ਏਸ਼ਿਆਈ ਖੇਡਾਂ ਦੇ ਸੋਨ ਤਗਮਾ ਜੇਤੂ ਖਿਡਾਰੀਆਂ ਨੂੰ ਇਨਾਮ ਵੰਡੇ ਗਏ ਸਨ ਅਤੇ ਹਰਮਨਪ੍ਰੀਤ ਕੌਰ ਨੂੰ ਵੀ 1 ਕਰੋੜ ਰੁਪਏ ਦਿੱਤੇ ਗਏ ਸਨ।

ਮੁੱਖ ਮੰਤਰੀ ਭਗਵੰਤ ਮਾਨ ਨੇ ਭਾਰਤੀ ਮਹਿਲਾ ਕ੍ਰਿਕਟ ਟੀਮ ਦੀ ਇਸ ਪ੍ਰਾਪਤੀ ਨੂੰ ਪੰਜਾਬ ਅਤੇ ਦੇਸ਼ ਲਈ ਮਾਣ ਵਾਲਾ ਪਲ ਦੱਸਦਿਆਂ ਕਪਤਾਨ ਹਰਮਨਪ੍ਰੀਤ ਕੌਰ ਸਮੇਤ ਟੀਮ ਦੀਆਂ ਸਾਰੀਆਂ ਖਿਡਾਰਨਾਂ ਨੂੰ ਵਧਾਈ ਦਿੱਤੀ।

***

## ਨਸ਼ੇ ਨੂੰ ਸਿਆਸੀ ਪਾਰਟੀਆਂ

ਪੰਜਾਬ ਸਰਕਾਰ ਅਤੇ ਪੰਜਾਬ ਪੁਲਿਸ ਵੱਲੋਂ ਦਾਅਵਾ ਕੀਤਾ ਜਾ ਰਿਹਾ ਹੈ ਕਿ ਨਸ਼ੇ ਦੇ ਸੈਂਕੜੇ ਤਸਕਰ ਫ਼ੜੇ ਜਾ ਚੁੱਕੇ ਹਨ ਅਤੇ ਜੇਲ੍ਹਾਂ ਵਿੱਚ ਭੇਜੇ ਜਾ ਚੁੱਕੇ ਹਨ।

ਅਨੇਕਾਂ ਨਸ਼ਾ ਤਸਕਰਾਂ ਦੇ ਮਕਾਨਾਂ 'ਤੇ ਬੁਲਡੋਜ਼ਰ ਚਲਾਏ ਜਾ ਚੁੱਕੇ ਹਨ ਪਰ ਅਸਲੀਅਤ ਤਾਂ ਇਹ ਵੀ ਹੈ ਕਿ ਪੰਜਾਬ ਵਿੱਚ ਨਸ਼ਾ ਅਜੇ ਵੀ ਪ੍ਰਚਲਿਤ ਹੈ। ਇਹ ਨਸ਼ਾ ਆ ਕਿੱਥੋਂ ਰਿਹਾ ਹੈ? ਇਹ ਵੀ ਵੱਡਾ ਸਵਾਲ ਹੈ। ਕਿਹਾ ਜਾਂਦਾ ਹੈ ਕਿ ਭਾਰਤ ਦੇ ਗੁਆਂਢੀ ਦੇਸ਼ ਵੱਲੋਂ ਡਰੋਨਾਂ ਰਾਹੀਂ ਜਾਂ ਹੋਰ ਤਰੀਕਿਆਂ ਨਾਲ ਪੰਜਾਬ ਵਿੱਚ ਨਸ਼ਾ ਭੇਜਿਆ ਜਾਂਦਾ ਹੈ। ਪਰ ਪੰਜਾਬ ਦੀ ਸਰਹੱਦ 'ਤੇ ਬੀ.ਐਸ.ਐਫ਼. ਤੈਨਾਤ ਹੈ ਫ਼ਿਰ ਵੀ ਜੇ ਸਰਹੱਦ ਪਾਰੋਂ ਨਸ਼ਾ ਆ ਰਿਹਾ ਹੈ ਤਾਂ ਇਹ ਗੰਭੀਰ ਗੱਲ ਹੈ। ਇਸ ਸਮੇਂ ਬੀ.ਐਸ.ਐਫ਼ ਪੰਜਾਬ ਦੀ ਪਾਕਿਸਤਾਨ ਨਾਲ ਲੱਗਦੀ ਸਰਹੱਦ ਦੇ ਨਾਲ- ਨਾਲ ਪੰਜਾਬ ਦੀ ਸਰਹੱਦ ਤੋਂ ਅੰਦਰ ਵੱਲ ਪੈਂਦੇ 50 ਕਿਲੋਮੀਟਰ ਇਲਾਕੇ ਵਿੱਚ ਤਾਇਨਾਤ ਹੈ, ਜਿਸ ਕਾਰਨ ਜੇ ਪਾਕਿਸਤਾਨ ਵੱਲੋਂ ਪੰਜਾਬ ਵਿੱਚ ਸਰਹੱਦ ਰਾਹੀਂ ਜਾਂ ਡਰੋਨਾਂ ਰਾਹੀਂ ਨਸ਼ਾ ਭੇਜਿਆ ਜਾਂਦਾ ਹੈ ਤਾਂ ਉਸ ਲਈ ਬੀ.ਐਸ.ਐਫ਼ ਨੂੰ ਵੀ ਜਿੰਮੇਵਾਰ ਠਹਿਰਾਇਆ ਜਾ ਰਿਹਾ ਹੈ।ਪੰਜਾਬ ਵਿੱਚ ਹਰ ਸੜਕ ਤੇ ਪੁਲਿਸ ਵੱਲੋਂ ਨਾਕੇ ਲਗਾਏ ਹੋਏ ਹਨ। ਇਹਨਾਂ ਨਾਕਿਆਂ 'ਤੇ ਅਕਸਰ ਪੁਲਿਸ ਵੱਲੋਂ ਵਾਹਨਾਂ ਅਤੇ ਵਾਹਨਾਂ ਦੇ ਕਾਗਜਾਤਾਂ ਦੀ ਜਾਂਚ ਪੜਤਾਲ ਕੀਤੀ ਜਾਂਦੀ ਹੈ।ਇਸ ਦੇ ਬਾਵਜੂਦ ਜੇ ਪੰਜਾਬ ਵਿੱਚ ਨਸ਼ਾ ਇੱਕ ਸਥਾਨ ਤੋਂ ਦੂਜੇ ਸਥਾਨ ਤੱਕ ਪਹੁੰਚ ਰਿਹਾ ਹੈ ਤਾਂ ਦਾਲ ਵਿੱਚ ਕੁਝ ਕਾਲਾ ਹੋ ਸਕਦਾ ਹੈ।

ਪੰਜਾਬ ਵਿੱਚ ਨਸ਼ੇ ਵਿਰੁੱਧ ਮੁਹਿੰਮ ਤਾਂ ਹੀ ਕਾਮਯਾਬ ਹੋ ਸਕਦੀ ਹੈ, ਜੇ ਆਮ ਲੋਕ ਇਸ ਮੁਹਿੰਮ ਵਿੱਚ ਵੱਡਾ ਯੋਗਦਾਨ ਪਾਉਣ।ਪੰਜਾਬੀ ਏਨੇ ਬਹਾਦਰ ਹਨ ਕਿ ਉਹਨਾਂ ਨੇ 'ਵਿਸ਼ਵ ਜੇਤੂ ਸਿਕੰਦਰ' ਨੂੰ ਵੀ ਵਾਪਸ ਮੋੜ ਦਿੱਤਾ ਸੀ ਅਤੇ ਅੱਗੇ ਨਹੀਂ ਸੀ ਜਾਣ ਦਿੱਤਾ। ਹੁਣ ਵੀ ਜੇ ਪੰਜਾਬੀ ਰਲ ਮਿਲ ਕੇ ਹੰਭਲਾ ਮਾਰਨ ਤਾਂ ਪੰਜਾਬ ਵਿਚੋਂ ਨਸ਼ਾ ਪੂਰੀ ਤਰ੍ਹਾਂ ਖਤਮ ਕੀਤਾ ਜਾ ਸਕਦਾ ਹੈ।ਹਰ ਪੰਜਾਬੀ ਨੂੰ ਨਸ਼ੇ ਦੇ ਖ਼ਾਤਮੇ ਵਿੱਚ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ ਤਾਂ ਕਿ 'ਨਸ਼ਾ ਮੁਕਤ ਅਤੇ ਰੰਗਲੇ ਪੰਜਾਬ' ਦੀ ਸਿਰਜਣਾ ਹੋ ਸਕੇ।

***

## ਕੈਨੇਡਾ 'ਚ ਪਰਵਾਸੀਆਂ, ਕੌਮਾਂਤਰੀ ਵਿਦਿਆਰਥੀਆਂ

ਇਹ ਮਾਰਚ ਅਜਿਹੇ ਸਮੇਂ ਹੋਇਆ ਹੈ ਜਦੋਂ ਫੈਡਰਲ ਸਰਕਾਰ ਅਸਥਾਈ ਵਸਨੀਕਾਂ ਦੀ ਗਿਣਤੀ ਘਟਾਉਣ ਅਤੇ ਇਮੀਗ੍ਰੇਸ਼ਨ ਨੂੰ ਹਾਊਸਿੰਗ, ਜਨਤਕ ਸੇਵਾਵਾਂ ਅਤੇ ਲੇਬਰ ਮਾਰਕੀਟ ਦੀ ਸਮਰੱਥਾ ਨਾਲ ਜੋੜਨ 'ਤੇ ਜ਼ੋਰ ਦੇ ਰਹੀ ਹੈ। 2026-2028 ਇਮੀਗ੍ਰੇਸ਼ਨ ਲੈਵਲਜ਼ ਪਲਾਨ ਤਹਿਤ ਹਰ ਸਾਲ 380,000 ਨਵੇਂ ਪਰਮਾਨੈਂਟ ਰੈਜ਼ੀਡੈਂਟ ਦਾਖ਼ਲ ਕਰਨ ਦਾ ਟੀਚਾ ਰੱਖਿਆ ਗਿਆ ਹੈ।ਇਸ ਤੋਂ ਇਲਾਵਾ, ਸਰਕਾਰ ਨੇ 2026 ਅਤੇ 2027 ਵਿੱਚ 33,000 ਤੱਕ ਅਸਥਾਈ ਕਾਮਿਆਂ ਨੂੰ ਪੀਆਰ ਵਿੱਚ ਤਬਦੀਲ ਕਰਨ ਦੀ ਯੋਜਨਾ ਵੀ ਐਲਾਨੀ ਹੈ।

ਇਸ ਤਰ੍ਹਾਂ, ਸਰਕਾਰ ਵੱਲੋਂ ਇਮੀਗ੍ਰੇਸ਼ਨ ਦੀ ਗਿਣਤੀ ਅਤੇ ਪ੍ਰਬੰਧਨ 'ਤੇ ਜ਼ੋਰ ਦੇਣ ਅਤੇ ਪ੍ਰਵਾਸੀ ਹੱਕਾਂ ਦੀਆਂ ਜਥੇਬੰਦੀਆਂ ਵੱਲੋਂ ਪਹਿਲਾਂ ਤੋਂ ਕੈਨੇਡਾ ਵਿੱਚ ਰਹਿ ਰਹੇ ਲੋਕਾਂ ਲਈ ਪੱਕੇ ਸਟੇਟਸ ਦੀ ਮੰਗ ਵਿਚਕਾਰ ਟਕਰਾਅ ਹੋਰ ਸਪਸ਼ਟ ਹੋ ਰਿਹਾ ਹੈ।

***

## ਸਿਆਸੀ ਰੈਲੀਆਂ ਅਤੇ ਯਾਤਰਾਵਾਂ

ਅਤੇ ਕਰੀਬ ਚਾਰ ਹਜ਼ਾਰ ਕਿਲੋਮੀਟਰ ਦਾ ਸਫ਼ਰ ਤੈਅ ਕਰਨਗੀਆਂ।ਇਹ ਯਾਤਰਾਵਾਂ 30 ਸਤੰਬਰ ਨੂੰ ਜਲੰਧਰ 'ਚ ਸਮਾਪਤ ਹੋਣੀਆਂ ਹਨ। ਭਾਜਪਾ ਵੱਲੋਂ ਸਮਾਪਤੀ ਸਮਾਗਮ 'ਚ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਸਮੇਤ ਕਈ ਸੀਨੀਅਰ ਆਗੂਆਂ ਦੇ ਪਹੁੰਚਣ ਦੀ ਗੱਲ ਕਹੀ ਗਈ ਹੈ।

ਭਾਜਪਾ ਦੀ ਇਸ ਮੁਹਿੰਮ ਦੇ ਜਵਾਬ 'ਚ 'ਆਪ' ਨੇ ਵੀ ਨਸ਼ੇ ਦੇ ਮੁੱਦੇ 'ਤੇ ਆਪਣਾ ਪੱਖ ਰੱਖਣਾ ਸ਼ੁਰੂ ਕਰ ਦਿੱਤਾ ਹੈ। ਹਾਲਾਂਕਿ ਪਾਰਟੀਆਂ ਨੇ ਅਜੇ ਆਪਣੇ ਸਾਰੇ ਸਿਆਸੀ ਪੱਤੇ ਨਹੀਂ ਖੋਲ੍ਹੇ ਹਨ, ਪਰ ਇਸ ਵੇਲੇ ਤਿੰਨ ਤਸਵੀਰਾਂ ਸਾਫ਼ ਨਜ਼ਰ ਆ ਰਹੀਆਂ ਹਨ। 'ਆਪ' ਸੱਤਾ 'ਚ ਹੋਣ ਕਾਰਨ ਆਪਣੇ ਕੰਮਾਂ ਦਾ ਰਿਪੋਰਟ ਕਾਰਡ ਲੈ ਕੇ ਲੋਕਾਂ ਵਿੱਚ ਜਾਣ ਦੀ ਤਿਆਰੀ ਕਰ ਰਹੀ ਹੈ। ਭਾਜਪਾ ਨਸ਼ੇ ਦੇ ਮੁੱਦੇ ਨੂੰ ਕੇਂਦਰ 'ਚ ਰੱਖ ਕੇ ਸੂਬੇ ਦੇ ਹਰ ਵਿਧਾਨ ਸਭਾ ਹਲਕੇ ਤੱਕ ਪਹੁੰਚ ਬਣਾਉਣ ਦੀ ਕੋਸ਼ਿਸ਼ ਕਰ ਰਹੀ ਹੈ, ਜਦਕਿ ਅਕਾਲੀ ਦਲ ਆਪਣੀ ਸਿਆਸੀ ਜ਼ਮੀਨ ਮਜ਼ਬੂਤ ਕਰਨ ਲਈ ਰੈਲੀਆਂ ਕਰ ਰਿਹਾ ਹੈ।

ਚੋਣਾਂ ਦੌਰਾਨ ਨਸ਼ਾ, ਸਰਕਾਰ ਦੀ ਕਾਰਗੁਜ਼ਾਰੀ, ਕਾਨੂੰਨ-ਵਿਵਸਥਾ, ਵਿਕਾਸ, ਕਿਸਾਨੀ, ਬੇਰੁਜ਼ਗਾਰੀ ਅਤੇ ਪੰਜਾਬ ਦੇ ਹਿੱਤ ਨਾਲ ਜੁੜੇ ਮੁੱਦੇ ਚੋਣੀ ਚਰਚਾ ਦੇ ਕੇਂਦਰ 'ਚ ਰਹਿਣ ਦੀ ਸੰਭਾਵਨਾ ਹੈ।

***

## 'ਵੰਦੇ ਮਾਤਰਮ' ਨੂੰ ਲਾਜ਼ਮੀ ਬਣਾਉਣ ਵਾਲੀ

ਸੀਨੀਅਰ ਵਕੀਲ ਸੰਜੇ ਹੇਗੜੇ ਨੇ ਵੀ ਇਸ 'ਤੇ ਕਿਹਾ ਕਿ ਸੁਤੰਤਰ ਸੋਚ ਰੱਖਣ ਦਾ ਮਤਲਬ ਨਕਸਲਵਾਦੀ ਹੋਣਾ ਨਹੀਂ ਹੁੰਦਾ।

ਸਥਿਤੀ ਨੂੰ ਸ਼ਾਂਤ ਕਰਦਿਆਂ ਜਸਟਿਸ ਜੋਇਮਾਲਿਆ ਬਾਗਚੀ ਨੇ ਦੋਵਾਂ ਧਿਰਾਂ ਨੂੰ ਭਾਵੁਕ ਬਹਿਸਾਂ ਤੋਂ ਬਚਣ ਦੀ ਸਲਾਹ ਦਿੱਤੀ ਅਤੇ ਸਪੱਸ਼ਟ ਕੀਤਾ ਕਿ ਅਦਾਲਤ ਕਿਸੇ ਵੀ ਗੈਰ-ਜ਼ਰੂਰੀ ਲੇਬਲ ਜਾਂ ਬਿਆਨ ਨੂੰ ਰਿਕਾਰਡ 'ਤੇ ਨਹੀਂ ਲਵੇਗੀ, ਸਗੋਂ ਸਿਰਫ਼ ਸ਼ੁੱਧ ਸੰਵਿਧਾਨਕ ਵਿਆਖਿਆ ਤੱਕ ਸੀਮਤ ਰਹੇਗੀ।

**ਸੰਵਿਧਾਨਕ ਪਹਿਲੂ ਅਤੇ ਬਿਜੋਏ ਇਮੈਨੂਅਲ ਕੇਸ ਦੀ ਮਿਸਾਲ**

ਅਦਾਲਤ ਨੇ ਆਪਣੇ ਪੁਰਾਣੇ ਇਤਿਹਾਸਕ ਫ਼ੈਸਲੇ 'ਬਿਜੋਏ ਇਮੈਨੂਅਲ ਬਨਾਮ ਕੇਰਲ ਰਾਜ (1986)' ਦਾ ਹਵਾਲਾ ਦਿੱਤਾ।ਉਸ ਮਾਮਲੇ ਵਿੱਚ ਯਹੋਵਾਹ ਦੇ ਗਵਾਹ (ਇੱਕ ਇਸਾਈ ਫਿਰਕਾ) ਦੇ ਬੱਚਿਆਂ ਨੇ ਰਾਸ਼ਟਰੀ ਗਾਨ ਗਾਉਣ ਤੋਂ ਇਨਕਾਰ ਕਰ ਦਿੱਤਾ ਸੀ ਕਿਉਂਕਿ ਉਨ੍ਹਾਂ ਦਾ ਧਰਮ ਸਿਰਫ਼ ਰੱਬ ਦੀ ਬੰਦਗੀ ਦੀ ਇਜਾਜ਼ਤ ਦਿੰਦਾ ਸੀ। ਅਦਾਲਤ ਨੇ ਤਦ ਫ਼ੈਸਲਾ ਸੁਣਾਇਆ ਸੀ ਕਿ:

ਕਿਸੇ ਵਿਅਕਤੀ ਦਾ ਸਤਿਕਾਰ ਵਜੋਂ ਸ਼ਾਂਤ ਖੜ੍ਹੇ ਹੋਣਾ ਕਾਫ਼ੀ ਹੈ।

ਕਿਸੇ ਨੂੰ ਜ਼ਬਰਦਸਤੀ ਗਾਉਣ ਲਈ ਮਜਬੂਰ ਕਰਨਾ ਸੰਵਿਧਾਨ ਦੀ ਧਾਰਾ 19(1)(ਏ) (ਪ੍ਰਗਟਾਵੇ ਅਤੇ ਬੋਲਣ ਦੀ ਆਜ਼ਾਦੀ) ਅਤੇ ਧਾਰਾ 25 (ਅੰਤਰ-ਆਤਮਾ ਅਤੇ ਧਰਮ ਦੀ ਆਜ਼ਾਦੀ) ਦੀ ਸਿੱਧੀ ਉਲੰਘਣਾ ਹੈ।

ਸੁਪਰੀਮ ਕੋਰਟ ਨੇ ਹੁਣ ਕੇਂਦਰ ਤੋਂ ਜਵਾਬ ਮੰਗਿਆ ਹੈ ਕਿ ਕੀ ਨਵੇਂ ਸੋਧੇ ਹੋਏ ਕਾਨੂੰਨ ਨਾਲ ਧਾਰਮਿਕ ਆਧਾਰ 'ਤੇ ਗੀਤ ਨਾ ਗਾਉਣ ਵਾਲੇ ਵਿਅਕਤੀਆਂ 'ਤੇ ਅਪਰਾਧਿਕ ਕੇਸ ਦਰਜ ਹੋਣ ਦਾ ਖ਼ਤਰਾ ਪੈਦਾ ਨਹੀਂ ਹੁੰਦਾ?

**'ਭਗਵਾਂ ਏਜੰਡਾ' ਥੋਪਣ ਦੇ ਦੋਸ਼ ਕਿਉਂ ਲੱਗ ਰਹੇ ਹਨ?**

ਵਿਰੋਧੀ ਪਾਰਟੀਆਂ, ਮਨੁੱਖੀ ਅਧਿਕਾਰ ਸੰਗਠਨਾਂ ਅਤੇ ਬੁੱਧੀਜੀਵੀਆਂ ਦਾ ਦੋਸ਼ ਹੈ ਕਿ ਮੋਦੀ ਸਰਕਾਰ ਰਾਸ਼ਟਰਵਾਦ ਦੀ ਆੜ ਵਿੱਚ ਭਾਰਤ ਦੇ ਬਹੁਲਤਾਵਾਦੀ ਚਰਿੱਤਰ ਨੂੰ ਖ਼ਤਮ ਕਰਕੇ ਇੱਕ ਖ਼ਾਸ ਵਿਚਾਰਧਾਰਾ ਨੂੰ ਥੋਪ ਰਹੀ ਹੈ।

ਆਲੋਚਕਾਂ ਅਨੁਸਾਰ 'ਵੰਦੇ ਮਾਤਰਮ' ਦਾ ਪਿਛੋਕੜ ਬੰਕਿਮ ਚੰਦਰ ਚੈਟਰਜੀ ਦੇ 1882 ਦੇ ਨਾਵਲ 'ਆਨੰਦਮਠ' ਨਾਲ ਜੁੜਿਆ ਹੋਇਆ ਹੈ। ਇਸ ਗੀਤ ਦੇ ਕੁਝ ਅੰਤਰਿਆਂ ਵਿੱਚ ਮਾਤ-ਭੂਮੀ ਨੂੰ ਦੁਰਗਾ, ਲਕਸ਼ਮੀ ਅਤੇ ਸਰਸਵਤੀ ਵਰਗੀਆਂ ਹਿੰਦੂ ਦੇਵੀਆਂ ਦੇ ਸਮਾਨੰਤਰ ਮੰਨ ਕੇ ਪੂਜਿਆ ਗਿਆ ਹੈ। ਆਲੋਚਕਾਂ ਦਾ ਕਹਿਣਾ ਹੈ ਕਿ ਗੀਤ ਦੇ ਪਹਿਲੇ ਦੋ ਪੰਦਰਵਾੜੇ ਤਾਂ ਸਿਰਫ਼ ਵਤਨ ਦੀ ਖ਼ੂਬਸੂਰਤੀ ਦਾ ਬਿਆਨ ਕਰਦੇ ਹਨ, ਪਰ ਸਮੁੱਚਾ ਗੀਤ ਧਾਰਮਿਕ ਮੂਰਤੀ-ਪੂਜਾ ਦੀ ਭਾਵਨਾ ਨਾਲ ਜੁੜਿਆ ਹੈ। ਇਸ ਨੂੰ ਕਾਨੂੰਨ ਦੇ ਡੰਡੇ ਨਾਲ ਹਰ ਨਾਗਰਿਕ 'ਤੇ ਲਾਜ਼ਮੀ ਕਰਨਾ ਦੇਸ਼ ਦੇ ਧਰਮ-ਨਿਰਪੱਖ ਸੰਵਿਧਾਨਕ ਸਰੂਪ 'ਤੇ ਹਮਲਾ ਹੈ।

**ਸਿੱਖ ਵਿਰੋਧ ਦੇ ਧਾਰਮਿਕ ਤੇ ਸਿਧਾਂਤਕ ਆਧਾਰ**

ਸਿੱਖ ਧਰਮ ਦੇ ਵਿਦਵਾਨਾਂ, ਚਿੰਤਕਾਂ ਅਤੇ ਧਾਰਮਿਕ ਜਥੇਬੰਦੀਆਂ ਨੇ ਇਸ ਕਾਨੂੰਨੀ ਸੋਧ ਅਤੇ 'ਵੰਦੇ ਮਾਤਰਮ' ਨੂੰ ਲਾਜ਼ਮੀ ਬਣਾਉਣ ਦੀ ਨੀਤੀ ਦਾ ਡਟਵਾਂ ਵਿਰੋਧ ਕੀਤਾ ਹੈ। ਸਿੱਖ ਚਿੰਤਕ ਗੁਰਤੇਜ ਸਿੰਘ ਆਈ.ਏ.ਐਸ. ਦਾ ਕਹਿਣਾ ਹੈ ਕਿ ਸਿੱਖ ਧਰਮ ਨਿਰਗੁਣ ਵਾਲੀ ਹੈ। ਗੁਰਮਤਿ ਦਾ ਮੁੱਢਲਾ ਅਸੂਲ ਹੈ ਕਿ ਸਿਰਫ਼ ਅਕਾਲ ਪੁਰਖ (ਨਿਰਾਕਾਰ ਰੱਬ) ਦੀ ਹੀ ਇਬਾਦਤ ਕੀਤੀ ਜਾ ਸਕਦੀ ਹੈ। ਗੁਰਬਾਣੀ ਕਿਸੇ ਵੀ ਮਨੁੱਖ, ਦੇਵੀ-ਦੇਵਤੇ, ਮੂਰਤੀ ਜਾਂ ਜ਼ਮੀਨ ਦੇ ਟੁਕੜੇ ਨੂੰ ਪੂਜਣਯੋਗ ਦੇਵੀ ਮੰਨ ਕੇ ਉਸ ਅੱਗੇ ਮੱਥਾ ਟੇਕਣ ਦੀ ਸਖ਼ਤ ਮਨਾਹੀ ਕਰਦੀ ਹੈ। ਗੀਤ ਵਿੱਚ ਧਰਤੀ ਨੂੰ ਦੇਵੀ ਮੰਨ ਕੇ ਕੀਤੀ ਗਈ ਅਰਾਧਨਾ ਸਿੱਖੀ ਦੀ ਰਹਿਤ ਮਰਯਾਦਾ ਨਾਲ ਮੇਲ ਨਹੀਂ ਖਾਂਦੀ।

ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਦਾ ਕਹਿਣਾ ਹੈ ਕਿ ਭਾਰਤ ਦੀ ਆਜ਼ਾਦੀ ਅਤੇ ਸੁਰੱਖਿਆ ਲਈ ਸਿੱਖਾਂ ਨੇ 80 ਫ਼ੀਸਦੀ ਤੋਂ ਵੱਧ ਕੁਰਬਾਨੀਆਂ ਦਿੱਤੀਆਂ ਹਨ। ਪਰ ਦੇਸ਼-ਭਗਤੀ ਨੂੰ ਕਿਸੇ ਖ਼ਾਸ ਧਾਰਮਿਕ ਬੰਦਨਾ ਜਾਂ ਸ਼ਬਦਾਵਲੀ ਨਾਲ ਜੋੜ ਕੇ ਪਰਖਣਾ ਅਤੇ ਵਫ਼ਾਦਾਰੀ ਦਾ ਸਰਟੀਫਿਕੇਟ ਮੰਗਣਾ ਨਾ-ਬਰਦਾਸ਼ਤਯੋਗ ਹੈ।

ਉਨ੍ਹਾਂ ਦਾ ਕਹਿਣਾ ਹੈ ਕਿ ਕੇਂਦਰ ਸਰਕਾਰ ਰਾਸ਼ਟਰੀ ਏਕਤਾ ਦੇ ਨਾਂਅ 'ਤੇ ਘੱਟ-ਗਿਣਤੀਆਂ (ਸਿੱਖ, ਮੁਸਲਮਾਨ, ਇਸਾਈ ਆਦਿ) ਦੀ ਵਿਲੱਖਣ ਧਾਰਮਿਕ ਤੇ ਸੱਭਿਆਚਾਰਕ ਹੋਂਦ ਨੂੰ ਮਿਟਾ ਕੇ ਇੱਕੋ ਰੰਗ ਵਿੱਚ ਰੰਗਣਾ ਚਾਹੁੰਦੀ ਹੈ। ਕਿਸੇ ਵਿਸ਼ੇਸ਼ ਧਾਰਮਿਕ ਪਿਛੋਕੜ ਵਾਲੇ ਗੀਤ ਨੂੰ ਰਾਸ਼ਟਰਵਾਦ ਦਾ ਇਕਲੌਤਾ ਪੈਮਾਨਾ ਬਣਾਉਣਾ ਸੰਘੀ ਢਾਂਚੇ ਅਤੇ ਲੋਕਤੰਤਰ ਦੀ ਭਾਵਨਾ ਦੇ ਵਿਰੁੱਧ ਹੈ।

ਮੁੱਖ ਸੰਵਿਧਾਨਕ ਸਵਾਲ ਜਿਨ੍ਹਾਂ 'ਤੇ ਸੁਣਵਾਈ ਜਾਰੀ ਹੈ:

ਕੀ ਕਿਸੇ ਨਾਗਰਿਕ ਨੂੰ ਉਸ ਦੇ ਧਾਰਮਿਕ ਵਿਸ਼ਵਾਸ ਦੇ ਉਲਟ ਜਾ ਕੇ ਰਾਸ਼ਟਰੀ ਗੀਤ ਗਾਉਣ ਲਈ ਕਾਨੂੰਨੀ ਤੌਰ 'ਤੇ ਮਜਬੂਰ ਕੀਤਾ ਜਾ ਸਕਦਾ ਹੈ?

ਰਾਸ਼ਟਰੀ ਪ੍ਰਤੀਕ ਦਾ ਸਤਿਕਾਰ ਕਰਨ (ਜਿਵੇਂ ਖੜ੍ਹੇ ਹੋਣਾ) ਅਤੇ ਉਸ ਨੂੰ ਜ਼ਬਰਦਸਤੀ ਗਾਉਣ ਵਿਚਕਾਰ ਕਾਨੂੰਨੀ ਲਕੀਰ ਕਿੱਥੇ ਖਿੱਚੀ ਜਾਵੇਗੀ?

ਕੀ ਗੀਤ ਗਾਉਣ ਵਿੱਚ ਹਿੱਸਾ ਨਾ ਲੈਣਾ ਕਿਸੇ ਇਕੱਠ ਵਿੱਚ 'ਵਿਘਨ ਪਾਉਣਾ' ਮੰਨਿਆ ਜਾ ਸਕਦਾ ਹੈ?

ਕੀ ਅਜਿਹੀ ਕਾਨੂੰਨੀ ਵਿਵਸਥਾ ਧਾਰਾ 25 ਤਹਿਤ ਮਿਲੀ ਜ਼ਮੀਰ ਦੀ ਆਜ਼ਾਦੀ ਦਾ ਹਨਨ ਨਹੀਂ ਕਰਦੀ?

ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਤੋਂ ਇਸ ਮਾਮਲੇ 'ਤੇ ਸਪੱਸ਼ਟੀਕਰਨ ਮੰਗਿਆ ਹੈ। ਅਦਾਲਤ ਦੇ ਤਾਜ਼ਾ ਰੁਖ਼ ਨੇ ਇਹ ਸੰਕੇਤ ਜ਼ਰੂਰ ਦਿੱਤਾ ਹੈ ਕਿ ਦੇਸ਼-ਭਗਤੀ ਦੇ ਨਾਂਅ 'ਤੇ ਨਾਗਰਿਕਾਂ ਦੇ ਮੂਲ ਮਨੁੱਖੀ ਤੇ ਧਾਰਮਿਕ ਅਧਿਕਾਰਾਂ ਨੂੰ ਕੁਚਲਣ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ।

***

## ਅਕਾਲੀ ਦਲ ਵਾਰਿਸ ਪੰਜਾਬ 'ਚ ਸ਼ਾਮਲ ਹੋਏ

ਜਥੇਬੰਦੀ ਦੇ ਆਗੂ ਤਰਸੇਮ ਸਿੰਘ ਨੇ ਕਿਹਾ ਕਿ ਆਮ ਆਦਮੀ ਪਾਰਟੀ ਨੇ ਸੱਤਾ ਵਿੱਚ ਆਉਣ ਤੋਂ ਪਹਿਲਾਂ ਸੂਬੇ ਵਿੱਚੋਂ ਨਸ਼ਾ ਅਤੇ ਭ੍ਰਿਸ਼ਟਾਚਾਰ ਖ਼ਤਮ ਕਰਨ ਦੀਆਂ ਗਾਰੰਟੀਆਂ ਦਿੱਤੀਆਂ ਸਨ, ਪਰ ਅੱਜ ਇਹ ਦੋਵੇਂ ਸਮੱਸਿਆਵਾਂ ਹੋਰ ਵਧ ਚੁੱਕੀਆਂ ਹਨ। ਉਨ੍ਹਾਂ ਦਾਅਵਾ ਕੀਤਾ ਕਿ ਜੇਕਰ ਉਨ੍ਹਾਂ ਦੀ ਪਾਰਟੀ ਸੱਤਾ ਵਿੱਚ ਆਉਂਦੀ ਹੈ ਤਾਂ ਨਸ਼ਾ ਤਸਕਰਾਂ ਦੀ ਨਿਸ਼ਾਨਦੇਹੀ ਕਰਕੇ ਉਨ੍ਹਾਂ ਵਿਰੁੱਧ ਸਖ਼ਤ ਤੋਂ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

## ਸਮੇਂ ਦੇ ਨਾਲ ਬਦਲਦਾ ਰਿਹੈ

ਅਤੇ ਆਪਣੇ ਉਤਪਾਦਾਂ ਨੂੰ ਪਾਕਿਸਤਾਨ ਤੋਂ ਬਾਹਰ ਨਿਰਯਾਤ ਕਰਦੀਆਂ ਹਨ।

ਕਾਰਬਨ ਫਾਈਬਰ ਦੀ ਆਮਦ ਨੇ ਖੇਡ ਵਿੱਚ ਵੱਡੀ ਤਬਦੀਲੀ ਲਿਆਂਦੀ ਹੈ।

ਮੁੱਖ ਤੌਰ 'ਤੇ ਕ੍ਰਿਕਟ ਹੈਲਮੇਟ ਬਣਾਉਣ ਲਈ ਜਾਣੀ ਜਾਂਦੀ ਕੰਪਨੀ 'ਸ਼੍ਰੇਅ ਸਪੋਰਟਸ' ਦੇ ਮਾਲਕ ਰਾਘਵ ਕੋਹਲੀ ਨੇ ਕਿਹਾ, 'ਅਸੀਂ ਭਾਰਤ ਵਿੱਚ ਸਭ ਤੋਂ ਪਹਿਲਾਂ ਕੰਪੋਜ਼ਿਟ ਹਾਕੀ ਸਟਿੱਕਾਂ ਬਣਾਈਆਂ ਸਨ।2005-2006 ਵਿੱਚ, ਅਸੀਂ ਕਾਰਬਨ ਫਾਈਬਰ ਤੋਂ ਹਾਕੀ ਸਟਿੱਕਾਂ ਬਣਾਉਣੀਆਂ ਸ਼ੁਰੂ ਕੀਤੀਆਂ ਅਤੇ ਇਨ੍ਹਾਂ ਦਾ ਨਿਰਯਾਤ ਵੀ ਕੀਤਾ ਗਿਆ, ਪਰ ਅੰਤਰਰਾਸ਼ਟਰੀ ਬਾਜ਼ਾਰ ਵਿੱਚ ਵਧਦੇ ਮੁਕਾਬਲੇ ਕਾਰਨ ਅਸੀਂ ਇਹ ਕੰਮ ਬੰਦ ਕਰ ਦਿੱਤਾ ਸੀ।'

ਹਾਲਾਂ ਕਿ, 'ਸ਼੍ਰੇਅ' ਨੇ ਪਿਛਲੇ ਚਾਰ ਸਾਲਾਂ ਤੋਂ ਦੁਬਾਰਾ ਹਾਕੀ ਸਟਿੱਕਾਂ ਬਣਾਉਣਾ ਸ਼ੁਰੂ ਕਰ ਦਿੱਤਾ ਹੈ ਅਤੇ ਭਾਰਤੀ ਮਹਿਲਾ ਟੀਮ ਦੀ ਖਿਡਾਰਨ ਸਾਕਸ਼ੀ ਰਾਣਾ ਅਤੇ ਬ੍ਰਿਟਿਸ਼ ਸਟਾਰ ਜੈਕਬ ਡ੍ਰੇਪਰ ਉਨ੍ਹਾਂ ਦੇ ਉਤਪਾਦਾਂ ਦੀ ਵਰਤੋਂ ਕਰਨ ਵਾਲੇ ਖਿਡਾਰੀਆਂ ਵਿੱਚੋਂ ਹਨ।

ਕੋਹਲੀ ਨੇ ਕਿਹਾ, 'ਹਾਕੀ ਮੇਰੇ ਲਈ ਇੱਕ ਜਨੂੰਨ ਹੈ ਅਤੇ 2006 ਵਿੱਚ ਇਸ ਨੂੰ ਬੰਦ ਕਰਨ ਦੇ ਬਾਵਜੂਦ, ਮੈਂ ਹਾਕੀ ਸਟਿੱਕ ਦੇ ਕਾਰੋਬਾਰ ਨੂੰ ਮੁੜ ਸੁਰਜੀਤ ਕਰਨ ਦਾ ਫੈਸਲਾ ਕੀਤਾ ਅਤੇ ਅਸੀਂ ਅੰਤਰਰਾਸ਼ਟਰੀ ਬਾਜ਼ਾਰ ਵਿੱਚ ਲਗਾਤਾਰ ਤਰੱਕੀ ਕਰ ਰਹੇ ਹਾਂ।'

ਜਦੋਂ ਸਟਿੱਕਾਂ ਲੱਕੜ ਦੀ ਬਜਾਏ ਹੋਰ ਸਮੱਗਰੀ ਦੀਆਂ ਬਣਨ ਲੱਗੀਆਂ, ਤਾਂ ਅਸਲ ਵਿੱਚ ਕੀ ਬਦਲਾਅ ਆਇਆ?

ਪਾਂਡੇ ਨੇ ਕਿਹਾ, 'ਖੇਡ ਬਹੁਤ ਤੇਜ਼ ਹੋ ਗਈ ਹੈ। ਲੱਕੜ ਦੀਆਂ ਸਟਿੱਕਾਂ ਜ਼ਿਆਦਾ ਸਮਾਂ ਨਹੀਂ ਚੱਲਦੀਆਂ ਸਨ।ਆਧੁਨਿਕ ਸਟਿੱਕਾਂ ਬਣਾਉਣ ਲਈ ਵਰਤਿਆ ਜਾਣ ਵਾਲਾ ਕਾਰਬਨ ਫਾਈਬਰ ਅਤੇ ਰੈਜ਼ਿਨ ਹਵਾਬਾਜ਼ੀ-ਪੱਧਰ ਦੀ ਸਮੱਗਰੀ ਵਰਗਾ ਹੁੰਦਾ ਹੈ।ਸਟਿੱਕਾਂ ਵਿੱਚ ਸੁਧਾਰ ਦੇ ਨਾਲ ਖਿਡਾਰੀਆਂ ਵਿਚਕਾਰ ਗੇਂਦ ਦਾ ਆਦਾਨ-ਪ੍ਰਦਾਨ, ਹੁਨਰ ਦਾ ਪ੍ਰਦਰਸ਼ਨ ਅਤੇ ਗੋਲ ਕਰਨ ਦੀ ਗੁਣਵੱਤਾ ਇੱਕ ਉੱਚ ਪੱਧਰ 'ਤੇ ਪਹੁੰਚ ਗਈ ਹੈ।'

***

## ਕਾਰਪੋਰੇਟ ਕਰਜ਼ਿਆਂ ਦਾ 'ਜਲੇਬੀ ਜਾਲ'

ਇਸ ਦਾ ਮਤਲਬ ਹੈ ਕਿ ਅਦਾਲਤ ਅਨੁਸਾਰ ਚੰਦਰਾ ਦਾ ਇਨ੍ਹਾਂ ਲੈਣਦਾਰਾਂ ਨਾਲ ਕੋਈ ਸਿੱਧਾ ਸਬੰਧ ਸਾਬਤ ਨਾ ਹੋਣ ਕਰਕੇ ਉਸ ਦਾ ਫ਼ੈਸਲਾ ਦਰੁਸਤ ਸੀ।ਇਸ ਦਾ ਵਿਰੋਧ ਕਰਨ ਵਾਲੇ ਬੈਂਕਾਂ ਕੋਲ ਸਿਰਫ਼ 18 ਫ਼ੀਸਦੀ ਦੇ ਕਰੀਬ ਵੋਟ ਹੋਣ ਕਾਰਨ ਉਹ ਸ਼ਾਇਦ ਹੀ ਕਿਸੇ ਉੱਚ ਅਦਾਲਤ ਵਿੱਚ ਇਸ ਕੇਸ ਵਿਰੁੱਧ ਕਾਰਗਰ ਅਪੀਲ ਕਰ ਸਕਣਗੇ।ਇਸ ਪੂਰੇ ਮਾਮਲੇ ਵਿੱਚ ਅਸਲ ਸਵਾਲ ਇਹ ਖੜ੍ਹਾ ਹੁੰਦਾ ਹੈ ਕਿ ਆਖ਼ਰਕਾਰ ਇਹ ਤੈਅ ਕਿਸ ਨੇ ਕੀਤਾ ਕਿ ਸੁਭਾਸ਼ ਚੰਦਰਾ ਦੀ ਕੁੱਲ ਜਾਇਦਾਦ 6 ਕਰੋੜ ਰੁਪਏ ਤੋਂ ਵੀ ਘੱਟ ਹੈ?

ਹੁਣ ਅਸਲ ਸਵਾਲ ਇਹ ਹੈ: ਕੀ ਇਸ ਕਥਿਤ 22,006 ਕਰੋੜ ਰੁਪਏ ਦੇ ਘਾਟੇ ਦੀ ਰਕਮ ਆਮ ਲੋਕਾਂ ਦੀ ਜੇਬ 'ਚੋਂ ਜਾਏਗੀ? ਸਾਰੀਆਂ ਗੱਲਾਂ ਨੂੰ ਇਕ ਪਾਸੇ ਰੱਖ ਕੇ ਮਾਮਲੇ ਦੀ ਜੜ੍ਹ ਤੱਕ ਪਹੁੰਚਣ 'ਤੇ ਪਤਾ ਚੱਲਦਾ ਹੈ ਕਿ ਅੰਤ ਵਿੱਚ ਇਸ ਘੁਟਾਲੇ ਦੀ ਕੀਮਤ ਆਮ ਜਨਤਾ ਨੂੰ ਹੀ ਚੁਕਾਉਣੀ ਪਵੇਗੀ।ਇਸ ਪੂੰਜੀ ਘਾਟੇ ਕਾਰਨ ਬੈਂਕਾਂ 'ਤੇ ਅਸਰ ਪੈਂਦਾ ਹੈ ਅਤੇ ਅਸਲ ਲੋੜਵੰਦਾਂ ਲਈ ਕਰਜ਼ੇ ਮਿਲਣੇ ਔਖੇ ਹੋ ਜਾਂਦੇ ਹਨ।ਭਾਵੇਂ ਐੱਸਲ ਸਮੂਹ ਨਾਲ ਸੰਬੰਧਿਤ ਕੰਪਨੀਆਂ ਨੇ ਇਸ ਮੁੜ-ਅਦਾਇਗੀ ਨੂੰ ਮਨਜ਼ੂਰੀ ਦਿੱਤੀ ਹੈ, ਪਰ ਇਸ ਕਾਰਨ ਹੋਣ ਵਾਲਾ ਨੁਕਸਾਨ ਉਨ੍ਹਾਂ ਦਾ ਨਿੱਜੀ ਨੁਕਸਾਨ ਨਹੀਂ ਹੋਵੇਗਾ, ਕਿਉਂਕਿ ਇੱਥੇ ਵੀ ਆਮ ਲੋਕਾਂ ਦਾ ਹੀ ਸਰਮਾਇਆ ਲੱਗਾ ਹੋਇਆ ਹੈ।ਤਕਨੀਕੀ ਰੂਪ 'ਚ ਬੈਂਕਾਂ ਦੇ ਇਸ ਘਾਟੇ ਦਾ ਅਸਲ ਬੋਝ ਆਮ ਲੋਕਾਂ ਅਤੇ ਟੈਕਸਦਾਤਿਆਂ ਦੇ ਸਿਰ 'ਤੇ ਹੀ ਪਵੇਗਾ।

ਪਰ ਤਾਜ਼ਾ ਜਾਣਕਾਰੀ ਅਨੁਸਾਰ, ਦੀਵਾਲਾ ਟ੍ਰਿਬਿਊਨਲ (ਐੱਨ.ਸੀ.ਐੱਲ.ਟੀ.) ਦੇ ਮੁੜ-ਗਠਿਤ ਬੈਂਚ ਨੇ ਨਿਪਟਾਰੇ ਵਾਲੇ ਆਪਣੇ ਪਹਿਲੇ ਹੁਕਮ 'ਤੇ ਰੋਕ ਲਗਾ ਦਿੱਤੀ ਹੈ ਅਤੇ ਨਾਲ ਹੀ ਸੁਭਾਸ਼ ਚੰਦਰਾ ਨੂੰ ਆਪਣੀ ਕੋਈ ਵੀ ਜਾਇਦਾਦ ਵੇਚਣ ਤੋਂ ਰੋਕ ਦਿੱਤਾ ਹੈ। ਇਸ ਮਾਮਲੇ ਦੀ ਅਗਲੀ ਸੁਣਵਾਈ 23 ਸਤੰਬਰ ਨੂੰ ਹੋਵੇਗੀ।

***

## ਭਾਰਤ ਦੀ ਗੁੱਟ-ਨਿਰਲੇਪਤਾ

ਉਹ ਸ਼ੀਤ ਯੁੱਧ ਦੌਰਾਨ ਵੀ ਮਹਾਂਸ਼ਕਤੀਆਂ ਵਿਚਾਲੇ ਤੀਜੀ ਨਿਰਪੱਖ ਧਾਰਾ ਦਾ ਸਮਰਥਕ ਰਿਹਾ ਹੈ।ਭਾਰਤ ਨੇ ਦੂਜੇ ਵਿਸ਼ਵ ਯੁੱਧ ਤੋਂ ਬਾਅਦ ਸਾਮਰਾਜਵਾਦੀ ਤਾਕਤਾਂ ਦੇ ਚੁੰਗਲ ਵਿੱਚੋਂ ਆਜ਼ਾਦ ਹੋਏ ਦੇਸ਼ਾਂ ਦੇ ਗੁੱਟ-ਨਿਰਲੇਪ ਅੰਦੋਲਨ ਦੀ ਅਗਵਾਈ ਕੀਤੀ ਸੀ, ਭਾਵੇਂ ਇਹ ਗੱਲ ਅਮਰੀਕਾ ਨੂੰ ਹਮੇਸ਼ਾ ਪ੍ਰੇਸ਼ਾਨ ਕਰਦੀ ਰਹੀ।ਸਾਡੀ ਸੋਵੀਅਤ ਯੂਨੀਅਨ ਨਾਲ ਦੋਸਤੀ ਹਮੇਸ਼ਾ ਬਰਾਬਰੀ ਦੀਆਂ ਸ਼ਰਤਾਂ 'ਤੇ ਰਹੀ ਸੀ; ਇਸੇ ਲਈ ਪੂਰਬੀ ਯੂਰਪ ਦੇ ਕਈ ਦੇਸ਼ਾਂ ਦੇ ਉਲਟ ਭਾਰਤ ਕਦੇ ਮਾਸਕੋ ਦਾ ਪਿਛਲੱਗੂ ਨਹੀਂ ਬਣਿਆ।ਇਹ ਇਕ ਸਹੀ ਨੀਤੀ ਹੈ।ਬ੍ਰਿਕਸ ਦਾ ਸੰਦੇਸ਼ ਸਪੱਸ਼ਟ ਹੈ—ਟਰੰਪ ਦੀਆਂ ਵਿਘਨਕਾਰੀ ਨੀਤੀਆਂ ਕਾਰਨ ਪੈਦਾ ਹੋਏ ਵਿਗਾੜ ਕਰਕੇ ਮੋਦੀ ਸਰਕਾਰ ਦੀ ਵਿਦੇਸ਼ ਨੀਤੀ ਵਿੱਚ ਜੋ ਭਟਕਾਅ ਆਇਆ ਸੀ, ਹੁਣ ਸਰਕਾਰ ਉਸ ਤੋਂ ਪਿੱਛੇ ਹਟ ਕੇ ਇਕ ਠੋਸ ਸੰਤੁਲਨ ਵੱਲ ਵਧ ਰਹੀ ਹੈ।ਖ਼ੈਰ! ਦੇਰ ਆਏ, ਦਰੁਸਤ ਆਏ।

***

## ਹਿਜ਼ਬੁਲਾ, ਹੂਤੀ, ਹਮਾਸ ਇਰਾਨ

ਪਰ ਦੇਸ਼ ਭਗਤ ਜਾਂਬਾਜ਼ ਹੂਤੀ ਅੱਗੋਂ ਡਟ ਗਏ ਹਨ।ਉਹਨਾਂ ਅਮਰੀਕੀ ਤੇਲ ਕੰਪਨੀ 'ਅਰਾਮਕੋ', ਸਾਊਦੀ ਤੇਲ ਪਾਈਪ ਲਾਈਨ ਉੱਤੇ ਵੱਡਾ ਹਮਲਾ ਕੀਤਾ ਹੈ।ਸਾਊਦੀ ਲਈ ਬਾਬ-ਅਲ-ਮੰਦੇਬ ਸਮੁੰਦਰੀ ਲਾਂਘਾ ਬੰਦ ਕਰ ਦਿੱਤਾ ਹੈ।ਤੇ ਖ਼ਬਰਾਂ ਵਿੱਚ ਦਿੱਸ ਰਿਹਾ ਕਿ ਉਹ ਸਊਦੀ ਸਮਰਥਕ ਕਾਗਜ਼ੀ ਯਮਨ ਸਰਕਾਰ ਦੀਆਂ ਫੌਜਾਂ ਨੂੰ ਭਜਾ ਕੇ ਸਗੋਂ ਆਪਣੇ ਮੁਲਕ ਦੇ ਹੋਰ ਹਿਸੇ ਉੱਤੇ ਕੰਟਰੋਲ ਕਰ ਲੈਣਗੇ।

ਕਬਜ਼ੇ ਅਤੇ ਜ਼ੁਲਮਾਂ ਦੇ ਸ਼ਿਕਾਰ ਫ਼ਲਸਤੀਨ ਦੇ ਦੋ ਖਿੱਤੇ ਹਨ, ਵੈਸਟ ਬੈਂਕ ਤੇ ਗਾਜ਼ਾ।ਗਾਜ਼ਾ ਵਿਚ 'ਹਮਾਸ' ਜਥੇਬੰਦੀ ਨੇ 2006 ਵਿੱਚ 132 ਵਿਚੋਂ 74 ਸੀਟਾਂ ਜਿੱਤ ਕੇ ਸਥਾਨਕ ਪ੍ਰਸ਼ਾਸਨ ਸੰਭਾਲਿਆ, 16 ਸਾਲ ਲਗਾਤਾਰ ਚਲਾਇਆ। ਇਜ਼ਰਾਇਲ ਨੇ ਫ਼ਲਸਤੀਨੀਆਂ ਉੱਤੇ ਜ਼ੁਲਮ ਜਾਰੀ ਰੱਖਿਆ।ਦੁਨੀਆਂ ਫ਼ਲਸਤੀਨ ਨੂੰ ਅਜ਼ਾਦ ਦੇਸ਼ ਦਾ ਰੁਤਬਾ ਦਿਵਾਉਣ ਬਾਰੇ ਚੁੱਪ ਹੀ ਹੋ ਗਈ। ਇਸ ਤੋਂ ਭੜਕੇ ਹਮਾਸ ਸੰਗਠਨ ਨੇ ਹਤਾਸ਼ਾ ਵਿੱਚ ਹਮਲਾ ਅਤੇ ਅਗਵਾ ਕਰਨ ਦੀ ਗਲਤੀ ਕੀਤੀ (ਜਿਸ ਨੂੰ ਇਰਾਨ ਨੇ ਕਦੀ ਨਹੀਂ ਸਲਾਹਿਆ)।ਯੂ.ਏ.ਈ ਦੇ ਮੁੱਖ ਆਗੂ ਦੇ ਹਵਾਲੇ ਨਾਲ ਤਾਜ਼ਾ ਖ਼ਬਰ ਛਪੀ ਹੈ ਕਿ ਉਸਨੇ 2023 ਵਿੱਚ ਨੇਤਨਯਾਹੂ ਨੂੰ ਹਮਾਸ ਦੇ ਕਿਸੇ ਹਤਾਸ਼ਾ ਵਾਲੇ ਹਮਲੇ ਹੋਣ ਦੀ ਸੰਭਾਵਨਾ ਬਾਰੇ ਦੱਸਿਆ ਸੀ, ਪਰ ਉਸ ਨੇ ਘੇਸਲ ਮਾਰ ਕੇ ਸਗੋਂ ਇੱਕ ਤਰਾਂ ਢਿੱਲ ਦਿੱਤੀ ਅਤੇ ਹਮਲਾ ਹੋਣ ਦਿੱਤਾ, ਤਾਂ ਕਿ ਫਿਰ ਬਹਾਨੇ ਨਾਲ ਗਾਜ਼ਾ ਉੱਤੇ ਹਮਲਾ ਕਰਕੇ ਚੋਣਾਂ ਵਿੱਚ ਲਾਹਾ ਲੈ ਸਕੇ।ਇਹ ਖ਼ਬਰ ਸੁਣ ਕੇ ਭਾਰਤ ਵਿੱਚ ਲੋਕਾਂ ਪੁਲਵਾਮਾ ਅਤੇ ਪਹਿਲਗਾਮ ਦੀ ਘੁਸਰ ਮੁਸਰ ਵੀ ਕੀਤੀ।ਖ਼ੈਰ ਨਤੀਜਾ ਕਿ ਅੱਜ ਕੱਟੜ ਯਹੂਦੀ ਇਜ਼ਰਾਇਲ ਨੇ ਗਾਜ਼ਾ ਵਿੱਚ 75000 ਫਲਸਤੀਨੀ ਲੋਕ ਮਾਰ ਦਿੱਤੇ ਹਨ, ਜਿਨ੍ਹਾਂ ਵਿੱਚ 25000 ਬੱਚੇ ਹਨ।ਦੋ ਲੱਖ ਤੋਂ ਵੱਧ ਜ਼ਖ਼ਮੀ ਹਨ।ਮਲਬੇ ਹੇਠ ਦੱਬਿਆਂ ਦੀ ਕੋਈ ਗਿਣਤੀ ਨਹੀਂ।ਹਮਲੇ ਜਾਰੀ ਹਨ।ਅਮਰੀਕਾ ਦੀ ਨੀਤੀ ਇਹ ਲੱਗ ਰਹੀ ਕਿ ਇਜ਼ਰਾਇਲ ਜਿੰਨਾ ਵੀ ਲਿਬਨਾਨ, ਫ਼ਲਸਤੀਨ ਅਤੇ ਸੀਰੀਆ ਦੇ ਇਲਾਕਿਆਂ ਉੱਤੇ ਹੋਰ ਕਬਜ਼ਾ ਕਰ ਸਕਦਾ, ਕਰ ਲਵੇ।

ਦੁਨੀਆਂ ਵਿੱਚ ਸਿਰਫ਼ ਇਰਾਨ ਹੈ ਜਿੰਨ੍ਹੇ ਹਾਅ ਦਾ ਨਾਹਰਾ ਮਾਰਿਆ, ਇਜ਼ਰਾਇਲ ਅਮਰੀਕਾ ਨੂੰ ਅੱਗੋਂ ਸਿੱਧਾ ਟੱਕਰਿਆ ਅਤੇ ਆਪਣੇ ਅਮਰੀਕਾ ਨਾਲ ਸਮਝੌਤੇ ਨੂੰ ਪੂਰੇ ਖਿੱਤੇ ਵਿੱਚ ਇਜ਼ਰਾਇਲੀ ਹਮਲੇ ਰੋਕਣ ਨਾਲ ਜੋੜਿਆ। ਇਰਾਨ

ਫ਼ਲਸਤੀਨ ਦੀ ਅਜ਼ਾਦੀ ਲਈ ਵੀ ਅਡੋਲ ਖੜਾ ਹੈ।ਗਾਜ਼ਾ ਦੇ ਲੋਕ ਸੁੰਨੀ ਮੁਸਲਮਾਨ ਹਨ। ਸਭ ਸੁੰਨੀ ਮੁਲਕ ਚੁੱਪ ਹਨ, ਸਿਰਫ਼ ਮਗਰਮੱਛ ਵਾਲੇ ਹੰਝੂ।ਪਰ ਇਰਾਨ ਸ਼ੀਆ ਹੁੰਦਿਆਂ ਗਾਜ਼ਾ ਦੇ ਹੱਕ ਵਿੱਚ ਨਿੱਤਰਿਆ।

ਉਪਰੋਕਤ ਤੋਂ ਸਾਫ ਹੈ ਕਿ ਹਿਜ਼ਬੁਲਾ, ਹੂਤੀ ਅਤੇ ਹਮਾਸ ਆਪਣੇ ਆਪਣੇ ਮੁਲਕਾਂ ਦੇ ਚੁਣੇ ਅਤੇ ਪ੍ਰਵਾਨਿਤ ਦੇਸ਼ ਭਗਤ ਦਲੇਰ ਲੋਕ ਹਨ। ਉਹ ਇਰਾਨ ਦੇ ਪ੍ਰਾਕਸੀ (ਕਠਪੁਤਲੀ) ਨਹੀਂ ਹਨ। ਇਰਾਨ ਨਾਲ ਉਹਨਾਂ ਦੀ ਨੇੜਤਾ ਸਾਮਰਾਜ

ਵਿਰੋਧੀ ਅਤੇ ਅਮਰੀਕਾ ਇਜ਼ਰਾਇਲ ਦੇ ਘਾਤਕ ਮਨਸੂਬਿਆਂ ਵਿਰੁੱਧ ਇਕੋ ਜਿਹੀ ਸੋਚ ਕਰਕੇ ਹੈ।ਉਹ ਇਰਾਨੀ ਨਹੀਂ, ਆਪਣੇ ਆਪਣੇ ਮੁਲਕਾਂ ਦੇ ਅਣਖੀਲੇ ਜੁਝਾਰੂ ਸੰਗਠਨ ਹਨ।ਦੇਸ਼ਾਂ ਸੰਗਠਨਾਂ ਵੱਲੋਂ ਸਾਂਝੇ ਮੁੱਦਿਆਂ ਉੱਤੇ ਸਾਂਝਾ ਪੈਂਤੜਾ ਲੈਣ ਨਾਲ ਕੋਈ ਕਿਸੇ ਦਾ ਪ੍ਰਾਕਸੀ ਨਹੀਂ ਬਣ ਜਾਂਦਾ।

***

## ਨਸਲਵਾਦੀ ਹਮਲੇ ਖ਼ਿਲਾਫ਼ ਭਖੀ ਅਮਰੀਕੀ ਸਿਆਸਤ

ਭਾਈਚਾਰੇ ਦਾ ਕਹਿਣਾ ਹੈ ਕਿ ਅਜਿਹੇ ਗ਼ੈਰ-ਜ਼ਿੰਮੇਵਾਰਾਨਾ ਪ੍ਰਚਾਰ ਨੇ ਸਿੱਖ ਡਰਾਈਵਰਾਂ ਦੀ ਸੁਰੱਖਿਆ ਖ਼ਤਰੇ ਵਿੱਚ ਪਾ ਦਿੱਤੀ ਹੈ।

ਇਸ ਮਾਮਲੇ ਦੇ ਭਖਦਿਆਂ ਹੀ ਅਮਰੀਕੀ ਸਿਆਸਤ ਵਿੱਚ ਵੀ ਤਿੱਖੀ ਤਕਰਾਰ ਸ਼ੁਰੂ ਹੋ ਗਈ ਹੈ।ਹਾਊਸ ਮਾਈਨੋਰਟੀ ਲੀਡਰ ਹਕੀਮ ਜੈਫ਼ਰੀਜ਼ ਨੇ ਡਟਵਾਂ ਬਿਆਨ ਜਾਰੀ ਕਰਦਿਆਂ ਆਖਿਆ ਕਿ ਦੱਖਣੀ ਏਸ਼ੀਆਈ ਭਾਈਚਾਰੇ ਖ਼ਿਲਾਫ਼ ਦਿਨ-ਬ-ਦਿਨ ਵਧ ਰਹੀ ਨਫ਼ਰਤ ਜ਼ਮੀਰ ਨੂੰ ਝੰਜੋੜ ਕੇ ਰੱਖ ਦੇਣ ਵਾਲੀ ਹੈ।ਉਨ੍ਹਾਂ ਨੇ ਟਰੰਪ ਪ੍ਰਸ਼ਾਸਨ ਦੇ ਗ੍ਰਹਿ ਵਿਭਾਗ ਨੂੰ ਨਿਸ਼ਾਨੇ 'ਤੇ ਲੈਂਦਿਆਂ ਦੋਸ਼ ਲਾਇਆ ਕਿ ਸਰਕਾਰੀ ਤੰਤਰ ਵੱਲੋਂ ਅਜਿਹਾ ਜ਼ਹਿਰੀਲਾ ਅਤੇ ਨਸਲੀ ਪ੍ਰਚਾਰ ਕੀਤਾ ਜਾ ਰਿਹਾ ਹੈ, ਜਿਸ ਨਾਲ ਘੱਟ-ਗਿਣਤੀਆਂ 'ਤੇ ਹਮਲੇ ਵਧ ਰਹੇ ਹਨ।

ਜੈਫ਼ਰੀਜ਼ ਨੇ ਰਿਪਬਲਿਕਨ ਪਾਰਟੀ ਦੇ ਆਗੂ ਬੋ ਫ੍ਰੈਂਚ ਦਾ ਜ਼ਿਕਰ ਵੀ ਕੀਤਾ, ਜਿਸ ਨੇ ਯੂਨੀਵਰਸਿਟੀ ਆਫ਼ ਟੈਕਸਾਸ ਵਿੱਚ ਜਸ਼ਨ ਮਨਾ ਰਹੇ ਭਾਰਤੀ ਵਿਦਿਆਰਥੀਆਂ ਖ਼ਿਲਾਫ਼ ਸ਼ਰਮਨਾਕ ਟਿੱਪਣੀਆਂ ਕੀਤੀਆਂ ਸਨ। ਜੈਫ਼ਰੀਜ਼ ਨੇ ਸਾਫ਼ ਸ਼ਬਦਾਂ ਵਿੱਚ ਕਿਹਾ ਕਿ ਰੂੜ੍ਹੀਵਾਦੀ ਆਗੂ ਸ਼ਰੇਆਮ ਨਸਲਵਾਦੀ ਗਾਲੀ-ਗਲੋਚ ਕਰ ਰਹੇ ਹਨ ਅਤੇ ਬਾਕੀ ਰਿਪਬਲਿਕਨ ਚੁੱਪ ਧਾਰ ਕੇ ਤਮਾਸ਼ਾ ਵੇਖ ਰਹੇ ਹਨ।ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਅਮਰੀਕਾ ਦੁਨੀਆ ਭਰ ਤੋਂ ਆਏ ਮਿਹਨਤੀ ਲੋਕਾਂ ਦੇ ਸੁਮੇਲ ਨਾਲ ਬਣਿਆ ਇੱਕ ਖ਼ੂਬਸੂਰਤ ਦੇਸ਼ ਹੈ।ਜੇਕਰ ਕਿਸੇ ਵੀ ਮਿਹਨਤਕਸ਼ ਭਾਈਚਾਰੇ 'ਤੇ ਅਜਿਹੇ ਕਾਇਰਾਨਾ ਹਮਲੇ ਹੁੰਦੇ ਹਨ, ਤਾਂ ਇਹ ਦੇਸ਼ ਦੀ ਬੁਨਿਆਦ 'ਤੇ ਸਿੱਧਾ ਹਮਲਾ ਹੈ ਅਤੇ ਇਸ ਨਫ਼ਰਤ ਖ਼ਿਲਾਫ਼ ਸਾਰਿਆਂ ਨੂੰ ਇੱਕਜੁੱਟ ਹੋ ਕੇ ਲੜਨਾ ਪਵੇਗਾ।

***

## 'ਜੀ ਆਇਆਂ ਨੂੰ' ਕਹਿੰਦਿਆਂ...

ਜਦੋਂ ਕੋਈ ਨਵ ਵਿਆਹੁਤਾ ਲੰਮੀ ਉਡੀਕ ਬਾਅਦ ਸੁੱਖਾਂ-ਸੁੱਖਦੀ ਆਪਣੇ ਮਾਹੀ ਦੇ ਦੇਸ਼ ਪਹੁੰਚਦੀ ਹੈ ਤਾਂ ਪਤੀ ਵੱਲੋਂ ਫੁੱਲਾਂ ਦੇ ਗੁਲਦਸਤੇ ਨਾਲ ਕਿਹਾ ਜੀ ਆਇਆਂ ਮਨ ਨੂੰ ਅਜਿਹਾ ਸਕੂਨ ਦਿੰਦਾ ਹੈ ਕਿ ਦੋਵੇਂ ਇੱਕ ਦੂਜੇ ਨੂੰ ਗਲਵੱਕੜੀ ਵਿੱਚ ਲਈਂ ਅੱਖਾਂ ਵਿੱਚ ਆਏ ਖ਼ੁਸ਼ੀ ਦੇ ਹੰਝੂਆਂ ਨਾਲ ਸਰਸ਼ਾਰ ਹੋ ਜਾਂਦੇ ਹਨ। ਕਈ ਸਾਲਾਂ ਬਾਅਦ ਜਦੋਂ ਕਦੇ ਕੋਈ ਵਿਦੇਸ਼ੋਂ ਪਰਤ ਕੇ ਪਿੰਡ ਆਉਂਦਾ ਹੈ ਤਾਂ ਸਾਰਾ ਪਰਿਵਾਰ ਉਸ ਦਾ ਸਵਾਗਤ ਕਰਨ ਤੇ ਜੀ ਆਇਆਂ ਕਹਿਣ ਲਈ ਪੱਬਾਂ ਭਾਰ ਹੋਇਆ ਕਈ ਸਕੀਮਾਂ ਘੜਦਾ ਹੈ।ਘਰ ਦੇ ਵਿੱਛੜੇ ਜੀਆਂ ਦੇ ਆਉਣ ਦੀ ਖ਼ੁਸ਼ੀ ਮਨਾਉਂਦਿਆਂ ਫੁੱਲਾਂ ਦੇ ਗੁਲਦਸਤੇ ਭੇਂਟ ਕਰਕੇ, ਉਸ ਪ੍ਰਤੀ ਆਪਣਾ ਪਿਆਰ ਤੇ ਸਤਿਕਾਰ ਨਿਛਾਵਰ ਕੀਤਾ ਜਾਂਦਾ ਹੈ।ਬਹੁਤੇ ਲੋਕ ਤਾਂ ਹੁਣ ਕਿਸੇ ਆਪਣੇ ਦੀ ਆਮਦ 'ਤੇ ਕੇਕ ਕੱਟ ਕੇ ਆਪਣੀ ਖ਼ੁਸ਼ੀ ਦਾ ਇਜ਼ਹਾਰ ਕਰਦੇ ਹਨ।

ਜਦੋਂ ਕੋਈ ਖਿਡਾਰੀ ਜਾਂ ਟੀਮ ਅੰਤਰਰਾਸ਼ਟਰੀ ਮੁਕਾਬਲਿਆਂ ਵਿੱਚ ਤਗ਼ਮੇ ਲੈ ਕੇ ਦੇਸ਼ ਦਾ ਨਾਮ ਰੌਸ਼ਨ ਕਰਕੇ ਵਾਪਸ ਆਪਣੇ ਦੇਸ਼ ਪਰਤਦੇ ਹਨ ਤਾਂ ਹਵਾਈ ਅੱਡੇ ਉੱਤੇ ਹੀ ਉਨ੍ਹਾਂ ਦਾ ਸਵਾਗਤ ਕਰਨ ਤੇ ਜੀ ਆਇਆਂ ਕਹਿਣ ਲਈ ਵਿਸ਼ੇਸ਼ ਅਧਿਕਾਰੀ ਪਹੁੰਚਦੇ ਹਨ।ਫੁੱਲਾਂ ਦੇ ਹਾਰ ਪਾ ਕੇ ਉਨ੍ਹਾਂ ਦੀ ਜਿੱਤ ਦਾ ਜਸ਼ਨ ਮਨਾਇਆ ਜਾਂਦਾ ਹੈ। ਕਈ ਸ਼ਹਿਰਾਂ ਵਿੱਚ ਤਾਂ ਮੈਡਲ ਜੇਤੂ ਖਿਡਾਰੀਆਂ ਨੂੰ ਮਾਣ ਸਤਿਕਾਰ ਦੇਣ ਲਈ ਖੁੱਲ੍ਹੀਆਂ ਜੀਪਾਂ ਵਿੱਚ, ਉਨ੍ਹਾਂ ਦੇ ਗਲਾਂ ਵਿੱਚ ਫੁੱਲਾਂ ਦੇ ਹਾਰ ਪਾ ਕੇ ਜੇਤੂ ਜਲੂਸ ਕੱਢਿਆ ਜਾਂਦਾ ਹੈ।ਹਰ ਕੋਈ ਉਨ੍ਹਾਂ ਦੀ ਪ੍ਰਾਪਤੀ 'ਤੇ ਉਨ੍ਹਾਂ ਨੂੰ ਜੀ ਆਇਆਂ ਕਹਿਣ ਲਈ ਬੇਤਾਬ ਹੋ ਜਾਂਦਾ ਹੈ। ਕਿਸੇ ਵੀ ਖੇਤਰ ਦੇ ਜੇਤੂ ਲਈ ਇਹ ਪਲ ਬਹੁਤ ਅਨਮੋਲ ਤੇ ਨਿਵੇਕਲੇ ਹੁੰਦੇ ਹਨ।

ਕੋਈ ਵੀ ਸਮਾਗਮ ਭਾਵੇਂ ਸਰਕਾਰੀ, ਨਿੱਜੀ, ਦਫ਼ਤਰੀ ਜਾਂ ਹੋਰ ਕਿਸੇ ਤਰ੍ਹਾਂ ਦਾ ਵੀ ਹੋਵੇ, ਸਭ ਤੋਂ ਪਹਿਲਾਂ ਜੀ ਆਇਆਂ ਦੇ ਸ਼ਬਦ ਕਹਿ ਕੇ ਹੀ ਸ਼ੁਰੂਆਤ ਕੀਤੀ ਜਾਂਦੀ ਹੈ।ਇਸ ਤੋਂ ਬਾਅਦ ਹੀ ਅਗਲੇਰੀ ਕਾਰਵਾਈ ਚਲਾਈ ਜਾਂਦੀ ਹੈ।ਅਸਲ ਵਿੱਚ ਇਹ ਕੇਵਲ ਕੋਈ ਰਸਮੀ ਕਾਰਵਾਈ ਹੀ ਨਹੀਂ ਹੁੰਦੀ, ਸਗੋਂ ਮਨੁੱਖੀ ਸੂਝ-ਸਮਝ ਤੇ ਵਿਵੇਕ ਦਾ ਪ੍ਰਗਟਾਵਾ ਹੁੰਦੀ ਹੈ।ਆਮ ਜੀਵਨ ਵਿੱਚ ਵੀ ਇੱਕ ਦੂਜੇ ਨੂੰ ਖਿੜੇ ਚਿਹਰੇ ਨਾਲ ਮਿਲਣਾ-ਗਿਲਣਾ ਇੱਕ-ਦੂਜੇ ਨੂੰ ਜੀ ਆਇਆਂ ਕਹਿਣ ਦੇ ਸਮਾਨ ਹੀ ਹੁੰਦਾ ਹੈ।ਕਿਸੇ ਵੀ ਸਕੂਲ, ਕਾਲਜ, ਦਫ਼ਤਰ ਵਿੱਚ ਪਹੁੰਚਣ ਵਾਲੇ ਵਿਦਿਆਰਥੀ, ਅਧਿਆਪਕ ਤੇ ਮੁਲਾਜ਼ਮ ਹਰ ਰੋਜ਼ ਹੀ ਇੱਕ ਦੂਜੇ ਨੂੰ ਮਿਲਦੇ, ਨਿੱਘੀਆਂ ਗੱਲਾਂ-ਬਾਤਾਂ ਕਰਦੇ, ਸਾਝਾਂ ਦਾ ਪ੍ਰਗਟਾਵਾ ਕਰਦੇ, ਇੱਕ-ਦੂਜੇ ਦਾ ਹਾਲ-ਚਾਲ ਪੁੱਛਦੇ-ਦੱਸਦੇ, ਇੱਕ ਤਰ੍ਹਾਂ ਨਾਲ ਇੱਕ ਦੂਜੇ ਨੂੰ ਜੀ ਆਇਆਂ ਹੀ ਕਹਿ ਰਹੇ ਹੁੰਦੇ ਹਨ।

ਅਜੋਕੀ ਜ਼ਿੰਦਗੀ ਵਿੱਚ ਬਹੁਤ ਕੁਝ ਬਦਲਦਾ ਜਾ ਰਿਹਾ ਹੈ।ਵਿਸ਼ੇਸ਼ ਤੌਰ 'ਤੇ ਨੌਜਵਾਨ ਵਰਗ ਅਜੋਕੇ ਸੋਸ਼ਲ-ਮੀਡੀਆ ਦੇ ਜਾਲ ਵਿੱਚ ਬੁਰੀ ਤਰ੍ਹਾਂ ਖਚਤ ਹੁੰਦਾ ਜਾ ਰਿਹਾ ਹੈ।ਉਸ ਨੂੰ ਆਪਣੇ ਆਲੇ-ਦੁਆਲੇ ਦੀ ਕੋਈ ਖ਼ਬਰ ਹੀ ਨਹੀਂ।ਉਹ ਤਾਂ ਆਮ ਤੌਰ 'ਤੇ ਘਰ ਦੇ ਜੀਆਂ ਨਾਲ ਵੀ ਗੱਲਬਾਤ ਨਹੀਂ ਕਰਦਾ। ਕੇਵਲ ਵਟਸਐਪ, ਇੰਸਟਾਗ੍ਰਾਮ 'ਤੇ ਸੁਨੇਹੇ ਭੇਜਣੇ ਹੀ ਜ਼ਿੰਦਗੀ ਨਹੀਂ ਹੁੰਦੀ।ਲੋਕਾਂ ਨਾਲ ਮਿਲਣਾ ਤੇ ਸੰਵਾਦ ਰਚਾਉਣ ਨਾਲ ਵੀ ਬਹੁਤ ਕੁਝ ਸਿੱਖਿਆ ਜਾ ਸਕਦਾ ਹੈ। ਅਜੋਕੇ ਸਮੇਂ ਦੀ ਮਾਨਸਿਕਤਾ ਬਾਰੇ ਪੰਜਾਬੀ ਦੇ ਨਾਮਵਰ ਸ਼ਾਇਰ ਸੁਰਜੀਤ ਪਾਤਰ ਦਾ ਇੱਕ ਸ਼ਿਅਰ ਵੀ ਕਾਬਲੇ-ਗੌਰ ਹੈ- "ਕੁੰਡਾ ਜਿੰਦਾ ਮਾਰ ਕੇ ਬੂਹਾ ਢੋਇਆ ਸੀ, ਉੱਤੇ ਜੀ ਆਇਆਂ ਨੂੰ ਲਿਖਿਆ ਹੋਇਆ ਸੀ...!"

***

## ਗ਼ੈਰ ਕਾਨੂੰਨੀ ਪਰਵਾਸੀਆਂ ਨੂੰ ਰੋਕਣ ਲਈ

ਬਿਗ ਬੈਂਡ ਖੇਤਰ ਵਿੱਚ ਇਸ ਪ੍ਰੋਜੈਕਟ ਨੂੰ ਜ਼ਮੀਨ ਮਾਲਕਾਂ, ਵਾਤਾਵਰਣ ਪ੍ਰੇਮੀਆਂ, ਕਾਰੋਬਾਰੀਆਂ ਅਤੇ ਕਿਸਾਨਾਂ ਵੱਲੋਂ ਭਾਰੀ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਉਨ੍ਹਾਂ ਦਾ ਤਰਕ ਹੈ ਕਿ ਇਹ ਦੂਰ-ਦੁਰਾਡੇ ਦਾ ਖੇਤਰ ਗ਼ੈਰ-ਕਾਨੂੰਨੀ ਘੁਸਪੈਠ ਲਈ ਵਰਤਿਆ ਨਹੀਂ ਜਾਂਦਾ।'ਨੋ ਬਿਗ ਬੈਂਡ ਵਾਲ ਕੋਲੀਸ਼ਨ' ਵਰਗੇ ਸੰਗਠਨਾਂ ਦੇ ਕਾਰਕੁਨਾਂ ਨੇ ਸਪਸ਼ਟ ਕੀਤਾ ਹੈ ਕਿ ਭਾਵੇਂ ਕੰਧ ਦੇ ਪੈਨਲ ਲਗਾਏ ਜਾ ਰਹੇ ਹਨ ਪਰ ਉਹ ਆਪਣਾ ਵਿਰੋਧ ਅਤੇ ਕਾਨੂੰਨੀ ਲੜਾਈ ਜਾਰੀ ਰੱਖਣਗੇ।

ਇਸ ਤੋਂ ਇਲਾਵਾ ਸਥਾਨਕ ਜ਼ਮੀਨ ਮਾਲਕਾਂ ਅਤੇ ਕਾਰੋਬਾਰੀਆਂ ਨੇ ਇਸ ਪ੍ਰੋਜੈਕਟ ਨੂੰ ਰੋਕਣ ਲਈ ਅਦਾਲਤ ਵਿੱਚ ਕੇਸ ਵੀ ਦਾਇਰ ਕੀਤਾ ਹੈ।ਵਾਤਾਵਰਣ ਪੱਖੀਆਂ ਦਾ ਕਹਿਣਾ ਹੈ ਕਿ ਇਸ ਨਾਲ ਸਥਾਨਕ ਵਾਤਾਵਰਣ ਨੂੰ ਨੁਕਸਾਨ ਪਹੁੰਚੇਗਾ ਜਦੋਂ ਕਿ ਮੂਲ ਅਮਰੀਕੀ ਵਾਸੀਆਂ ਦਾ ਦੋਸ਼ ਹੈ ਕਿ ਨਿਰਮਾਣ ਨਾਲ ਉਨ੍ਹਾਂ ਦੇ ਘਰਾਂ ਨੂੰ ਨੁਕਸਾਨ ਹੋ ਰਿਹਾ ਹੈ। ਵਿਰੋਧ ਦੇ ਚਲਦਿਆਂ ਪ੍ਰਸ਼ਾਸਨ ਨੇ ਬਿਗ ਬੈਂਡ ਨੈਸ਼ਨਲ ਪਾਰਕ ਦੇ ਨੇੜਲੇ ਹਿੱਸੇ ਵਿੱਚ ਨਿਰਮਾਣ ਕਾਰਜ ਨੂੰ ਫਿਲਹਾਲ ਅਸਥਾਈ ਤੌਰ 'ਤੇ ਰੋਕਿਆ ਹੋਇਆ ਹੈ।

****

## 80 ਫ਼ੀਸਦੀ ਬਹੁਗਿਣਤੀ ਵਾਲੇ ਭਾਰਤ 'ਚ ਹਿੰਦੂ ਸਮਾਜ

ਰਾਹੀਂ ਘੁੰਮ ਰਹੀਆਂ ਹਨ, ਜੋ ਦੋਵਾਂ ਪਾਸਿਆਂ ਦਾ ਸਿਰਫ਼ ਜ਼ਹਿਰੀਲਾ ਚਿਹਰਾ ਤੇ ਵਿਚਾਰ ਹੀ ਪਰੋਸ ਰਹੀਆਂ ਹਨ।

### ਪੂਰਨ ਸੱਤਾ ਦੇ ਬਾਵਜੂਦ ਲਗਾਤਾਰ ਖ਼ੌਫ਼ ਦਾ ਮਾਹੌਲ

ਵੱਡਾ ਸਵਾਲ ਇਹ ਹੈ ਕਿ ਇੱਕ ਦਹਾਕੇ ਦੀ ਮਜ਼ਬੂਤ ਹਿੰਦੂਤਵੀ ਸਿਆਸਤ ਤੋਂ ਬਾਅਦ ਹਿੰਦੂ ਸਮਾਜ ਤਕੜਾ ਹੋਇਆ ਹੈ ਜਾਂ ਹੋਰ ਸਹਿਮ ਗਿਆ ਹੈ? ਰਾਮ ਮੰਦਰ ਦੀ ਉਸਾਰੀ, ਧਾਰਾ 370 ਦਾ ਖ਼ਾਤਮਾ, ਪੂਰਨ ਸੱਤਾ, ਫ਼ੌਜ ਅਤੇ ਨਿਰਣਾਇਕ ਵੋਟ ਬੈਂਕ ਹੋਣ ਦੇ ਬਾਵਜੂਦ ਰੋਜ਼ਾਨਾ ਨਵੇਂ ਡਰ ਕਿਉਂ ਖੜ੍ਹੇ ਕੀਤੇ ਜਾ ਰਹੇ ਹਨ? ਕਦੇ 'ਲਵ ਜਿਹਾਦ', 'ਲੈਂਡ ਜਿਹਾਦ' ਅਤੇ ਕਦੇ ਵਕਫ਼ ਜਾਂ ਰੋਹਿੰਗੀਆ ਦੇ ਨਾਂ 'ਤੇ ਬੇਚੈਨੀ ਫੈਲਾਈ ਜਾਂਦੀ ਹੈ।ਇੱਥੋਂ ਤੱਕ ਕਿ ਵਿਦੇਸ਼ਾਂ ਦੀਆਂ ਘਟਨਾਵਾਂ 'ਤੇ ਵੀ ਸੋਸ਼ਲ ਮੀਡੀਆ ਤੇ ਗੋਦੀ ਮੀਡੀਆ ਹਿੰਦੂਆਂ ਦੀ ਹੋਂਦ ਮਿਟਣ ਦਾ ਰੌਲਾ ਪਾਉਣ ਲੱਗ ਪੈਂਦਾ ਹੈ।

### ਭਾਰਤ ਦਾ ਸੱਚ ਬਹੁਰੰਗੀ ਵਿਰਾਸਤ

ਭਾਰਤ ਕਦੇ ਵੀ ਇੱਕੋ ਸੱਭਿਆਚਾਰਕ ਰੰਗਤ ਵਾਲਾ ਦੇਸ਼ ਨਹੀਂ ਰਿਹਾ।ਇੱਥੇ ਹਰ ਭਾਈਚਾਰੇ ਦੀ ਪਰੰਪਰਾ, ਧਰਮ, ਰਹਿਣ-ਸਹਿਣ ਅਤੇ ਖਾਣ-ਪੀਣ ਵੱਖੋ-ਵੱਖਰਾ ਰਿਹਾ ਹੈ; ਇਸ ਦੇ ਬਾਵਜੂਦ ਲੋਕਾਂ ਦੀ ਰੋਜ਼ਾਨਾ ਜ਼ਿੰਦਗੀ ਸਾਂਝੀ ਸੀ।'ਪਿਊ ਰਿਸਰਚ' ਦਾ ਸਰਵੇਖਣ ਦੱਸਦਾ ਹੈ ਕਿ 95 ਫ਼ੀਸਦੀ ਮੁਸਲਮਾਨਾਂ ਨੂੰ ਆਪਣੇ ਭਾਰਤੀ ਹੋਣ 'ਤੇ ਡੂੰਘਾ ਮਾਣ ਹੈ ਅਤੇ 84 ਫ਼ੀਸਦੀ ਲੋਕ ਮੰਨਦੇ ਹਨ ਕਿ ਸਾਰੇ ਧਰਮਾਂ ਦਾ ਸਤਿਕਾਰ ਕਰਨਾ ਹੀ ਸੱਚੇ ਭਾਰਤੀ ਹੋਣ ਦੀ ਪਛਾਣ ਹੈ।ਪਰ ਦੁੱਖ ਦੀ ਗੱਲ ਇਹ ਹੈ ਕਿ ਅੱਜ 66 ਫ਼ੀਸਦੀ ਹਿੰਦੂ ਅਤੇ 64 ਫ਼ੀਸਦੀ ਮੁਸਲਮਾਨ ਇੱਕ-ਦੂਜੇ ਨੂੰ ਆਪਣੇ ਤੋਂ ਬਿਲਕੁਲ ਵੱਖਰਾ ਸਮਝਣ ਲੱਗ ਪਏ ਹਨ। ਸੋਸ਼ਲ ਮੀਡੀਆ ਸਾਡੀ ਇਸ ਸਾਂਝੀ ਵਿਰਾਸਤ ਨੂੰ ਨਿਗਲ ਰਿਹਾ ਹੈ।

ਪ੍ਰਸਿੱਧ ਚਿੰਤਕ ਰਾਮ ਪੁਨਿਆਨੀ ਦਾ ਕਹਿਣਾ ਹੈ ਕਿ ਜਿਸ ਹਿੰਦੂ ਸੱਭਿਅਤਾ ਨੂੰ ਹਜ਼ਾਰ ਸਾਲਾਂ ਦੀਆਂ ਗ਼ੁਲਾਮੀਆਂ ਖ਼ਤਮ ਨਹੀਂ ਕਰ ਸਕੀਆਂ, ਉਸ ਨੂੰ ਅੱਜ ਆਪਣੇ ਹੀ ਦੇਸ਼ ਅੰਦਰ ਕੁਝ ਫ਼ੀਸਦੀ ਮੁਸਲਮਾਨ ਕਿਵੇਂ ਮਿਟਾ ਦੇਣਗੇ? ਸਨਾਤਨ ਹੋਣ ਦਾ ਮਤਲਬ ਕੇਵਲ ਪੁਰਾਤਨ ਹੋਣਾ ਨਹੀਂ, ਸਗੋਂ ਆਪਣੇ ਵਜੂਦ ਉੱਤੇ ਅਟੁੱਟ ਵਿਸ਼ਵਾਸ ਰੱਖਣਾ ਵੀ ਹੈ।ਇਸੇ ਤਰ੍ਹਾਂ ਮੁਸਲਮਾਨ ਭਾਈਚਾਰੇ ਨੂੰ ਵੀ ਇਹ ਸਮਝਣਾ ਪਵੇਗਾ ਕਿ ਮੁਸਲਿਮ ਕੱਟੜਤਾ ਦੀ ਪਹਿਲੀ ਮਾਰ ਆਮ ਮੁਸਲਮਾਨ ਉੱਤੇ ਹੀ ਪੈਂਦੀ ਹੈ। ਜਿੰਨਾ ਮੌਲਵੀ ਭਾਰੂ ਹੋਵੇਗਾ, ਆਮ ਮੁਸਲਿਮ ਨਾਗਰਿਕ ਓਨਾ ਹੀ ਪਛੜ ਜਾਵੇਗਾ। ਮੁਸਲਮਾਨਾਂ ਨੂੰ ਆਪਣਾ ਭਵਿੱਖ ਸ਼ਰੀਅਤ ਜਾਂ ਪਾਕਿਸਤਾਨ-ਅਰਬ ਵੱਲ ਝਾਕਣ ਦੀ ਥਾਂ ਭਾਰਤੀ ਸੰਵਿਧਾਨ, ਆਧੁਨਿਕ ਸਿੱਖਿਆ ਅਤੇ ਦੇਸ਼ ਦੀ ਤਰੱਕੀ ਵਿੱਚ ਤਲਾਸ਼ਣਾ ਪਵੇਗਾ। ਘਬਰਾਹਟ ਅਤੇ ਸਹਿਮ ਦੇ ਮਾਹੌਲ ਵਿੱਚ ਦੋਵੇਂ ਧਿਰਾਂ ਬੌਣੀਆਂ ਹੋ ਜਾਂਦੀਆਂ ਹਨ, ਜਦਕਿ ਸੱਭਿਅਤਾਵਾਂ ਹਮੇਸ਼ਾ ਆਪਸੀ ਭਰੋਸੇ ਅਤੇ ਆਤਮ-ਵਿਸ਼ਵਾਸ ਨਾਲ ਹੀ ਬੁਲੰਦੀਆਂ ਛੂਹਦੀਆਂ ਹਨ।

***

## ਮਿਸ਼ੀਗਨ ਦੇ ਰੋਚੈਸਟਰ ਹਿਲਜ਼ ਗੁਰਦੁਆਰਾ ਸਾਹਿਬ ਵਿਖੇ

ਅਤੇ ਇਸ ਨੂੰ ਅੱਗੇ ਵਧਾ ਰਹੇ ਹਨ।

ਉਨ੍ਹਾਂ ਨੇ ਸਮਾਗਮ ਵਿੱਚ ਭਾਗ ਲੈਣ ਵਾਲੇ ਸਾਰੇ ਬੱਚਿਆਂ, ਉਨ੍ਹਾਂ ਦੇ ਮਾਪਿਆਂ, ਅਧਿਆਪਕਾਂ, ਜੱਜ ਸਾਹਿਬਾਨ, ਸੰਗਤ, ਸੇਵਾਦਾਰਾਂ ਅਤੇ ਪ੍ਰਬੰਧਕਾਂ ਦਾ

ਵਿਸ਼ੇਸ਼ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਸਾਰਿਆਂ ਦੇ ਸਹਿਯੋਗ, ਮਿਹਨਤ ਅਤੇ ਸੇਵਾ ਸਦਕਾ ਹੀ ਇਸ ਦੋ ਦਿਨਾਂ ਸਮਾਗਮ ਦਾ ਸਫਲ ਆਯੋਜਨ ਸੰਭਵ ਹੋ ਸਕਿਆ।ਸੰਗਤ ਵੱਲੋਂ ਵੀ ਬੱਚਿਆਂ ਦੀਆਂ ਪੇਸ਼ਕਾਰੀਆਂ ਅਤੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ ਗਈ। ਸਮਾਗਮ ਦੌਰਾਨ ਬੱਚਿਆਂ ਵਿੱਚ ਗੁਰਬਾਣੀ, ਕੀਰਤਨ ਅਤੇ ਸਿੱਖ ਸੰਗੀਤ ਪ੍ਰਤੀ ਵਿਸ਼ੇਸ਼ ਉਤਸ਼ਾਹ ਦੇਖਣ ਨੂੰ ਮਿਲਿਆ।

ਸਮਾਪਤੀ ਮੌਕੇ ਪ੍ਰਬੰਧਕਾਂ ਵੱਲੋਂ ਸਿੰਮਪੋਜ਼ੀਅਮ ਵਿੱਚ ਭਾਗ ਲੈਣ ਵਾਲੇ ਬੱਚਿਆਂ ਅਤੇ ਨੌਜਵਾਨਾਂ ਨੂੰ ਮੈਡਲ ਅਤੇ ਹੋਰ ਪੁਰਸਕਾਰਾਂ ਨਾਲ ਸਨਮਾਨਿਤ ਕੀਤਾ ਗਿਆ।ਦੋਵੇਂ ਦਿਨ ਸੰਗਤ ਲਈ ਗੁਰੂ ਕੇ ਲੰਗਰ ਦੀ ਸੇਵਾ ਵੀ ਕੀਤੀ ਗਈ।

***

## ਅਸਲੇ ਦੀ ਕਮੀ ਨਾਲ ਜੂਝ ਰਹੀ ਅਮਰੀਕੀ ਫ਼ੌਜ

ਤਾਂ ਉਹ 'ਫ਼ੈਸਲਾਕੁੰਨ ਜੰਗ' ਲਈ ਪੂਰੀ ਤਰ੍ਹਾਂ ਤਿਆਰ ਹੈ।ਖ਼ਾਸ ਗੱਲ ਇਹ ਹੈ ਕਿ ਈਰਾਨ ਨੇ ਅਮਰੀਕੀ ਫ਼ੌਜੀ ਟਿਕਾਣਿਆਂ ਦੇ ਨਾਲ-ਨਾਲ ਖੇਤਰ ਵਿੱਚ ਮੌਜੂਦ ਅਮਰੀਕੀ ਕਾਰੋਬਾਰਾਂ ਅਤੇ ਕੰਪਨੀਆਂ ਨੂੰ ਵੀ ਨਿਸ਼ਾਨਾ ਬਣਾਉਣ ਦਾ ਸੰਕੇਤ ਦਿੱਤਾ ਹੈ।

ਵਿਸ਼ਵ ਮਾਹਿਰਾਂ ਦਾ ਕਹਿਣਾ ਹੈ ਕਿ ਜੰਗਾਂ ਸਿਰਫ਼ ਵੱਡੇ ਬੋਲਾਂ ਜਾਂ ਧਮਕੀਆਂ ਨਾਲ ਨਹੀਂ ਜਿੱਤੀਆਂ ਜਾਂਦੀਆਂ।ਮੈਦਾਨ ਵਿੱਚ ਲੜਨ ਲਈ ਲਗਾਤਾਰ ਹਥਿਆਰ ਅਤੇ ਪੈਸਾ ਚਾਹੀਦਾ ਹੁੰਦਾ ਹੈ।ਅਮਰੀਕਾ ਲਈ ਹੁਣ ਇਹ ਜੰਗ 'ਗਲ ਪਿਆ ਢੋਲ ਵਜਾਉਣਾ' ਬਣ ਚੁੱਕੀ ਹੈ, ਜਿਸ ਨੂੰ ਨਾ ਤਾਂ ਉਹ ਛੱਡ ਸਕਦਾ ਹੈ ਅਤੇ ਨਾ ਹੀ ਅੱਗੇ ਵਧਾਉਣਾ ਸੌਖਾ ਰਿਹਾ ਹੈ।ਲੜਾਈ ਲੰਮੀ ਹੋਣ ਕਰਕੇ ਅਮਰੀਕਾ ਦਾ ਅਰਬਾਂ ਰੁਪਿਆ ਪਾਣੀ ਵਾਂਗ ਵਹਿ ਗਿਆ ਹੈ ਅਤੇ ਉਸ ਦਾ ਅਸਲਾ ਵੀ ਮੁੱਕਣ ਕੰਢੇ ਆ ਗਿਆ ਹੈ।ਜੇ ਅਮਰੀਕਾ ਨੇ ਹੁਣ ਵੀ ਆਪਣੀ ਜ਼ਿੱਦ ਨਾ ਛੱਡੀ ਅਤੇ ਗੱਲਬਾਤ ਦਾ ਰਾਹ ਨਾ ਚੁਣਿਆ, ਤਾਂ ਦੁਨੀਆ ਵਿੱਚ ਉਸ ਦੀ ਥਾਣੇਦਾਰੀ ਅਤੇ ਵਾਜੂਦ ਦੋਵੇਂ ਖ਼ਤਰੇ ਵਿੱਚ ਪੈ ਜਾਣਗੇ।ਜੇਕਰ ਇਹ ਗੱਲਬਾਤ ਸਿਰੇ ਨਹੀਂ ਚੜ੍ਹਦੀ, ਤਾਂ ਇਸ ਦਾ ਅਸਰ ਸਿਰਫ਼ ਦੋ ਦੇਸ਼ਾਂ ਤੱਕ ਸੀਮਤ ਨਹੀਂ ਰਹੇਗਾ।ਕੱਚੇ ਤੇਲ ਦੀਆਂ ਕੀਮਤਾਂ, ਵਿਸ਼ਵ ਵਪਾਰ ਅਤੇ ਖ਼ਾਸ ਕਰਕੇ ਭਾਰਤ ਵਰਗੇ ਤੇਲ ਆਯਾਤਕ ਦੇਸ਼ਾਂ ਦੀ ਆਰਥਿਕਤਾ 'ਤੇ ਇਸ ਦਾ ਵੱਡਾ ਮਾੜਾ ਅਸਰ ਪੈ ਸਕਦਾ ਹੈ।ਅਜਿਹੇ ਨਾਜ਼ੁਕ ਸਮੇਂ ਵਿੱਚ ਅੜੀਅਲ ਰਵੱਈਆ ਛੱਡ ਕੇ ਵਿਚੋਲਿਆਂ ਰਾਹੀਂ ਸ਼ਾਂਤੀ ਦਾ ਰਾਹ ਲੱਭਣਾ ਹੀ ਦੁਨੀਆ ਦੇ ਹਿੱਤ ਵਿੱਚ ਹੋਵੇਗਾ।

ਹੋਕਾ RAISING VOICE FOR TRUTH TV

# HOKA TV
## (ਹੋਕਾ ਟੀ.ਵੀ.)

## ਦਸਤਾਵੇਜ਼ੀ ਫ਼ਿਲਮਾਂ ਨੂੰ ਸਮਰਪਿਤ
## ਪੰਜਾਬ ਦਾ ਪਹਿਲਾ OTT ਪਲੇਟਫਾਰਮ

ਜਿੱਥੇ ਤੁਸੀਂ ਦੇਖ ਸਕਦੇ ਹੋ, ਪੰਜਾਬ ਦੇ ਸੱਭਿਆਚਾਰ, ਧਰਮ, ਵਿਰਸੇ, ਇਤਿਹਾਸ ਅਤੇ ਪੰਜਾਬ ਦੇ ਹੱਕਾਂ ਦੀ ਚੱਲ ਰਹੀ ਲੜਾਈ ਦੇ ਨਾਲ ਸਬੰਧਿਤ ਦਸਤਾਵੇਜ਼ੀ ਫ਼ਿਲਮਾਂ ਤੇ ਖ਼ਤਰੇ ਸਹੇੜ ਕੇ ਬਣਾਈਆਂ ਗਈਆਂ ਉਹ ਦਸਤਾਵੇਜ਼ੀ ਫ਼ਿਲਮਾਂ ਜੋ ਪੰਜਾਬ ਵਿੱਚ ਹੋ ਰਹੇ ਨਾਜਾਇਜ਼ ਧੰਦਿਆਂ ਤੋਂ ਪਰਦੇ ਚੁੱਕਦੀਆਂ ਹਨ। ਉਹ ਫ਼ਿਲਮਾਂ ਜੋ ਸਰਕਾਰੀ ਅਦਾਰਿਆਂ ਦੀ ਕਾਰਗੁਜ਼ਾਰੀ ਦੀ ਛਾਣਬੀਣ ਕਰਦੀਆਂ ਹਨ ਤੇ ਨਾਲ ਦੀ ਨਾਲ ਉਹ ਫ਼ਿਲਮਾਂ ਜੋ ਲੋਕਾਂ, ਸੰਸਥਾਵਾਂ ਦੁਆਰਾ ਕੀਤੇ ਗਏ ਸ਼ਲਾਘਾਯੋਗ ਕੰਮਾਂ ਤੇ ਰੌਸ਼ਨੀ ਵੀ ਪਾਉਂਦੀਆਂ ਹਨ ਤੇ ਇੱਕ ਨਵੇਂ ਪੰਜਾਬ ਲਈ ਉਮੀਦ ਵੀ ਦਿਖਾਉਂਦੀਆਂ ਹਨ।

ਹੋਕਾ RAISING VOICE FOR TRUTH TV

**ਮੁ਼ਫਤ ਉਪਲੱਬਧ ਹੈ**

Download on the App Store

GET IT ON Google Play

ਹੋਰ ਜਾਣਕਾਰੀ ਲਈ ਵੇਖੋ

**https://hokatv.com/guest/home**